# ਦੇਸ਼ ਦੁਆਬਾ

VOL - 3 ISSUE - 11
August 28, 2014
Postal Address
5101 Doe Hollow Pl, Antelope, CA-95843
www.deshdoaba.com
www.ambedkartimes.com




ਪੀ ਸੀ ਐਸ ਸੈਕਰਾਮੈਂਟੋ ਦੀਆਂ ਤੀਆਂ ਨੇ ਪੰਜਾਬ ਦੇ ਸਭਿਆਚਾਰ ਦੀ ਹੋਂਦ ਬਰਕਰਾਰ ਰੱਖੀ
ਰਿਪੋਰਟ ਦੇਖੋ ਸਫਾ 10 ਤੇ 11 ਤੇ)


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ






ਡਾ: ਅੰਬੇਦਕਰ ਜੀ ਦੀ ਤਸਵੀਰ ਭਾਰਤੀ ਕੌਂਸਲੇਟ ਜਨਰਲ ਆਫਿਸ ਵਿਚ ਲਗਾਈ ਗਈ। (ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 12 ਤੇ)
Picture: Prem K. Chumber
www.ambedkartimes.com

# ਦਾਗ਼ੀ ਲੀਡਰਾਂ ਨੂੰ ਨਹੀਂ ਮਿਲੇਗਾ ਮੰਤਰੀ ਦਾ ਅਹੁਦਾ

## ਸੁਪਰੀਮ ਕੋਰਟ ਦਾ ਇਤਿਹਾਸਕ ਫੈਸਲਾ



**ਨਵੀਂ ਦਿੱਲੀ–** ਦਾਗ਼ੀ ਵਿਅਕਤੀਆਂ ਨੂੰ ਮੰਤਰੀ ਬਣਨ ਦੇ ਅਯੋਗ ਕਰਾਰ ਦੇਣ ਦੇ ਲਫ਼ਜ਼ਾਂ ਦੀ ਵਰਤੋਂ ਤੋਂ ਗੁਰੇਜ਼ ਕਰਦਿਆਂ, ਸੁਪਰੀਮ ਕੋਰਟ ਨੇ ਅੱਜ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀਆਂ ਨੂੰ ਪੁਰਜ਼ੋਰ ਨਸੀਹਤ ਕੀਤੀ ਹੈ ਕਿ ਉਹ ਅਜਿਹੇ ਵਿਅਕਤੀਆਂ ਨੂੰ ਆਪਣੇ ਮੰਤਰੀ ਮੰਡਲ ਵਿੱਚ ਸ਼ਾਮਲ ਨਾ ਕਰਨ, ਜਿਨ੍ਹਾਂ ਖ਼ਿਲਾਫ਼ ਫ਼ੌਜਦਾਰੀ ਅਤੇ ਭ੍ਰਿਸ਼ਟਾਚਾਰ ਦੇ ਕੇਸ ਦਾਇਰ ਹੋਣ। ਪ੍ਰਧਾਨ ਮੰਤਰੀ ਨੂੰ ਦੇਸ਼ ਦੇ ਸੰਵਿਧਾਨਕ ਭਰੋਸੇ ਦਾ ਜ਼ਖੀਰਾ ਕਰਾਰ ਦਿੰਦਿਆਂ, ਚੀਫ ਜਸਟਿਸ ਆਰ.ਐਸ. ਲੋਧਾ ਦੀ ਅਗਵਾਈ ਹੇਠ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਉਮੀਦ ਜਾਹਰ ਕੀਤੀ ਕਿ ਉਹ ਕੌਮੀ ਹਿੱਤ ਵਿੱਚ ਆਪਣੇ ਮੰਤਰੀ ਮੰਡਲ ਵਿੱਚ ਦਾਗੀਆਂ ਨੂੰ ਸ਼ਾਮਲ ਨਹੀਂ ਕਰਨਗੇ। ਉਂਜ, ਸੁਪਰੀਮ ਕੋਰਟ ਨੇ ਇਹ ਕੰਮ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀਆਂ ਦੀ ਸਮਝ 'ਤੇ ਛੱਡ ਦਿੱਤਾ ਕਿ ਅਜਿਹੇ ਵਿਅਕਤੀਆਂ ਦੇ ਨਾਂ ਰਾਸ਼ਟਰਪਤੀ ਅਤੇ ਰਾਜਪਾਲਾਂ ਨੂੰ ਨਾ ਭੇਜੇ ਜਾਣ। ਬੈਂਚ ਨੇ ਰਾਏ ਜ਼ਾਹਰ ਕੀਤੀ ਕਿ ਦੇਸ ਵਾਸੀਆਂ ਨੇ ਚੰਗੇ ਸ਼ਾਸਨ ਲਈ ਉਨ੍ਹਾਂ 'ਤੇ ਭਰੋਸਾ ਪ੍ਰਗਟ ਕੀਤਾ ਹੈ। ਬੈਂਚ ਨੇ ਆਪਣੇ ਫੈਸਲੇ 'ਚ ਆਖਿਆ ਇਸ ਤਰ੍ਹਾਂ, ਧਾਰਾ 75 (1) (ਪ੍ਰਧਾਨ ਮੰਤਰੀ ਅਤੇ ਮੰਤਰੀਆਂ ਦੀ ਨਿਯੁਕਤੀ) ਦੀ ਵਿਆਖਿਆ ਕਰਦਿਆਂ ਇਸ ਵਿੱਚ ਆਯੋਗਤਾ ਦੀ ਮੱਦ ਨਹੀਂ ਜੋੜੀ ਜਾ ਸਕਦੀ। ਉਂਜ, ਵਾਜਬੀ ਤੌਰ 'ਤੇ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਮੰਤਰੀ ਮੰਡਲ ਵਿੱਚ ਕਿਸੇ ਮੰਤਰੀ ਦੀ ਭੂਮਿਕਾ ਵੱਲ ਧਿਆਨ ਦਿੱਤਾ ਜਾਵੇ ਅਤੇ ਪ੍ਰਧਾਨ ਮੰਤਰੀ ਵੱਲੋਂ ਚੁੱਕੀ ਗਈ ਸਹੁੰ ਦੀ ਮਰਿਆਦਾ ਦੇ ਮੱਦੇਨਜ਼ਰ ਉਹ ਆਪਣੇ 'ਤੇ ਪ੍ਰਗਟਾਏ ਭਰੋਸੇ 'ਤੇ ਖਰੇ ਉਤਰਦੇ ਹੋਏ ਅਜਿਹੇ ਦਾਗੀ ਪਿਛੋਕੜ ਵਾਲੇ ਕਿਸੇ ਵਿਅਕਤੀ ਦੀ ਮੰਤਰੀ ਲਈ ਚੋਣ ਨਾ ਕਰਨ, ਜਿਸ ਦੇ ਖ਼ਿਲਾਫ਼ ਕੋਈ ਗੰਭੀਰ ਅਪਰਾਧ ਜਾਂ ਭ੍ਰਿਸ਼ਟਾਚਾਰ ਦੇ ਦੋਸ਼ ਆਇਦ ਕੀਤੇ ਹੋਣ।'' ''ਸੰਵਿਧਾਨ ਵੀ ਇਹੋ ਭਾਵ ਹੈ ਅਤੇ ਪ੍ਰਧਾਨ ਮੰਤਰੀ ਤੋਂ ਸੰਵਿਧਾਨਕ ਤਵੱਜੋ ਵੀ ਇਹੋ ਹੈ।

ਬਾਕੀ ਪ੍ਰਧਾਨ ਮੰਤਰੀ ਦੀ ਸਮਝ 'ਤੇ ਛੱਡਣਾ ਪਵੇਗਾ। ਅਸੀਂ ਇਸ ਤੋਂ ਵੱਧ ਜਾਂ ਇਸ ਤੋਂ ਘੱਟ ਹੋਰ ਕੁਝ ਨਹੀਂ ਆਖਾਂਗੇ।'' ਬੈਂਚ ਨੇ ਕਿਹਾ ਕਿ ਇਹ ਮੁੱਖ ਮੰਤਰੀ 'ਤੇ ਵੀ ਪੂਰੀ ਤਰ੍ਹਾਂ ਲਾਗੂ ਹੁੰਦਾ ਹੈ। 123 ਸਫਿਆਂ ਦੇ ਆਪਣੇ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਆਖਿਆ ਕਿ ਉਹ ਅਯੋਗ ਕਰਾਰ ਦੇਣ ਬਾਰੇ ਕੋਈ ਹਦਾਇਤ ਜਾਰੀ ਨਹੀਂ ਕਰ ਸਕਦੀ ਕਿਉਂਕਿ ਇਸ ਤਰ੍ਹਾਂ ਹੱਦਾਂ ਦੀ ਉਲੰਘਣਾ ਹੋਵੇਗੀ। ਲੋਕਾਂ ਵੱਲੋਂ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀਆਂ 'ਤੇ ਭਰੋਸਾ ਪ੍ਰਗਟਾ ਕੇ ਚੰਗੇ ਸ਼ਾਸਨ ਦੀ ਉਮੀਦ ਕੀਤੀ ਜਾਂਦੀ ਹੈ।

# ਦਲਿਤ ਨੌਜਵਾਨ ਨੂੰ ਪਿੰਜਰੇ 'ਚ ਬੰਦ ਕਰਨ ਦੀ ਘਟਨਾ ਦੀ ਨਿੰਦਾ

## ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ

**ਫਗਵਾੜਾ, (ਬੀ ਕੇ ਰੱਤੂ)–** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਸ. ਪ੍ਰਕਾਸ਼ ਸਿੰਘ ਜੰਡਾਲੀ ਨੇ ਦਲਿਤ ਨੌਜਵਾਨ ਨੂੰ ਦੋ ਜਮੀਂਦਾਰ ਭਰਾਵਾਂ ਵਲੋਂ ਪਿੰਜਰੇ ਵਿਚ ਬੰਦ ਕਰਕੇ ਰੱਖਣ ਦੀ ਅਣਮਨੁੱਖੀ ਘਟਨਾ ਦੀ ਨਿੰਦਾ ਕੀਤੀ ਹੈ।

ਤਰਨਤਾਰਨ ਜਿਲ੍ਹੇ ਦੇ ਪਿੰਡ ਬਘਿਆੜੀ ਦੇ ਸਾਹਿਬ ਸਿੰਘ ਨੇ ਆਪਣੇ ਪਿੰਡ ਦੇ ਹੀ ਦੋ ਜਮੀਂਦਾਰਾਂ 'ਤੇ ਇਹ ਦੋਸ਼ ਲਗਾਏ ਕਿ ਉਨ੍ਹਾਂ ਦੇ ਉਧਾਰੇ ਪੈਸੇ ਨਾ ਦੇਣ 'ਤੇ ਇਨ੍ਹਾਂ ਲੋਕਾਂ ਨੇ ਉਸਨੂੰ 24 ਅਗਸਤ ਨੂੰ ਕੁੱਤੇ ਵਾਲੇ ਪਿੰਜਰੇ ਵਿਚ ਕੈਦ ਕਰ ਦਿੱਤਾ ਤੇ ਉਸਦੀ ਪਿੰਜਰੇ ਵਿਚ ਫੋਟੋ ਖਿੱਚ ਕੇ ਨੈਟ 'ਤੇ ਵੀ ਪਾ ਦਿੱਤੀ।

ਸ. ਜੰਡਾਲੀ ਨੇ ਕਿਹਾ ਕਿ ਕਿਸੀ ਵੀ ਵਿਅਕਤੀ ਨੂੰ ਕਾਨੂੰਨ ਆਪਣੇ ਹੱਥ ਵਿਚ ਲੈਣ ਦਾ ਕੋਈ ਹੱਕ ਨਹੀਂ ਹੈ ਤੇ ਜਿਨ੍ਹਾਂ ਵੀ ਲੋਕਾਂ ਨੇ ਦਲਿਤ ਨੌਜਵਾਨ ਨਾਲ ਅਣਮਨੁੱਖੀ ਵਰਤਾਅ ਕੀਤਾ ਹੈ ਤੇ ਉਸਦੇ ਮਾਣ ਮਨਮਾਨ ਨੂੰ ਠੇਸ ਪਹੁੰਚਾਈ ਹੈ, ਉਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਸ. ਜੰਡਾਲੀ ਨੇ ਅੰਮ੍ਰਿਤਸਰ ਵਿਚ ਵਾਪਰੀ ਉਸ ਘਟਨਾ ਦੀ ਨਿੰਦਾ ਕੀਤੀ ਜਿਸ ਵਿਚ ਐਸਐਚਓ ਨੇ ਗਨਮੈਨਾਂ ਦੇ ਨਾਲ ਰਲ ਕੇ ਆਪਣੇ ਇਕ ਹੈਡਕਾਂਸਟੇਬਲ ਦਿਲਬਾਗ ਸਿੰਘ ਦੇ ਨਾਲ ਸਿਰਫ ਇਸ ਕਰਕੇ ਹੀ ਬੁਰੀ ਤਰ੍ਹਾਂ ਦੇ ਨਾਲ ਕੁੱਟਮਾਰ ਕੀਤੀ ਕਿਉਂਕਿ ਉਸ ਹੈਡ ਕਾਂਸਟੇਬਲ ਨੇ ਇਕ ਧਾਰਮਿਕ ਪ੍ਰੋਗਰਾਮ ਸਬੰਧੀ ਛਪਵਾਏ ਪੋਸਟਰਾਂ ਵਿਚ ਇਕ ਸਥਾਨਕ ਅਕਾਲੀ ਕੌਂਸਲਰ ਦੀ ਫੋਟੋ ਨਹੀਂ ਲਗਾਈ ਸੀ।

ਸ. ਜੰਡਾਲੀ ਨੇ ਕਿਹਾ ਕਿ ਅਕਾਲੀ ਭਾਜਪਾ ਦੇ ਰਾਜ ਵਿਚ ਪੁਲਿਸ ਦਾ ਪੂਰੀ ਤਰ੍ਹਾਂ ਦੇ ਨਾਲ ਰਾਜਨੀਤੀਕਰਨ ਹੋ ਚੁੱਕਾ ਹੈ ਤੇ ਸੱਤ੍ਹਾਧਾਰੀ ਲੋਕਾਂ ਦੀ ਸ਼ਹਿ 'ਤੇ ਕਮਜੋਰ ਵਰਗਾਂ ਨਾਲ ਲਗਾਤਾਰ ਅਤਿਆਚਾਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਘਟਨਾਵਾਂ ਤੋਂ ਪਹਿਲਾਂ ਸੰਗਰੂਰ, ਫਰੀਦਕੋਟ ਤੇ ਹੋਰ ਜਿਲ੍ਹਿਆਂ ਵਿਚ ਵੀ ਦੱਬੇ ਕੁਚਲੇ ਵਰਗਾਂ ਦੇ ਲੋਕਾਂ 'ਤੇ ਅਤਿਆਚਾਰ ਦੀਆਂ ਘਟਨਾਵਾਂ ਸਾਹਮਣੇ ਆਈਆਂ ਸਨ। ਪਰ ਸਰਕਾਰ ਪੀੜਤ ਲੋਕਾਂ ਦੀ ਕੋਈ ਸੁਣਵਾਈ ਕਰਨ ਲਈ ਤਿਆਰ ਨਹੀਂ ਹੈ।

ਸ. ਜੰਡਾਲੀ ਨੇ ਕਿਹਾ ਕਿ ਬਸਪਾ ਪੀੜਤ ਧਿਰਾਂ ਨਾਲ ਹਮੇਸ਼ਾ ਖੜੀ ਹੈ ਤੇ ਉਨ੍ਹਾਂ ਲਈ ਲਗਾਤਾਰ ਸੰਘਰਸ਼ ਕਰਦੀ ਰਹੇਗੀ।

ਇਸ ਮੌਕੇ 'ਤੇ ਉਨ੍ਹਾਂ ਨਾਲ ਮੀਡੀਆ ਇੰਚਾਰਜ ਬਲਵਿੰਦਰ ਕੁਮਾਰ ਤੇ ਪ੍ਰਵੀਨ ਬੰਗਾ ਮੌਜੂਦ ਸਨ।

# ਯੂਬਾ ਸਿਟੀ ਦੇ ਪੰਜਾਬੀ ਭਾਈਚਾਰੇ 'ਚ ਸ਼ੋਕ ਦੀ ਲਹਿਰ- ਦੁਰਘਟਨਾ ਵਿਚ ਦੋ ਪੁਰਸ਼ ਅਤੇ ਦੋ ਔਰਤਾਂ ਦੀ ਮੌਤ

**ਯੂਬਾ ਸਿਟੀ (ਡੀ. ਡੀ. ਬੀ.)** ਬੀਤੇ ਸ਼ਨਿਚਰਵਾਰ 23 ਅਗਸਤ ਦੀ ਦੁਪਹਿਰ ਜਦੋਂ ਪੰਜਾਬੀ ਭਾਈਚਾਰੇ ਦੇ ਪੰਜ ਵਿਅਕਤੀ ਜਿਹਨਾਂ ਵਿਚ ਦੋ ਪੁਰਸ਼ ਅਤੇ ਤਿੰਨ ਔਰਤਾਂ ਸਵਾਰ ਸਨ, ਕੰਮ ਤੋਂ ਵਾਪਸ ਘਰ ਯੂਬਾ ਸਿਟੀ ਆ ਰਹੇ ਸਨ ਤਾਂ ਹਾਈਵੇ 20 ਕਲੂਸਾ ਤੇ ਇਹਨਾਂ ਦੀ ਕਾਰ ਹਾਈਵੇ 20 ਨਾਲ ਲੱਗਦੀ ਕੈਨਾਲ ਦੇ ਡੂੰਘੇ ਪਾਣੀ 'ਚ ਡਿੱਗਣ ਕਾਰਨ ਦੋ ਪੁਰਸ਼ ਅਤੇ ਦੋ ਔਰਤਾਂ ਦੀ ਮੌਕੇ ਤੇ ਮੌਤ ਹੋਣ ਦਾ ਸਮਾਚਾਰ ਮਿਲਿਆ ਹੈ ਅਤੇ ਇਹਨਾਂ ਵਿਚੋਂ ਇਕ ਔਰਤ ਸੁਮਨ ਬਾਲਾ ਦੇ ਕੁਝ ਸੱਟਾਂ ਲੱਗੀਆਂ। ਮਰਨ ਵਾਲਿਆਂ ਵਿਚ ਇਕ ਔਰਤ ਦਾ ਨਾਂ ਸੀਸੋ ਰੱਤੂ ਦੱਸਿਆ ਜਾਂਦਾ ਹੈ।

ਇਸ ਦੁਰਘਟਨਾ ਦੀ ਖਬਰ ਮਿਲਦੇ ਹੀ ਪਤਾ ਲੱਗਿਆ ਕਿ ਮਰਨ ਵਾਲਿਆਂ ਵਿਚ ਇਕ ਸੀਸੋ ਰੱਤੂ ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੀਫੋਰਨੀਆ) ਦੇ ਸਾਬਕਾ ਪ੍ਰਧਾਨ ਸ੍ਰੀ ਬੰਸੀ ਲਾਲ ਬੰਗੜ ਦੀ ਸਕੀ ਭੈਣ ਹੈ ਅਤੇ ਇਕੋ ਇਕ ਬਚ ਜਾਣ ਵਾਲੀ ਬੀਬੀ ਸੁਮਨ ਬਾਲਾ ਸ੍ਰੀ ਬੰਗੜ ਦੀ ਸਕੀ ਭਰਜਾਈ ਹੈ। ਇਸ ਕਾਰ ਵਿਚ ਚਾਰੇ ਮਾਰੇ ਗਏ ਲੋਕ ਪੰਜਾਬੀ ਮੂਲ ਦੇ ਸਨ। ਇਹਨਾਂ ਵਿਚੋਂ 63 ਸਾਲਾ ਦਰਬਾਰਾ ਸਿੰਘ, 63 ਸਾਲਾ ਜੋਗਿੰਦਰ ਰਾਮ, ਦੋ ਔਰਤਾਂ 52 ਸਾਲਾ ਜਸਬੀਰ ਕੌਰ ਅਤੇ 63 ਸਾਲਾ ਸਿਸੋ ਰੱਤੂ ਮਾਰੀਆਂ ਗਈਆਂ ਹਨ। ''ਦੇਸ਼ ਦੁਆਬਾ'' ਮਰਨ ਵਾਲਿਆਂ ਦੇ ਸਮੂਹ ਪਰਿਵਾਰਾਂ ਨਾਲ ਇਸ ਦੁੱਖ ਦੀ ਘੜੀ ਵਿਚ ਗਹਿਰਾ ਦੁੱਖ ਪ੍ਰਗਟ ਕਰਦਾ ਹੈ।


Prime Real Estate Services
Kulwinder Singh Realtor
Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465 Email: Kelvindjhamat@yahoo.com
679 N. Palora Ave. #C Yuba City, CA 95991



HAPPY TRAVELS AGENCY
Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fijji, Uk, Europe and All Over The World
Email: happytravelsusa@yahoo.com
PHONE: 209-594-8473
E-FAX: 877-623-6177
Harjit (Happy) Agency Owner HappyTravels Agency
1743 GRAND CANAL BLVD 12 STOCKTON, CA 95207



Mikasa HOMES & FUNDING
Rakesh Chander
Mikasa Homes & Funding
1601 S. De Anza Blvd, Suite 118
Cupertino, CA 95014
Rakesh Chander Realtor
Cell: (916) 698-3808
Fax: (916) 725-5812
Mikasa Homes & Funding
DRE Lic.: 01866732
Email: mchander@comcast.net, Web: www.mikasafunding.com




MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434





SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539




NOW OPEN
TAJ
THE TAJ
FINE INDIAN CUISINE, BAR & CATERING
1400 Whyler Rd. Yuba City, CA 95993
$5.99 BUFFET EVERYDAY
LUNCH TIMEBUFFET, DINE-IN, CARRY OUT CATERING SPECIALIST SWEETS & MORE....
11:00 AM to 3:00 PM
530-821-0121
Party Hall Available
Catering Specialist
ACROSS THE PARKING LOT FROM CINEMARK
* WITH A PURCHASE OF A SOFT DRINK, coupon valid until 08/31/2014. One coupon per person. Must Bring in the coupon.
Dine-In & Carry Out


AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price
Prop: Jasbir Singh Takhar
510-755-2132
Free Estimates
Free Towing
Harmandeep Singh
510- 733- 2222
1421 Industrial PKWY West#F Hayward, CA 94544


Healing all kinds of sickness and all kinds of diseases among the people." (Matthew 4:23)
Miracle & Healing Crusade
Saturday Sep. 20th 2014
5:30 pm to 9:00 pm @
Sansar Indian Cuisine
430 w.Grant Rd.Tracy CA. 95376
Dinner will be serve after service
GOSPEL MUSIC BY CHANDAN SINGH
Message by Pastor Balbir Shubhkaram
This program sponsored by Razak john &Monika john
For more info call Bro.Razak John 510-427-3800 , Sister Ranjit kaur209-640-0900,Sister Monika John 209-351-3869, Chandan Singh 209-242-3642
PosterMyWall.com

# ਭਾਈ ਮਰਦਾਨਾ ਜੀ ਦੀ ਨਿੱਘੀ ਯਾਦ ਗੁਰੂ ਰਵਿਦਾਸ ਗੁਰੂ ਘਰ ਵਿਖੇ ਮਨਾਈ












ਨਿਊਯਾਰਕ- ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਗੁਰੂ ਨਾਨਕ ਦੇ ਸਾਥੀ ਭਾਈ ਮਰਦਾਨਾ ਜੀ ਦੀ ਨਿੱਘੀ ਯਾਦ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਨਿਊਯਾਰਕ ਵਿਖੇ 15 ਤੋਂ 17 ਅਗਸਤ ਤੱਕ ਮਨਾਈ ਗਈ, ਜਿਸ ਵਿਚ ਭਾਈ ਅਮਰੀਕਾ ਸਿੰਘ ਮਰਦਾ-ਪੁਰ ਵਾਲੇ, ਭਾਈ ਅਜੀਤ ਸਿੰਘ, ਭਾਈ ਤਰਲੋਕ ਸਿੰਘ ਪਾਉਂਟਾ ਸਾਹਿਬ ਵਾਲੇ ਕੀਰਤਨੀਏ ਤੇ ਭਾਈ ਅਮਰਜੀਤ ਸਿੰਘ ਚੰਡੀਗੜ੍ਹ ਵਾਲਿਆਂ ਨੇ ਗੁਰਬਾਣੀ ਕੀਰਤਨ ਅਤੇ ਕਥਾ ਨਾਲ ਭਾਈ ਮਰਦਾਨਾ ਜੀ ਦੇ ਜੀਵਨ ਉਪਦੇਸ਼ ਤੇ ਚਾਨਣਾ ਪਾਇਆ। ਬੁਲਾਰਿਆਂ ਵਿਚ ਸ. ਹਰਬਖਸ਼ ਸਿੰਘ ਟਾਹਲੀ ਐਡੀਟਰ ਸ਼ਾਨੇ ਪੰਜਾਬ, ਗੁਲਸ਼ਨ ਢੀਂਗਰਾ ਇੰਗਲੈਂਡ ਤੋਂ, ਗਿਆਨੀ ਹਰਬਲਾਸ ਸਿੰਘ ਕੈਲੇਫੋਰਨੀਆ, ਸ. ਇੰਦਰਜੀਤ ਸਿੰਘ ਰਾਣਾ ਸਿੱਖ ਮਿਸ਼ਨਰੀ ਕਾਲਜ ਨੇ ਭਾਈ ਮਰਦਾਨਾ ਜੀ ਦੇ ਜੀਵਨ ਉਪਦੇਸ਼ ਤੇ ਸਾਂਝ ਪਾਉਂਦਿਆਂ ਜਿੱਥੇ ਪ੍ਰਬੰਧਕਾਂ ਅਤੇ ਸੰਗਤਾਂ ਨੂੰ ਇਹ ਮਹਾਨ ਦਿਨ ਮਨਾਉਣ ਤੇ ਵਧਾਈ ਦਿੱਤੀ, ਉਥੇ ਸਿੱਖ ਕੌਮ ਬਹੁਤੀ ਜਿਹੜੀ ਇਹੋ ਜਿਹੀਆਂ ਸ਼ਖ਼ਸੀਅਤਾਂ ਨੂੰ ਵਿਸਾਰ ਚੁੱਕੀ ਹੈ, ਉਸ ਤੇ ਚਿੰਤਾ ਦਾ ਪ੍ਰਗਟਾਵਾ ਵੀ ਕੀਤਾ।

ਨਿਊਯਾਰਕ ਸਿਟੀ ਦੇ ਸਾਬਕਾ ਕੰਟਰੋਲਰ ਅਤੇ ਸਟੇਟ ਸੈਨੇਟਰ ਦੀ ਇਲੈਕਸ਼ਨ ਲੜ ਰਹੇ ਮਿਸਟਰ ਜੌਨ ਨੇ ਵੀ ਵਿਸ਼ੇਸ਼ ਹਾਜ਼ਰੀ ਲਗਵਾਈ। ਗੁਰੂ ਘਰ ਦੇ ਮੁੱਖ ਸੇਵਾਦਾਰ ਸ. ਨਿਰਮਲ ਸਿੰਘ ਨੇ ਸੰਗਤਾਂ ਤੇ ਆਏ ਹੋਏ ਮਹਿਮਾਨਾਂ ਦਾ ਧੰਨ-ਵਾਦ ਕਰਦਿਆਂ ਜਾਣਕਾਰੀ ਦਿੱਤੀ ਕਿ ਸ੍ਰੀ ਗੁਰੂ ਰਵਿਦਾਸ ਸਭਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਅਤੇ ਇਸ ਤੋਂ ਆਪਾ ਵਾਰਨ ਵਾਲਿਆਂ ਦੇ ਦਿਨ ਸ਼ਰਧਾ ਨਾਲ ਗੁਰੂ ਘਰ ਮਨਾਉਂਦੀ ਹੈ। ਕਮੇਟੀ ਦੇ ਹੋਂਦ ਵਿਚ ਆਉਣ ਤੋਂ ਬਾਅਦ ਸੰਗਤ ਦੇ ਸਹਿਯੋਗ ਨਾਲ ਮਨੁੱਖਤਾ ਦੀ ਭਲਾਈ ਲਈ ਵਿਸ਼ੇਸ਼ ਪ੍ਰੋਗਰਾਮ ਸਮੇਂ ਸਮੇਂ ਤੇ ਉਲੀਕੇ ਜਾਂਦੇ ਆ ਰਹੇ ਹਨ। ਗੁਰੂ ਕੇ ਲੰਗਰ ਦੀ ਸੇਵਾ ਸ੍ਰੀ ਰਾਮ ਲਾਲ ਬਾਲੂ ਦੇ ਪਰਿਵਾਰ ਵੱਲੋਂ ਸ਼ਰਧਾ ਨਾਲ ਨਿਭਾਈ ਗਈ। ਉਹਨਾਂ ਦੀਆਂ 2 ਬੇਟੀਆਂ ਇੰਗਲੈਂਡ ਤੇ ਟੈਕਸਸ ਤੋਂ ਪਹੁੰਚੀਆਂ ਸਨ। ਰਾਮ ਲਾਲ ਬਾਲੂ ਤੇ ਉਹਨਾਂ ਦੀਆਂ ਬੇਟੀਆਂ ਦਾ ਵੀ ਸਨਮਾਨ ਗੁਰੂ ਘਰ ਵੱਲੋਂ ਕੀਤਾ ਗਿਆ। ਸਟੇਜ ਸਕੱਤਰ ਦੀ ਸੇਵਾ ਸ੍ਰੀ ਪਰਮਜੀਤ ਲਾਲ ਜਨਰਲ ਸਕੱਤਰ ਅਤੇ ਚਰਨਜੀਤ ਝੱਲੀ ਸਕੱਤਰ ਵੱਲੋਂ ਨਿਭਾਈ ਗਈ।

# ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ

ਸੈਨਹੋਜ਼ੇ (ਕੈਲੀਫੋਰਨੀਆ)- (ਪ੍ਰਮਿੰਦਰ ਸਿੰਘ ਪ੍ਰਵਾਨਾ)- ਬੀਤੇ ਦਿਨੀਂ ਭਾਈ ਤਰਸੇਮ ਸਿੰਘ ਸੁਮਨ ਦੇ ਯਤਨਾਂ ਸਦਕਾ ਪ੍ਰਬੰਧਕੀ ਕਮੇਟੀ ਦੇ ਸਹਿਯੋਗ ਨਾਲ ਸਥਾਨਕ ਕਵੀਆਂ ਵੱਲੋਂ ਇਕ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਨਾਲ ਸਜਾਇਆ ਗਿਆ। ਭਾਈ ਪ੍ਰੀਤਮ ਸਿੰਘ ਜੀ ਗਰੇਵਾਲ ਸਕੱਤਰ ਵੱਲੋਂ ਹਫਤਾਵਾਰੀ ਚਲਦੇ ਦੀਵਾਨਾਂ ਵਿਚ ਗਿੰਨੀ ਯਾਦਗਾਰੀ ਸਾਹਿਤਕ ਮੰਚ ਅਮਰੀਕਾ ਦੇ ਸੰਚਾਲਕ ਪ੍ਰਮਿੰਦਰ ਸਿੰਘ ਪ੍ਰਵਾਨਾ ਨੂੰ ਇਸ ਧਾਰਮਿਕ ਕਵੀ ਦਰਬਾਰ ਦੇ ਸੰਚਾਲਨ ਦਾ ਸੱਦਾ ਦਿੱਤਾ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਪ੍ਰਬੰਧਕਾਂ ਵੱਲੋਂ ਅਜਿਹੇ ਧਾਰਮਿਕ ਕਵੀ ਦਰਬਾਰ ਸਜਾਉਣ ਦਾ ਧੰਨਵਾਦ ਕੀਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਾਵਿ-ਪ੍ਰਵਾਹ ਨੂੰ ਅੱਗੇ ਤੋਰਦੇ ਹੋਏ ਸਥਾਨਕ ਕਵੀਆਂ ਦੇ ਇਸ ਜਥੇ ਨੇ ਪਿਛਲੇ ਕੁਝ ਸਮੇਂ ਵਿਚ ਹੀ 40 ਤੋਂ ਵੱਧ ਗੁਰਦੁਆਰਿਆਂ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਗਏ। ਸਿੱਖਧਰਮ ਪ੍ਰਚਾਰ ਵਿਚ ਹਰ ਕੋਈ ਜੁੜਿਆ ਆਪਣੀ ਯਥਾ-ਸ਼ਕਤੀ ਅਨੁਸਾਰ ਯੋਗਦਾਨ ਪਾ ਰਿਹਾ



ਹੈ। ਪਾਠੀ, ਕੀਰਤਨੀਏ, ਕਥਾ ਵਾਚਕ, ਢਾਡੀ ਅਤੇ ਬੁਲਾਰੇ ਜੋ ਵੀ ਸ਼ਰਧਾ ਭਾਵਨਾ ਨਾਲ ਸੇਵਾ ਨਿਭਾਉਂਦੇ ਹਨ, ਧੰਨਤਾ ਦੇ ਯੋਗ ਹਨ। ਭਾਵੇਂ ਗੁਰਦੁਆਰਿਆਂ ਵਿਚ ਅਜਿਹੇ ਧਾਰਮਿਕ ਕਵੀ ਦਰਬਾਰਾਂ ਦੀ ਪ੍ਰੰਪਰਾ ਮੱਧਮ ਪੈਂਦੀ ਜਾ ਰਹੀ ਹੈ, ਨੂੰ ਮੁੜ ਸੁਰਜੀਤ ਕਰਨ ਦਾ ਉਪਰਾਲਾ ਹਮੇਸ਼ਾ ਰਹਿੰਦਾ ਹੈ।

ਕਾਵਿ ਗੋਸ਼ਟੀਆਂ ਉਪਰੰਤ ਕਵੀਆਂ ਨੂੰ ਸਨਮਾਨ ਨਾਲ ਨਿਵਾਜਦੇ ਵੀ ਸਨ। ਗੁਰੂ ਜੀ ਨੇ ਪਾਉਂਟਾ ਸਾਹਿਬ ਵਿਖੇ 4 ਸਾਲ ਦੀ ਠਹਿਰ ਵਿਚ ਵਿਦਵਾਨਾਂ ਨੂੰ ਕੀਮਤੀ ਸਾਹਿਤ ਇਕੱਠਾ ਕਰਨ ਲਈ ਦੇਸ਼ ਦੇ ਕੋਨੇ ਕੋਨੇ ਵਿਚ ਭੇਜਿਆ। ਇਕ ਘੰਟਾ ਚੱਲੇ ਇਸ ਸਾਰਥਕ ਧਾਰਮਿਕ ਕਵੀ ਦਰਬਾਰ ਵਿਚ ਕਵੀ ਸ਼ਾਮਲ ਸਨ: ਭਾਈ ਤਰਸੇਮ ਸਿੰਘ ਸੁਮਨ, ਭਾਈ ਗੁਰਦਿਆਲ ਸਿੰਘ ਨੂਰਪੁਰੀ, ਬੀਬੀ ਗੁਰਦੇਵ ਕੌਰ, ਪ੍ਰੋ: ਸੁਰਜੀਤ ਸਿੰਘ ਨਨੂਆ, ਭਾਈ ਜਸਦੀਪ ਸਿੰਘ, ਭਾਈ ਮੋਹਨ ਸਿੰਘ ਆਦਿ ਸ਼ਾਮਲ ਹੋਏ। ਮੰਚ ਸੰਚਾਲਨ ਹਮੇਸ਼ਾ ਦੀ ਤਰ੍ਹਾਂ ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਧਾਰਮਿਕ ਟੂਕਾਂ ਨਾਲ ਬਾਖ਼ੂਬੀ ਨਿਭਾਇਆ।

# ਪੰਜਾਬੀ ਨੌਜਵਾਨ ਦੀ ਮੌਤ ਦੇ ਮਾਮਲੇ ਵਿਚ ਟ੍ਰੈਵਲ ਏਜੰਟਾਂ 'ਤੇ ਮਾਮਲਾ ਦਰਜ ਕਰੋ-ਧੂਤ

ਮਿਲਪੀਟਸ (ਕੈਲੀਫੋਰਨੀਆ) : ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੱਤਰ ਲਿਖ ਕੇ ਬੋਟ ਦੇ ਰਸਤੇ ਗੈਰ ਕਾਨੂੰਨੀ ਤਰੀਕੇ ਨਾਲ ਲਿਬੀਆ ਤੋਂ ਇਟਲੀ ਜਾ ਰਹੇ 2 ਪੰਜਾਬ ਦੇ ਨੌਜਵਾਨਾਂ ਦੀ ਰਹੱਸ-ਮਈ ਮੌਤ ਦੇ ਲਈ ਜ਼ਿੰ-ਮੇਵਾਰ ਟ੍ਰੈਵਲ ਏਜੰਟਾਂ ਦੇ ਖਿਲਾਫ ਜਾਂਚ ਦੀ ਮੰਗ ਕੀਤੀ ਹੈ। ਨਾਪਾ ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਨੇ ਕਿਹਾ ਕਿ ਜਲੰਧਰ ਦੇ 2 ਕਥਿਤ ਟ੍ਰੈਵਲ ਏਜੰਟਾਂ ਨੇ ਜ਼ਿਲ੍ਹਾ ਜਲੰਧਰ ਦੇ ਪਿੰਡ ਸਨੌਂਡਾ ਦੇ 2 ਨੌਜਵਾਨਾਂ ਰਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਨੂੰ ਵਿਦੇਸ਼ ਭੇਜਿਆ, ਜਿਨ੍ਹਾਂ ਨੂੰ ਲਿਬੀਆ ਤੋਂ ਬੋਟ ਦੇ ਰਸਤੇ ਗੈਰ ਕਾਨੂੰਨੀ ਰੂਪ ਨਾਲ ਇਟਲੀ ਵਿਚ ਦਾਖਲ ਕਰਵਾਇਆ ਜਾ ਰਿਹਾ ਸੀ, ਜਿਨ੍ਹਾਂ ਦੀ ਰਸਤੇ ਵਿਚ ਡੁੱਬਣ ਨਾਲ ਮੌਤ ਹੋ ਗਈ। ਇਸ ਦੁਖਦਾਈ ਕਾਂਡ ਦੇ ਲਈ ਜ਼ਿੰਮੇਵਾਰ ਟ੍ਰੈਵਲ ਏਜੰਟਾਂ 'ਤੇ ਪੰਜਾਬ ਸਰਕਾਰ ਮਾਮਲਾ ਦਰਜ ਕਰਕੇ ਉਹਨਾਂ ਨੂੰ ਤੁਰੰਤ ਗ੍ਰਿਫਤਾਰ ਕਰੇ। ਉਨ੍ਹਾਂ ਨੇ ਕਿਹਾ ਕਿ ਉਹ ਕਈ ਵਾਰ ਪੰਜਾਬ ਸਰਕਾਰ ਨੂੰ ਪੱਤਰ ਲਿਖ ਚੁੱਕੇ ਹਨ ਕਿ ਮਹਾਰਾਸ਼ਟਰ ਦੀ ਤਰਜ਼ 'ਤੇ ਇਕ ਮੈਨਵਾਵਰ ਐਕਸਪੋਰਟ ਕਾਰਪੋਰੇਸ਼ਨ ਦੀ ਸਥਾਪਨਾ ਕੀਤੀ ਜਾਵੇ ਤਾਂ ਜੋ ਕਾਨੂੰਨੀ ਤਰੀਕੇ ਨਾਲ ਪੰਜਾਬੀ ਨੌਜਵਾਨਾਂ



ਵਿਦੇਸ਼ਾਂ ਵਿਚ ਭੇਜੇ ਜਾ ਸਕਣ, ਪਰ ਅਫਸੋਸ ਕਿ ਪੰਜਾਬ ਸਰਕਾਰ ਨੇ ਅਜਿਹਾ ਕੁਝ ਕਰਨ ਲਈ ਕਦਮ ਨਹੀਂ ਚੁੱਕਿਆ ਤੇ ਨਤੀਜੇ ਵਜੋਂ ਵਿਦੇਸ਼ ਜਾਣ ਦੇ ਲਾਲਚ ਵਿਚ ਪੰਜਾਬੀ ਨੌਜਵਾਨ ਮੌਤ ਦੇ ਮੂੰਹ ਵਿਚ ਧੱਕੇ ਜਾ ਰਹੇ ਹਨ। ਸ: ਧੂਤ ਨੇ ਨੌਜਵਾਨਾਂ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਵਿਦੇਸ਼ ਭੇਜਣ ਦੇ ਲਈ ਕਾਲੇ ਕਾਰੋਬਾਰ ਵਿਚ ਲੱਗੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੀ ਇਸ ਢਿੱਲ ਦੇ ਚਲਦੇ ਨਿੱਤ ਦਿਨ ਕੋਈ ਨਾ ਕੋਈ ਪੰਜਾਬੀ ਨੌਜਵਾਨ ਵਿਦੇਸ਼ ਵਿਚ ਕਿਸੀ ਨਾ ਕਿਸੀ ਕੋਨੇ ਵਿਚ ਇਸ ਮਾਨਵ ਤਸਕਰੀ ਦਾ ਸ਼ਿਕਾਰ ਹੋ ਰਿਹਾ ਹੈ।

ਸ: ਧੂਤ ਨੇ ਸਾਫ ਤੌਰ 'ਤੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਅਜਿਹੇ ਮਾਮਲਿਆਂ ਨੂੰ ਗੰਭੀਰਤਾ ਨਾਲ ਨਾ ਲਿਆ ਤਾਂ ਉਹ ਦਿਨ ਦੂਰ ਨਹੀਂ ਜਦ ਪੰਜਾਬ ਨੂੰ ਮਾਲਟਾ ਬੋਟ ਹਾਦਸੇ ਜਿਹੇ ਇਕ ਵੱਡੇ ਹਾਦਸੇ ਦਾ ਸਾਹਮਣਾ ਕਰਨਾ ਪਵੇਗਾ।

# ਈਸਾਈਆਂ ਤੇ ਜ਼ੁਲਮ ਦਾ ਸਭ ਤੋਂ ਖਤਰਨਾਕ ਦੌਰ

ਵੈਟੀਕਨ ਸਿਟੀ - ਅਤੀ ਸਤਿਕਾਰਤ ਪੋਪ ਫਰਾਂਸਿਸ ਨੇ ਕਿਹਾ ਹੈ ਕਿ ਜਿੰਨੇ ਵੱਡੇ ਪੱਧਰ ਤੇ ਈਸਾਈਆਂ ਉੱਤੇ ਇਸ ਸਮੇਂ ਜ਼ੁਲਮ ਸਿਤਮ ਹੋ ਰਿਹਾ ਹੈ, ਇਤਿਹਾਸ ਵਿੱਚ ਇਸਦਾ ਆਪਣਾ ਰਿਕਾਰਡ ਹੈ।

ਸਾਰੇ ਸੰਸਾਰ ਉੱਤੇ ਜਿੰਨੇ ਵੱਡੇ ਪੈਮਾਨੇ ਤੇ ਅੱਜ ਈਸਾਈਆਂ ਉੱਤੇ ਜ਼ੁਲਮ ਤਸ਼ਦਦ ਹੋ ਰਿਹਾ ਹੈ। ਉੱਨਾਂ ਪਹਿਲਾਂ ਕਦੇ ਨਹੀਂ ਹੋਇਆ। ਇਥੇ ਵਰਣਨਯੋਗ ਹੈ ਕਿ ਭਾਰਤ ਵਰਗੇ ਦੇਸ਼ਾਂ ਵਿੱਚ ਜਿਥੇ ਲੋਕਤੰਤਰ ਹੈ ਤੇ ਸੈਕੁਲਰਜਿਮ ਹੈ, ਉਥੇ ਅਜੇਹੀਆਂ ਮਿਸਾਲਾਂ ਵੀ ਹਨ ਕਿ ਈਸਾਈ ਲੀਡਰਸ਼ਿਪ ਨੇ ਭਾਰਤ ਵਿੱਚ ਮੌਜੂਦ ਵਾਤਾਵਰਣ ਦਾ ਲਾਭ ਉਠਾਉਣ ਦੀ ਕੋਸ਼ਿਸ਼ ਨਹੀਂ ਕੀਤੀ।

ਵਿਰੋਧੀਆਂ ਦਾ ਟਾਕਰਾ ਪ੍ਰਭੂ ਯਿਸੂ ਮਸੀਹ ਵਾਂਗ ਦਲੀਲ ਨਾਲ ਕਰਨ ਦੀ ਬਜਾਏ ਅਤੇ ਸੰਤ ਪੌਲੂਸ ਦੇ ਦਸੇ ਰਾਹ ਅਨੁਸਾਰ ਕਨੂੰਨ ਦਾ ਸਹਾਰਾ ਲੈਣ ਦੀ ਬਜਾਏ, ਇਥੋਂ ਦੀ ਲੀਡਰਸ਼ਿਪ ਦੇ ਇੱਕ ਵੱਡੇ ਹਿੱਸੇ ਨੇ ਦੜ-ਵੱਟ ਜ਼ਮਾਨਾ ਕੱਟ ਦੀ ਨੀਤੀ ਅਪਨਾਈ ਹੋਈ ਹੈ।

ਪੰਜਾਬ ਵਰਗੇ ਸਿਖ ਬਹੁ-ਗਿਣਤੀ ਵਾਲੇ ਪ੍ਰਦੇਸ਼ ਵਿੱਚ ਵੀ ਉਹ ਆਪਣੇ ਲੋਕਤੰਤਰਕ ਹੱਕ ਦੀ ਰੱਖਿਆ ਨਹੀਂ ਕਰ ਸਕੇ। ਪ੍ਰਭੂ ਯਿਸੂ ਦੇ ਮਾਫੀ, ਪਿਆਰ ਤੇ ਅਹਿੰਸਾ ਦੇ ਸਿਧਾਂਤਾਂ ਦੀ ਗਲਤ ਵਿਆਖਿਆ ਕਰਕੇ ਈਸਾਈ ਲੀਡਰਸ਼ਿਪ ਆਪਣੇ ਮਨ ਨੂੰ ਤਸੱਲੀ ਦੇ ਰਹੀ ਹੈ।

# ਇਰਾਕ 'ਚ ਯੋਨਾ ਦੀ ਕਬਰ ਅਤਿਵਾਦੀਆਂ ਨੇ ਤੋੜ ਦਿੱਤੀ

ਆਈ.ਐਮ.ਆਈ. ਐਸ ਦੇ ਅਤਿਵਾਦੀਆਂ ਨੇ ਮੌਸੂਲ ਨੇੜੇ ਨਿਨਵੇਂ ਸ਼ਹਿਰ ਵਿੱਚ ਸਥਿਤ ਯੋਨਾ ਨਬੀ ਦੀ ਕਬਰ ਤੋੜ ਦਿੱਤੀ ਹੈ। ਇਹ ਯੋਨਾ ਨਬੀ ਉਹੀ ਹੈ ਜਿਸ ਨੂੰ ਖੁਦਾ ਨੇ ਪਾਪ ਵਿੱਚ ਡੁਬੇ ਨੀਨਵੇਂ ਸ਼ਹਿਰ ਦੇ ਲੋਕਾਂ ਨੂੰ ਇਹ ਚਿਤਾਵਨੀ ਦੇਣ ਲਈ ਭੇਜਿਆ ਸੀ ਕਿ ਉਹ ਪਾਪਾਂ ਭਰੀ ਜ਼ਿੰਦਗੀ ਛੱਡ ਕੇ ਖੁਦਾ ਵੱਲ ਮੁੜਨ।

ਯਾਦ ਰਹੇ ਕਿ ਯੋਨਾ ਨਬੀ ਖੁਦਾ ਦਾ ਫਰਮਾਨ ਮੰਨਣ ਦੀ ਬਜਾਏ ਪਾਣੀ ਦੇ ਜਹਾਜ਼ ਰਾਹੀਂ ਕਿਸੇ ਹੋਰ ਪਾਸੇ ਚਲਾ ਗਿਆ। ਜਦ ਇਹ ਜਹਾਜ਼ ਤੂਫਾਨ ਕਾਰਣ ਡੁਬਣ ਲੱਗਾ ਤਾਂ ਜਹਾਜ਼ ਵਿੱਚ ਸਵਾਰ ਲੋਕਾਂ ਨੇ ਯੋਨਾ ਨੂੰ ਪਾਣੀ ਵਿੱਚ ਸੁੱਟ ਦਿੱਤਾ। ਯੋਨਾ ਨਬੀ ਨੂੰ ਇੱਕ ਵੱਡੀ ਮੱਛੀ ਨੇ ਨਿਗਲ ਲਿਆ ਅਤੇ ਉਹ ਤਿੰਨ ਦਿਨ ਮੱਛੀ ਦੇ ਪੇਟ ਵਿੱਚ ਰਿਹਾ। ਇਥੇ ਵਰਣਨਯੋਗ ਹੈ ਕਿ ਹੁਣ ਤੱਕ ਇਸ ਕਬਰ ਦੀ ਸਾਂਭ ਸੰਭਾਲ ਈਸਾਈ ਹੀ ਕਰਦੇ ਆ ਰਹੇ ਸਨ।

ਕੈਥੋਲਿਕ ਚਰਚ ਮੋਸੂਲ ਦੇ ਬਿਸ਼ਪ ਲੁਇਸ ਰੇਫਲ ਨੇ ਕਿਹਾ ਕਿ ਹੁਣ ਇਸ ਇਲਾਕੇ ਤੇ ਇਰਾਕ ਸਰਕਾਰ ਦਾ ਕੋਈ ਨਿਯੰਤਰਣ ਨਹੀਂ ਰਹਿ ਗਿਆ ਹੈ। ਨੀਨਵੇਂ, ਮੋਸੂਲ ਬਾਜਗੀ ਅਤੇ ਫਲੂਜਾ ਉਤੇ ਇਸ ਸਮੇਂ ਅਤਿਵਾਦੀਆਂ ਦਾ ਪੂਰੀ ਤਰ੍ਹਾਂ ਕਬਜ਼ਾ ਹੋ ਚੁੱਕਾ ਹੈ। ਅਤਿਵਾਦੀਆਂ ਨੇ 11 ਚਰਚਾਂ ਅਤੇ 35 ਮਸੀਹੀ ਸੰਸਥਾਵਾਂ ਉੱਤੇ ਇਸਲਾਮਿਕ ਸਟੇਟ ਦੇ ਕਾਲੇ ਝੰਡੇ ਲਾ ਦਿੱਤੇ ਹਨ।

ਉਨ੍ਹਾਂ ਨੇ ਦੱਸਿਆ ਕਿ ਇਹ ਈਸਾਈ ਬਹੁ-ਗਿਣਤੀ ਵਾਲਾ ਇਲਾਕਾ ਸੀ ਜਿਥੋਂ ਬਹੁਤ ਸਾਰੇ ਈਸ-ਾਈ ਭੱਜ ਗਏ ਹਨ। ਅਤਿਵਾਦੀਆਂ ਨੇ ਈਸਾਈਆਂ ਅੱਗੇ ਤਿਨ ਸ਼ਰਤਾਂ ਰੱਖੀਆਂ ਸਨ (1) ਇਸਲਾਮ ਕਬੂਲ ਕਰੋ (2) ਆਪਣਾ ਸਭ ਕੁਝ ਛੱਡ ਕੇ ਭੱਜ ਜਾਓ। (3) ਮਰਨ ਲਈ ਤਿਆਰ ਹੋ ਜਾਓ।

ਬਿਸ਼ਪ ਨੇ ਦੱਸਿਆ ਕਿ ਅਤਿਵਾਦੀਆਂ ਲਈ ਕਤਲੋਗਾਰਤ, ਬਲਾਤਕਾਰ ਤੇ ਲੁਟਮਾਰ ਆਮ ਗੱਲ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਅਤਿਵਾਦੀਆਂ ਨੇ ਕੁਝ ਇਰਾਕ ਅਤੇ ਕੁਝ ਸੀਰੀਆ ਦੇ ਇਲਾਕਿਆਂ ਉੱਤੇ ਕਬਜ਼ਾ ਕਰਕੇ ਨਵੇਂ ਰਾਜ ਦੀ ਸਥਾਪਨਾ ਕਰ ਲਈ ਹੈ।

# ਇੰਗਲੈਂਡ 'ਚ ਹੁਣ ਔਰਤ ਵੀ ਬਿਸ਼ਪ ਬਣ ਸਕੇਗੀ

ਇੰਗਲੈਂਡ ਵਿੱਚ ਹੁਣ ਔਰਤਾਂ ਬਿਸ਼ਪ ਬਣ ਸਕਣਗੀਆਂ। ਚਰਚ ਆਫ ਇੰਗਲੈਂਡ ਦੀ ਜਨਰਲ ਸਿਨੇਡ ਨੇ ਮਹਿਲਾ ਬਿਸ਼ਪ ਚੋਣ ਬਿੱਲ ਤੇ ਮੋਹਰ ਲਾ ਦਿੱਤੀ ਹੈ ਅਤੇ ਇਸ ਤਰ੍ਹਾਂ ਔਰਤਾਂ ਲਈ ਇੰਗਲੈਂਡ ਵਿੱਚ ਬਿਸ਼ਪ ਬਣਨ ਦੇ ਰਸਤੇ ਖੁਲ੍ਹ ਗਏ ਹਨ। ਪਿਛਲੇ 30 ਸਾਲ ਤੋਂ ਔਰਤਾਂ ਦੇ ਬਿਸ਼ਪ ਪਦ ਗ੍ਰਹਿਣ ਕਰਨ ਤੇ ਬਹਿਸ ਚਲ ਰਹੀ ਸੀ। ਇਸ ਬਿਲ ਨੂੰ ਜਨਰਲ ਸਿਨੇਡ ਵਿੱਡ ਲਿਆਂਦਾ ਗਿਆ ਸੀ। 2012 ਵਿੱਚ ਕੇਵਲ 6 ਵੋਟਾਂ ਦੀ ਕਮੀ ਕਾਰਣ ਇਹ ਬਿਲ ਰਹਿ ਗਿਆ ਸੀ।

## ਪ੍ਰਭੂ ਯਿਸੂ ਮਸੀਹ ਦੀ ਮਹਿਮਾ ਦਾ ਸ਼ੁਭ ਸਮਾਗਮ 29, 30, 31 ਅਗਸਤ ਨੂੰ




ਯੂਬਾ ਸਿਟੀ (ਡੀ ਡੀ ਬੀ)- ਯੂਬਾ ਸਿਟੀ ਦੇ 457 ਗਾਰਡਨ ਹਾਈਵੇ ਵਿਖੇ ਸਥਿਤ ਹਾਲ ਵਿਚ ਪ੍ਰਭੂ ਯਿਸੂ ਮਸੀਹ ਦੀ ਮਹਿਮਾ ਦਾ ਸ਼ੁਭ ਸਮਾਗਮ ਆਗਾਮੀ 29 ਤੋਂ 31 ਅਗਸਤ ਤੱਕ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਦੇ ਪਹਿਲੇ ਦਿਨ 29 ਅਗਸਤ ਸ਼ੁੱਕਰਵਾਰ ਨੂੰ ਭੋਜਨ ਸ਼ਾਮੀ 5 ਵਜੇ ਅਤੇ ਫਿਰ 6.30 ਵਜੇ ਬੰਦਗੀ ਹੋਵੇਗੀ। 30 ਅਗਸਤ ਸ਼ਨੀਵਾਰ ਨੂੰ ਸਵੇਰੇ 10.30 ਵਜੇ ਬੰਦਗੀ ਅਤੇ ਭੋਜਨ ਦੁਪਹਿਰ 1 ਵਜੇ ਹੋਵੇਗਾ। 30 ਅਗਸਤ ਨੂੰ ਹੀ ਸ਼ਾਮੀ 5 ਵਜੇ ਭੋਜਨ ਤੋਂ ਬਾਅਦ 6.30 ਵਜੇ ਬੰਦਗੀ ਹੋਵੇਗੀ ਅਤੇ 31 ਅਗਸਤ ਦਿਨ ਐਤਵਾਰ ਨੂੰ ਸਵੇਰੇ 10.30 ਵਜੇ ਬੰਦਗੀ ਹੋਵੇਗੀ ਅਤੇ 1 ਵਜੇ ਦੁਪਹਿਰੇ ਭੋਜਨ ਹੋਵੇਗਾ। ਇਸ ਪ੍ਰੋਗਰਾਮ ਵਿਚ ਮੁੱਖ ਬੁਲਾਰੇ ਪਾਸਟਰ ਜਗਪਾਲ ਸਿੰਘ ਧਾਲੀਵਾਲ ਅਤੇ ਪਾਸਟਰ ਰੇਹਾਨ ਗਾਰਸਟਿਨ (ਪੰਜਾਬੀ ਮਸੀਹੀ ਚਰਚ ਕੈਨੇਡਾ) ਹੋਣਗੇ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਸਫਾ 2 ਤੇ ਇਸ਼ਤਿਹਾਰ ਦੇਖੋ ਜਾਂ 530-933-6045 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਗਜ਼ਟਿਡ, ਨਾਨ ਗਜਟਿਡ ਐਸ ਸੀ, ਬੀ.ਸੀ. ਇੰਪਲਾਈਜ਼ ਫੈਡਰੇਸ਼ਨ ਵੱਲੋਂ ਮੀਟਿੰਗ

ਗੜ੍ਹਸ਼ੰਕਰ- ਸਤਨਾਮ ਸਿੰਘ ਸਹੂੰਗੜਾ)- ਸਤਿਗੁਰੂ ਰਵਿਦਾਸ ਦੀ ਚਰਨ ਛੋਹ ਪ੍ਰਾਪਤ ਧਰਤੀ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਗਜਟਿਡ, ਨਾਨ ਗਜਟਿਡ ਐਸ ਸੀ., ਬੀ. ਸੀ. ਇੰਪਲਾਇਜ਼ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨਾਂ ਅਤੇ ਸੂਬਾ ਕਾਰਜਕਾਰਨੀ ਦੇ ਮੈਂਬਰਾਂ ਦੀ ਇਕ ਵਿਸ਼ੇਸ਼ ਮੀਟਿੰਗ ਜਥੇਬੰਦੀ ਦੇ ਸੂਬਾਈ ਚੇਅਰਮੈਨ ਜਸਵੀਰ ਸਿੰਘ ਪਾਲ ਦੀ ਅਗਵਾਈ ਵਿਚ ਹੋਈ, ਜਿਸ ਵਿਚ ਜਥੇਬੰਦੀ ਦੇ ਸੂਬਾ ਪ੍ਰਧਾਨ ਬਲਬੀਰ ਸਿੰਘ ਪੀ. ਈ. ਐਸ. ਦਾ ਅਸਤੀਫਾ ਪ੍ਰਵਾਨ ਕਰਕੇ ਬਲਰਾਜ ਕੁਮਾਰ ਨੂੰ ਜਥੇਬੰਦੀ ਦਾ ਸੂਬਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਤੇ ਨਵੇਂ ਬਣੇ ਪ੍ਰਧਾਨ ਨੇ ਸਮੂਹ ਜਥੇਬੰਦੀ ਨੂੰ ਭਰੋਸਾ ਦਿੱਤਾ ਕਿ ਉਹ ਜਕੇਬੰਦੀ ਨੂੰ ਪਿੰਡ ਪੱਧਰ ਤੱਕ ਮਜ਼ਬੂਤ ਕਰਨ ਲਈ ਪੂਰੀ ਮਿਹਨਤ ਕਰਨਗੇ। ਇਸ ਮੌਕੇ ਤੇ ਜਥੇਬੰਦੀ ਵੱਲੋਂ ਪ੍ਰੀਤਮ ਸਿੰਘ ਕੌਰੇ ਸਾਬਕਾ ਭਲਾਈ ਅਫਸਰ ਨੂੰ ਜਥੇਬੰਦੀ ਦਾ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ। ਜਥੇਬੰਦੀ ਵੱਲੋਂ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿਚ 2 ਅਕਤੂਬਰ ਤੋਂ 12 ਤੱਕ ਜ਼ਿਲ੍ਹਾ ਪੱਧਰ ਤੇ ਕਮੇਟੀਆਂ ਦੀਆਂ ਮੀਟਿੰਗਾਂ ਕਰਨ ਦਾ ਵੀ ਫੈਸਲਾ ਲਿਆ ਗਿਆ।

ਇਹ ਮੀਟਿੰਗਾਂ ਸਟੇਟ ਕਮੇਟੀ ਦੀ ਨਿਗਰਾਨੀ ਹੇਠ ਹੋਣਗੀਆਂ। ਜਥੇਬੰਦੀ ਵੱਲੋਂ ਅਹਿਮ ਫੈਸਲੇ ਵਿਚ ਫੈਡਰੇਸ਼ਨ ਦੇ ਫੈਸਲਿਆਂ ਅਤੇ ਗਤੀਵਿਧੀਆਂ ਵਿਰੁੱਧ ਕੰਮ ਕਰਨ ਵਾਲੇ ਦਰਸ਼ਨ ਸਿੰਘ ਚੰਦੜ, ਚੀਫ ਆਰਗੇਨਾਈਜੇਸ਼ਨ ਸਕੱਤਰ ਦੀ ਮੈਂਬਰਸ਼ਿਪ ਮੁਅੱਤਲ ਕਰਨ ਦਾ ਫੈਸਲਾ ਵੀ ਕੀਤਾ ਗਿਆ। ਇਸ ਤਰ੍ਹਾਂ ਜਥੇਬੰਦੀ ਦੀ ਇਕੱਤਰਤਾ ਵਿਚ ਸਰਕਾਰੀ ਸਕੂਲਾਂ ਵਿਚ ਬਣ ਰਹੀਆਂ ਪੇਂਡੂ ਵਿਕਾਸ ਕਮੇਟੀਖਆਂ ਬਾਰੇ ਵੀ ਵਿਚਾਰ ਸਾਂਝੇ ਕੀਤੇ ਗਏ।

ਮੀਟਿੰਗ ਵਿਚ ਬਲਵੀਰ ਸਿੰਘ ਸਾਬਕਾ ਸੂਬਾ ਪ੍ਰਧਾਨ, ਕ੍ਰਿਸ਼ਨ ਲਾਲ ਫਰੀਦਕੋਟ ਜ਼ਿਲ੍ਹਾ ਪ੍ਰਧਾਨ, ਮਲਕੀਤ ਸਿੰਘ ਬਠਿੰਡਾ ਜ਼ਿਲ੍ਹਾ ਪ੍ਰਧਾਨ, ਮਹਿੰਦਰ ਸਿੰਘ ਭਸੀਨ ਰੂਪਨਗਰ ਜ਼ਿਲ੍ਹਾ ਪ੍ਰਧਾਨ, ਸਲਵਿੰਦਰ ਸਿੰਘ ਜੱਸੀ ਜਲੰਧਰ ਜ਼ਿਲ੍ਹਾ ਪ੍ਰਧਾਨ, ਰਾਮ ਕ੍ਰਿਸ਼ਨ ਪੱਲੀ ਝਿੱਕੀ ਸ਼ਹੀਦ ਭਗਤ ਸਿਘ ਨਗਰ ਜ਼ਿਲ੍ਹਾ ਪ੍ਰਧਾਨ, ਗੁਰਬਖਸ਼ ਸਿੰਘ ਬਰਨਾਲਾ ਜ਼ਿਲ੍ਹਾ ਪ੍ਰਧਾਨ, ਜੋਗਾ ਸਿੰਘ ਸੰਗਰੂਰ ਜ਼ਿਲ੍ਹਾ ਪ੍ਰਧਾਨ, ਸੁਭਾਸ਼ ਚੰਦਰ ਫਾਜ਼ਿਲਕਾ ਜ਼ਿਲ੍ਹਾ ਪ੍ਰਧਾਨ, ਰੇਸ਼ਮ ਸਿੰਘ ਅਟਵਾਲ ਪਟਿਆਲਾ ਜ਼ਿਲ੍ਹਾ ਪ੍ਰਧਾਨ, ਬਲਵੰਤ ਸਿੰਘ ਮਾਨਸਾ ਜ਼ਿਲ੍ਹਾ ਪ੍ਰਧਾਨ, ਰੇਸ਼ਮ ਸਿੰਘ ਲੁਧਿਆਣਾ ਜ਼ਿਲ੍ਹਾ ਪ੍ਰਧਾਨ, ਹੰਸ ਰਾਜ ਮੁਕਤਸਰ ਜ਼ਿਲ੍ਹਾ ਪ੍ਰਧਾਨ, ਕੁਲਦੀਪ ਸਿੰਘ ਅਜੀਤਗੜ੍ਹ ਜ਼ਿਲ੍ਹਾ ਪ੍ਰਧਾਨ, ਮਾਸਟਰ ਰਾਜ ਕੁਮਾਰ, ਪ੍ਰਿੰਸੀਪਲ ਹੰਸ ਰਾਜ ਬਠਿੰਡਾ, ਰਾਜ ਪਾਲ ਕੈਂਥ, ਨਰਿੰਦਰ ਕੁਮਾਰ, ਸਟੇਟ ਐਵਾਰਡੀ ਸੋਹਣ ਲਾਲ ਤੇ ਜਗਦੀਸ਼ ਲਾਲ ਆਦਿ ਸਮੇਤ ਹੋਰ ਵੀ ਸੂਝਵਾਨ ਸਾਥੀ ਹਾਜ਼ਰ ਸਨ।

## ਚਰਚ ਨੇ ਈਸਾਈਆਂ ਨੂੰ ਮੁਰਦੇ ਜਲਾਉਣ ਦੀ ਇਜਾਜ਼ਤ ਦਿੱਤੀ

ਕੋਚੀ- ਸਾਇਰੋ - ਮਾਲਾਬਾਰ ਕੈਥੋਲਿਕ ਚਰਚ ਨੇ ਈਸਾਈਆਂ ਨੂੰ ਆਪਣੇ ਮੁਰਦੇ ਜਲਾਉਣ ਦੀ ਆਗਿਆ ਦੇਣ ਦਾ ਫੈਸਲਾ ਕੀਤਾ ਹੈ।

ਚਰਚ ਨੇ ਫਾਦਰ ਸਾਹਿਬਾਨ ਨੂੰ ਕਿਹਾ ਹੈ ਕਿ ਜੇਕਰ ਕੋਈ ਈਸਾਈ ਪਰਿਵਾਰ ਆਪਣਾ ਮੁਰਦਾ ਜਲਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਮੁਰਦਾ ਸਾੜਨ ਦੀ ਆਗਿਆ ਦੇ ਦਿੱਤੀ ਜਾਵੇ। ਰਾਜ ਵਿੱਚ ਆਰਥੋਡਕਸ, ਜੈਕਬਾਈਟ, ਮਾਰਥੋਮਾ ਅਤੇ ਚਰਚ ਆਫ ਸਾਊਥ ਇੰਡੀਆ ਆਦਿ ਸਾਰੇ ਵੱਡੇ ਚਰਚ ਕਬਰਿਸਤਾਨਾਂ ਲਈ ਥਾਂ ਦੀ ਥੁੜ ਦੀ ਸਮਸਿਆ ਨਾਲ ਜੂਝ ਰਹੇ ਹਨ।

ਹਾਲਾਂਕਿ ਸਾਇਰੋ ਮਾਲਾਬਾਰ ਚਰਚ ਦੇ ਬੁਲਾਰੇ ਫਾਦਰ ਪਾਲ ਥੇਲਾਕਟ ਨੇ ਕਿਹਾ ਕਿ ਥਾਂ ਦੀ ਥੁੜ ਹੀ ਮੁਖ ਕਾਰਣ ਨਹੀਂ ਹੈ ਕਿ ਮੁਰਦਿਆਂ ਨੂੰ ਜਲਾਉਣ ਦੀ ਇਜਾਜ਼ਤ ਦਿੱਤੀ ਜਾਵੇ।

## ਜੱਜ ਦੀ ਚੋਣ ਲਈ ਸੀਨੀਅਰਤਾ ਨਹੀ ਯੋਗਤਾ ਦੇਖੀ ਜਾਵੇ : ਕਾਟਜੂ

ਨਵੀਂ ਦਿੱਲੀ- ਭਾਰਤੀ ਪ੍ਰੈਸ ਪ੍ਰੀਸ਼ਦ ਦੇ ਪ੍ਰਧਾਨ ਜੱਜ ਮਾਰਕਡੇਯ ਕਾਟਜੂ ਨੇ ਭਾਰਤ ਦੇ ਜੱਜ ਦੀ ਨਿਯੁਕਤੀ ਸੀਨੀਅਰਤਾ ਦੇ ਆਧਾਰ 'ਤੇ ਨਹੀਂ ਸਗੋਂ ਕਿ ਯੋਗਤਾ ਦੇ ਆਧਾਰ 'ਤੇ ਕਰਨ ਦੀ ਵਕਾਲਤ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਸਭ ਤੋਂ ਸੀਨੀਅਰ ਜੱਜ ਨੂੰ ਜੱਜ ਬਣਾਉਣ ਦਾ ਕੋਈ ਸੰਵਿਧਾਨਕ ਵਿਵਸਥਾ ਜਾ ਕਾਨੂੰਨੀ ਨਿਯਮ ਨਹੀਂ ਹੈ ਅਤੇ ਇਸ ਲਈ ਕਿਸੇ ਹਾਈ ਕੋਰਟ ਦੇ ਯੋਗ ਜੱਜ ਨੂੰ ਸਿੱਧੇ ਸੁਪਰੀਮ ਕੋਰਟ ਦਾ ਜੱਜ ਬਣਾਇਆ ਜਾ ਸਕਦਾ ਹੈ।

ਉਨ੍ਹਾਂ ਨੇ ਆਪਣੇ ਬਲਾਗ ਵਿਚ ਲਿਖਿਆ, ''ਭਾਰਤ ਦੇ ਜੱਜ ਨਿਆਪਾਲਿਕਾ ਪਰਿਵਾਰ ਦੇ ਮੁਖੀ ਹੁੰਦੇ ਹਨ ਅਤੇ ਕਿਸੇ ਵੀ ਅਯੋਗ ਦੀ ਨਿਯੁਕਤੀ ਨਾਲ ਬਹੁਮਤ ਨੂੰ ਨੁਕਸਾਨ ਹੋ ਸਕਦਾ ਹੈ। ਕਾਟਜੂ ਦਾ ਇਹ ਬਿਆਨ ਜਸਟਿਸ ਆਰ. ਐਮ. ਲੋਢਾ ਦੇ 27 ਸਤੰਬਰ ਨੂੰ ਰਿਟਾਇਰਡ ਹੋਣ ਤੋਂ ਪਹਿਲਾ ਆਇਆ ਹੈ।

ਉਨ੍ਹਾਂ ਨੇ ਕਿਹਾ ਕਿ ਜਦੋਂ ਭਾਰਤ ਦੇ ਪ੍ਰਧਾਨ ਜੱਜ ਲੋਢਾ ਰਿਟਾਇਰਡ ਹੋਣਗੇ ਤਾਂ ਭਾਰਤ ਸਰਕਾਰ ਨੂੰ ਸੀਨੀਅਰਤਾ ਨਹੀਂ ਦੇਖਣੀ ਚਾਹੀਦੀ ਸਗੋਂ ਕਿ ਸਭ ਤੋਂ ਯੋਗ ਵਿਅਕਤੀ ਨੂੰ ਭਾਰਤ ਦਾ ਜੱਜ ਨਿਯੁਕਤੀ ਕਰਨਾ ਚਾਹੀਦਾ ਹੈ।

# ਦੇਵ ਭੂਮੀ ਹਿਮਾਚਲ ਪ੍ਰਦੇਸ਼ ਵਿੱਚ ਸਰਕਾਰ ਕਰ ਰਹੀ ਹੈ ਵਿਤਕਰਾ ਅਤੇ ਦਲਿਤ ਵਿਰੋਧੀ ਕੰਮ

### ਹਿਮਾਚਲ ਦਿਵਸ ਸਬੰਧੀ ਕੀਤਾ ਜਾਂਦਾ ਹੈ ਲੱਖਾਂ ਰੁਪਏ ਖਰਚਕੇ ਪ੍ਰਚਾਰ ਪਰੰਤੂ ਭਾਰਤੀ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਜਯੰਤੀ ਦੀ ਨਹੀਂ ਆਂਦੀ ਯਾਦ

ਸਾਡਾ ਦੇਸ਼ 67 ਸਾਲ ਪਹਿਲਾਂ 1947 ਵਿੱਚ ਆਜ਼ਾਦ ਹੋਇਆ ਅਤੇ ਤਿੰਨ ਸਾਲਾਂ ਬਾਅਦ ਇੱਕ ਗਣਤੰਤਰ ਰਾਸ਼ਟਰ ਬਣਿਆ, ਇਸ ਆਤਮ ਵਿਸ਼ਵਾਸ਼ ਦੇ ਨਾਲ ਕਿ ਆਣ ਵਾਲੀ ਨਵੀਂ ਸਰਕਾਰ ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਹੋਵੇਗੀ। ਪਰੰਤੂ ਬਾਦ ਵਿੱਚ ਬਣੀਆ ਸਰਕਾਰਾਂ ਦੇ ਸ਼ਾਸ਼ਨ ਵਿੱਚ ਦਲਿਤ ਅਤੇ ਆਦਿਵਾਸੀਆਂ ਦੇ ਵੱਡੇ ਤਬਕੇ ਨੂੰ ਨਜ਼ਰਅੰਦਾਜ ਕੀਤਾ ਗਿਆ। ਦੇਵ ਭੂਮੀ ਦੇ ਨਾਮ ਨਾਲ ਜਾਣੇ ਜਾਂਦੇ ਹਿਮਾਚਲ ਪ੍ਰਦੇਸ਼ ਵਿੱਚ ਦਲਿਤਾਂ ਵਿਸੇਸ਼ ਤੋਰ ਤੇ ਅਛੂਤਾਂ ਨਾਲ ਹੋ ਰਹੀਆਂ ਵਧੀਕੀਆਂ ਅਤੇ ਅਤਿਆਚਾਰ ਕਿਸੇ ਤੋਂ ਲੁਕੇ ਨਹੀਂ ਹੋਏ ਹਨ। ਇਸ ਸੂਬੇ ਵਿੱਚ ਅਜ਼ਾਦੀ ਦੇ 67 ਸਾਲ ਬੀਤਣ ਬਾਦ ਵੀ ਕਈ ਮੰਦਰਾਂ ਵਿੱਚ ਦਲਿਤਾਂ ਦੇ ਜਾਣ ਤੇ ਮਨਾਹੀ ਹੈ। ਉਹ ਆਮ ਰਸਤੇ ਰਾਹੀਂ ਲੰਘ ਨਹੀਂ ਸਕਦੇ ਹਨ। ਕਈ ਥਾਵਾਂ ਤੇ ਉਨ੍ਹਾਂ ਲਈ ਆਮ ਪਾਣੀ ਦੇ ਸੋਮਿਆਂ ਤੋਂ ਪਾਣੀ ਭਰਨ ਤੱਕ ਦੀ ਮਨਾਹੀ ਹੈ। ਸਰਕਾਰਾਂ ਵਲੋਂ ਬੇਸ਼ੱਕ ਇਸ ਸਬੰਧੀ ਅਕਸਰ ਝੂਠੇ ਅਤੇ ਵੱਡੇ ਵੱਡੇ ਦਾਅਵੇ ਕੀਤੇ ਜਾਂਦੇ ਹਨ ਪਰ ਹਕੀਕਤ ਇਸਤੋਂ ਉਲਟ ਹੈ। ਹੈਰਾਨੀ ਦੀ ਗੱਲ ਹੈ ਕਿ ਸਰਕਾਰ ਜਿਸਨੇ ਦਲਿਤਾਂ ਨਾਲ ਹੋ ਰਹੀਆਂ ਵਧੀਕੀਆਂ ਤੇ ਕਾਬੂ ਪਾਣਾ ਹੈ ਅਤੇ ਬਰਾਬਰਤਾ ਵਾਲਾ ਸਮਾਜ ਬਣਾਉਣਾ ਹੈ ਖੁਦ ਵੀ ਦਲਿਤਾਂ ਨਾਲ ਪੱਖਪਾਤ ਕਰ ਰਹੀ ਹੈ। ਅਜਿਹਾ ਹੀ ਮਾਮਲਾ ਸੂਚਨਾ ਅਧਿਕਾਰ ਅਧੀਨ ਮੰਗੀ ਗਈ ਜਾਣਕਾਰੀ ਵਿੱਚ ਸਾਹਮਣੇ ਆਇਆਂ ਹੈ ਜਿਸ ਅਨੁਸਾਰ ਇੱਕ ਪਾਸੇ ਹਿਮਾਚਲ ਸਰਕਾਰ ਨੇ ਹਿਮਾਚਲ ਦਿਵਸ ਸਬੰਧੀ ਪ੍ਰਚਾਰ ਕਰਨ ਲਈ ਮੀਡੀਆ ਰਾਹੀਂ ਇਸ਼ਤਿਹਾਰ ਦੇਕੇ ਲੱਖਾਂ ਰੁਪਏ ਖਰਚੇ ਗਏ ਹਨ ਪਰ ਦੂਜੇ ਪਾਸੇ ਭਾਰਤੀ ਸੰਵਿਧਾਨ ਨਿਰਮਾਤਾ ਡਾਕਟਰ ਬੀ ਆਰ ਅੰਬੇਡਕਰ ਦੇ ਜਨਮ ਦਿਵਸ ਸਬੰਧੀ ਕੋਈ ਪ੍ਰਚਾਰ ਨਹੀਂ ਕੀਤਾ ਗਿਆ ਹੈ। ਆਰ ਟੀ ਆਈ ਕਾਰਜਕਰਤਾ ਸੁਲਿੰਦਰ ਚੋਪੜਾ ਵਾਸੀ ਸੰਤੋਖਗੜ੍ਹ ਜਿਲ੍ਹਾ ਊਨਾ ਹਿਮਾਚਲ ਪ੍ਰਦੇਸ਼ ਨੇ ਦੱਸਿਆ ਕਿ ਉਸਨੇ ਡਾਇਰੈਕਟਰ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਤੋਂ ਮਿਤੀ 19 ਅਪ੍ਰੈਲ ਨੂੰ ਸੂਚਨਾ ਅਧਿਕਾਰ ਅਧੀਨ ਜਾਣਕਾਰੀ ਮੰਗੀ ਸੀ ਕਿ ਹਿਮਾਚਲ ਸਰਕਾਰ ਵਲੋਂ ਸਾਲ 2014 ਵਿੱਚ ਹਿਮਾਚਲ ਦਿਵਸ ਸਬੰਧੀ ਪ੍ਰਚਾਰ ਕਰਨ ਲਈ ਕਿੰਨੇ ਪੈਸੇ ਖਰਚ ਕੀਤੇ ਗਏ ਹਨ ਅਤੇ ਭਾਰਤੀ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਤੇ ਸਬੰਧੀ ਪ੍ਰਚਾਰ ਤੇ ਕਿੰਨੇ ਪੈਸੇ ਖਰਚ ਕੀਤੇ ਗਏ ਹਨ।

ਉਸਨੇ ਦੱਸਿਆ ਕਿ ਹਿਮਾਚਲ ਸਰਕਾਰ ਵਲੋਂ ਪਹਿਲਾਂ ਇਸ ਸਬੰਧੀ ਜਾਣਕਾਰੀ ਦੇਣ ਤੋਂ ਟਾਲਾ ਵੱਟਿਆ ਗਿਆ ਅਤੇ ਅਖੀਰ ਅਪੀਲ ਕਰਨ ਤੋਂ ਬਾਦ 24 ਜੁਲਾਈ 2014 ਨੂੰ ਹਿਮਾਚਲ ਸਰਕਾਰ ਵਲੋਂ ਇਸ ਸਬੰਧੀ ਜਾਣਕਾਰੀ ਭੇਜੀ ਗਈ ਹੈ। ਇਸ ਜਾਣਕਾਰੀ ਅਨੁਸਾਰ ਹਿਮਾਚਲ ਪ੍ਰਦੇਸ਼ ਦੇ ਮਾਣਯੋਗ ਰਾਜਪਾਲ ਵੱਲੋਂ ਵੱਖ-ਵੱਖ ਅਖਬਾਰਾਂ ਵਿਚ ਹਿਮਾਚਲ ਦਿਵਸ ਸਬੰਧੀ 109245/- ਰੁਪਏ ਦੇ ਵਿਗਿਆਪਨ ਪ੍ਰਕਾਸ਼ਿਤ ਕਰਵਾਏ ਗਏ ਹਨ। ਹਿਮਾਚਲ ਪ੍ਰਦੇਸ਼ ਦੇ ਰਾਜਪਾਲ ਵੱਲੋਂ ਹਿੰਦੁਸਤਾਨ ਟਾਈਮਜ਼ ਚੰਡੀਗੜ੍ਹ ਵਿੱਚ 14868/- ਰੁਪਏ, ਪੰਜਾਬ ਕੇਸਰੀ (ਜਲੰਧਰ, ਚੰਡੀਗੜ੍ਹ, ਪਾਲਮਪੁਰ ਐਡੀਸ਼ਨ) ਵਿੱਚ 39670/- ਰੁਪਏ, ਦਿਵਯਾ ਹਿਮਾਚਲ ਦੇ ਸਾਰੇ ਐਡੀਸ਼ਨਾਂ ਵਿੱਚ 16702/- ਰੁਪਏ, ਆਪਕਾ ਫੈਸਲਾ ਹਮੀਰਪੁਰ ਵਿੱਚ 6826/- ਰੁਪਏ, ਦੈਨਿਕ ਭਾਸਕਰ ਭੋਪਾਲ ਵਿੱਚ 21473/- ਰੁਪਏ, ਵੀਰ ਪ੍ਰਤਾਪ ਜਲੰਧਰ ਵਿੱਚ 6826/- ਰੁਪਏ ਅਤੇ ਗਿਰੀਰਾਜ ਸ਼ਿਮਲਾ ਵਿੱਚ 2880/- ਰੁਪਏ ਦੇ ਵਿਗਿਆਪਨ ਪ੍ਰਕਾਸ਼ਿਤ ਕਰਵਾਏ ਗਏ ਹਨ। ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਹਿਮਾਚਲ ਦਿਵਸ ਸਬੰਧੀ ਵੱਖ ਵੱਖ ਅਖਬਾਰਾਂ ਵਿੱਚ 1136390/- ਰੁਪਏ ਦੇ ਵਿਗਿਆਪਨ ਪ੍ਰਕਾਸ਼ਿਤ ਕਰਵਾਏ ਗਏ ਹਨ। ਪ੍ਰਾਪਤ ਸੂਚਨਾ ਅਨੁਸਾਰ ਪੰਜਾਬ ਕੇਸਰੀ ਦਿੱਲੀ ਵਿੱਚ 68499/- ਰੁਪਏ, ਦੀ ਟ੍ਰਿਬਿਊਨ ਦੇ ਸਾਰੇ ਐਡੀਸ਼ਨਾਂ ਵਿੱਚ 76938/- ਰੁਪਏ, ਦੀ ਇੰਡੀਅਨ ਐਕਸਪ੍ਰੈਸ ਚੰਡੀਗੜ੍ਹ ਵਿਚ 15926/- ਰੁਪਏ, ਦੀ ਹਿੰਦੁਸਤਾਨ ਟਾਈਮਜ਼ ਚੰਡੀਗੜ੍ਹ ਵਿੱਚ 34692/- ਰੁਪਏ, ਦੀ ਟਾਈਮਜ਼ ਆਫ ਇੰਡੀਆ ਚੰਡੀਗੜ੍ਹ ਵਿੱਚ 21235/- ਰੁਪਏ, ਬਿਜ਼ਨਸ ਸਟੈਂਡਰਡ ਚੰਡੀਗੜ੍ਹ/ਦਿੱਲੀ ਵਿੱਚ 11469/- ਰੁਪਏ, ਹਿਮਾਚਲ ਟਾਈਮਜ਼ (ਈ) ਦੇਹਰਾਦੂਨ ਵਿੱਚ 13798/- ਰੁਪਏ, ਦੀ ਪਾਈਨਰ ਚੰਡੀਗੜ੍ਹ ਵਿੱਚ 13457/- ਰੁਪਏ, ਡੇਲੀ ਪੋਸਟ ਚੰਡੀਗੜ੍ਹ ਵਿੱਚ 7840/- ਰੁਪਏ, ਪੰਜਾਬ ਕੇਸਰੀ ਚੰਡੀਗੜ੍ਹ, ਪਾਲਮਪੁਰ ਅਤੇ ਜਲੰਧਰ ਵਿੱਚ 92562/- ਰੁਪਏ, ਅਜੀਤ ਸਮਾਚਾਰ ਜਲੰਧਰ ਵਿੱਚ 15926/- ਰੁਪਏ, ਦੈਨਿਕ ਜਾਗਰਣ ਲੁ-ਧਿਆਣਾ/ਧਰਮਸ਼ਾਲਾ ਵਿੱਚ 26818/- ਰੁਪਏ, ਵੀਰ ਪ੍ਰਤਾਪ ਜਲੰਧਰ ਵਿੱਚ 15926/- ਰੁਪਏ, ਊਤਮ ਹਿੰਦੂ ਜਲੰਧਰ/ਦਿੱਲੀ ਵਿੱਚ 23481/- ਰੁਪਏ, ਹਿੰਦੂ ਮਿਲਾਪ ਜਲੰਧਰ ਵਿੱਚ 13798/- ਰੁਪਏ, ਦਿਵਯਾ ਹਿਮਾਚਲ ਦੇ ਸਾਰੇ ਐਡੀਸ਼ਨਾਂ ਵਿੱਚ 38970/- ਰੁਪਏ, ਅਮਰ ਉਜਾਲਾ ਚੰਡੀਗੜ੍ਹ/ਧਰਮਸ਼ਾਲਾ ਵਿੱਚ 39788/- ਰੁਪਏ, ਦੈਨਿਕ ਭਾਸਕਰ ਚੰਡੀਗੜ੍ਹ/ਸ਼ਿਮਲਾ ਵਿੱਚ 40578/- ਰੁਪਏ, ਦੈਨਿਕ ਟ੍ਰਿਬਿਊਨ ਚੰਡੀਗੜ੍ਹ ਵਿੱਚ 5583/- ਰੁਪਏ, ਜਨਸੱਤਾ ਚੰਗੀਗੜ੍ਹ ਵਿੱਚ 5583/- ਰੁਪਏ, ਆਪਕਾ ਫੈਸਾਲ ਹਮੀਰਪੁਰ ਵਿੱਚ 15926/- ਰੁਪਏ, ਨਯਾ ਲੋਕ ਯੁੱਗ ਚੰਡੀਗੜ੍ਹ ਵਿੱਚ 9587/- ਰੁਪਏ, ਅਰਥ ਪ੍ਰਕਾਸ਼ ਚੰਡੀਗੜ੍ਹ ਵਿੱਚ 13457/- ਰੁਪਏ, ਹਿਮਾਚਲ ਟਾਈਮਜ਼ ਦੇਹਰਾਦੂਨ ਵਿੱਚ 13798/- ਰੁਪਏ, ਹਿਮਾਚਲ ਸੇਵਾ ਸ਼ਿਮਲਾ ਵਿੱਚ 13798/- ਰੁਪਏ, ਭਾਰਤੇਂਦੂ ਸ਼ਿਖਰ ਸ਼ਿਮਲਾ ਵਿੱਚ 7554/- ਰੁਪਏ, ਦੈਨਿਕ ਸਵੇਰਾ ਜਲੰਧਰ ਵਿੱਚ 13457/- ਰੁਪਏ, ਹਿਮਾਚਲ ਦਸਤਕ ਸ਼ਿਮਲਾ/ਧਰਮਸ਼ਾਲਾ ਵਿੱਚ 13798/- ਰੁਪਏ, ਯੁਗਮਾਰਗ ਚੰਡੀਗੜ੍ਹ ਵਿੱਚ 11581/- ਰੁਪਏ, ਮੇਲ ਟੂਡੇ ਦਿੱਲੀ ਵਿੱਚ 44800/- ਰੁਪਏ, ਦੀ ਹਿੰਦੂ ਦਿੱਲੀ ਵਿੱਚ 25978/- ਰੁਪਏ, ਰਾਸ਼ਟਰੀ ਸਹਾਰਾ ਦਿੱਲੀ ਵਿੱਚ 23867/- ਰੁਪਏ, ਆਜ ਸਮਾਜ ਅੰਬਾਲਾ ਵਿੱਚ 73914/- ਰੁਪਏ, ਹਿੰਦ ਜਨਪੱਥ ਸੋਲਨ/ਪੰਚਕੂਲਾ ਵਿੱਚ 23386/- ਰੁਪਏ, ਐਨਕਾਊਂਟਰ ਜਲੰਧਰ ਵਿੱਚ 15926/- ਰੁਪਏ, ਦੇਸ਼ ਪਿਆਰ ਚੰਡੀਗੜ੍ਹ ਵਿੱਚ 9800/- ਰੁਪਏ, ਸਤਿਆ ਸਵਦੇਸ਼ ਪੰਚਕੂਲਾ ਵਿੱਚ 10000/- ਰੁਪਏ, ਪਹਿਲੀ ਖ਼ਬਰ ਨਾਦੌਨ (ਹਮੀਰਪੁਰ) ਵਿੱਚ 10000/- ਰੁਪਏ, ਹਿੰਦੁਸਤਾਨ ਦਿੱਲੀ ਵਿੱਚ 50000/- ਰੁਪਏ, ਡੀ ਐਨ ਏ ਮੁੰਬਈ ਵਿੱਚ 105118/- ਰੁਪਏ, ਦੈਨਿਕ ਡਾਟਾ ਸੰਦੇਸ਼ ਦਿੱਲੀ ਵਿੱਚ 15924/- ਰੁਪਏ, ਏਸ਼ੀਅਨ ਏਜ਼ ਦਿੱਲੀ ਵਿੱਚ 15926/- ਰੁਪਏ, ਮਿਲੇਨੀਅਮ ਪੋਸਟ ਦਿੱਲੀ ਵਿੱਚ 15926/- ਰੁਪਏ ਦੇ ਵਿਗਿਆਪਨ ਪ੍ਰਕਾਸ਼ਿਤ ਕਰਵਾਏ ਗਏ ਹਨ। ਇਸਤੋਂ ਇਲਾਵਾ ਹਿਮਾਚਲ ਪ੍ਰਦੇਸ਼ ਦੇ ਹਫ਼ਤਾਵਾਰੀ ਮੈਗਜ਼ੀਨਾਂ ਵਿੱਚ ਵੀ 563652/- ਰੁਪਏ ਦੇ ਵਿਗਿਆਪਨ ਪ੍ਰਕਾਸ਼ਿਤ ਕਰਵਾਏ ਗਏ ਹਨ। ਗਿਰਿਰਾਜ ਸ਼ਿਮਲਾ ਵਿੱਚ 20000/- ਰੁਪਏ, ਹਿਮਾਲਿਅਨ ਦਾਣ ਸੋਲਨ ਵਿੱਚ 15000/- ਰੁਪਏ, ਹਿਮਾਚਲ ਦਰਪਨ ਸ਼ਿਮਲਾ ਵਿੱਚ 6440/- ਰੁਪਏ, ਮੋਨਾਲ ਟਾਈਮਜ਼ ਸ਼ਿਮਲਾ ਵਿੱਚ 15000/- ਰੁਪਏ, ਵੀਰ ਅਨੰਦ ਸ਼ਿਮਲਾ ਵਿੱਚ 15000/- ਰੁਪਏ, ਸ਼ਿਵਾਲਿਕ ਪੱਤਰਿਕਾ ਮਹਿਤਪੁਰ (ਊਨਾਂ) ਵਿੱਚ 15000/- ਰੁਪਏ, ਸੂਰਿਆ ਕਮਲ ਸ਼ਿਮਲਾ ਵਿੱਚ 15000/- ਰੁਪਏ, ਹਿਮਾਚਲ ਜਨਤਾ ਸ਼ਿਮਲਾ ਵਿੱਚ 15000/- ਰੁਪਏ, ਹਿਲਜ਼ ਗਾਰਡੀਅਨ ਸ਼ਿਮਲਾ ਵਿੱਚ 15000/- ਰੁਪਏ, ਹਿਮਾਲਿਆ ਟਾਈਮਜ਼ ਸ਼ਿਮਲਾ ਵਿੱਚ 15000/- ਰੁਪਏ ਜਨ ਕਿਰਨ ਸ਼ਿਮਲਾ ਵਿੱਚ 15000/- ਰੁਪਏ, ਗ੍ਰਾਮ ਪਰਿਵੇਸ਼ ਸ਼ਿਮਲਾ ਵਿੱਚ 15000/- ਰੁਪਏ, ਹਿਮ ਕਿਸਾਨ ਸ਼ਿਮਲਾ ਵਿੱਚ 15000/- ਰੁਪਏ ਹਿਮ ਭਾਸ਼ਾ ਸ਼ਿਮਲਾ ਵਿੱਚ 7600/- ਰੁਪਏ, ਪਰਵਤ ਕੀ ਗੂੰਜ ਸ਼ਿਮਲਾ ਵਿੱਚ 7600/- ਰੁਪਏ, ਹਿਮਾਚਲ ਕੀ ਪੁਕਾਰ ਸ਼ਿਮਲਾ ਵਿੱਚ 7956/- ਰੁਪਏ, ਸ਼ੈਲ ਸਮਾਚਾਰ ਸ਼ਿਮਲਾ ਵਿੱਚ 8400/- ਰੁਪਏ, ਸ਼ੁਲਿਨੀ ਸਮਾਚਾਰ ਸ਼ਿਮਲਾ ਵਿੱਚ 8112/- ਰੁਪਏ, ਹਿਮਾਲਿਆ ਸੂਰਿਆ ਸ਼ਿਮਲਾ ਵਿੱਚ 7844/- ਰੁਪਏ, ਹਿਮਾਚਲ ਕੇਸਰੀ ਸ਼ਿਮਲਾ ਵਿੱਚ 12880/- ਰੁਪਏ, ਹਿਮ ਸੇਤੂ ਸੋਲਨ ਵਿੱਚ 5652/- ਰੁਪਏ, ਜੈ ਹਿਮਾਚਲ ਸ਼ਿਮਲਾ ਵਿੱਚ 7056/- ਰੁਪਏ, ਅਮਰ ਉਜਾਲਾ ਮੰਡੀ ਵਿੱਚ 13200/- ਰੁਪਏ, ਹਿਮਾਚਲ ਰਿਪੋਰਟਰ ਕਾਂਗੜਾ ਵਿੱਚ 12512/- ਰੁਪਏ, ਗਿਰਿਜਨ ਸਮਾਜ ਸ਼ਿਮਲਾ ਵਿੱਚ 7632/- ਰੁਪਏ, ਹਿਮਾਚਲ ਟ੍ਰਿਬਿਊਨ ਸ਼ਿਮਲਾ ਵਿੱਚ 15000/- ਰੁਪਏ, ਹਿਮ ਹਿਮਵੰਤੀ ਪਉਂਟਾ ਸਾਹਿਬ ਵਿੱਚ 13872/- ਰੁਪਏ, ਹਿਮ ਦ੍ਰਿਸ਼ਟੀ ਸੋਲਨ ਵਿੱਚ 8432/- ਰੁਪਏ, ਸ਼ਿਮਲਾ ਪਾਨੋਰਮਾ ਫੋਰਟਨਾਇਟਲੀ ਸ਼ਿਮਲਾ ਵਿੱਚ 7600/- ਰੁਪਏ, ਹਿਮਦਿਸ਼ਾ ਬਿਲਾਸਪੁਰ ਵਿੱਚ 5250/- ਰੁਪਏ, ਰਾਹ ਦਰਸ਼ਕ ਬਿਲਾਸਪੁਰ ਵਿੱਚ 5250/- ਰੁਪਏ, ਜਨਵਕਤਾ ਬਿਲਾਸਪੁਰ ਵਿੱਚ 5250/- ਰੁਪਏ, ਹੈਲੋ ਹਿਮਾਚਲ ਕੁੱਲੂ ਵਿੱਚ 5250/- ਰੁਪਏ, ਜੀਵਨ ਪ੍ਰਤਿਭਾ ਊਨਾਂ ਵਿੱਚ 5250/- ਰੁਪਏ, ਚਿੰਤਪੁਰਨੀ ਸਮਾਚਾਰ ਊਨਾਂ ਵਿੱਚ 5250/- ਰੁਪਏ, ਆਪਕਾ ਸਾਮਨਾ ਸ਼ਿਮਲਾ ਵਿੱਚ 5250/- ਰੁਪਏ, ਦੀ ਰਿਵਿਊ ਆਫ ਨਿਊਜ਼ ਸੋਲਨ ਵਿੱਚ 5250/- ਰੁਪਏ, ਪਾਵਰ ਪਤ੍ਰਿਕਾ ਬਿਲਾਸਪੁਰ ਵਿੱਚ 5250/- ਰੁਪਏ, ਹਿਮਾਚਲ ਸੁਰਖੀਆਂ ਸ਼ਿਮਲਾ ਵਿੱਚ 5250/- ਰੁਪਏ, ਡੈਮੋਕ੍ਰੇਸੀ ਪੋਸਟ ਸ਼ਿਮਲਾ ਵਿੱਚ 5250/- ਰੁਪਏ, ਹਿਮ-ਾਚਲ ਊਦੇ ਸੋਲਨ ਵਿੱਚ 5250/- ਰੁਪਏ, ਹਿਮਾਚਲ ਹਲਚਲ ਸ਼ਿਮਲਾ ਵਿੱਚ 5250/- ਰੁਪਏ, ਦਿਵਯਾ ਪ੍ਰਭਾਤ ਸ਼ਿਮਲਾ ਵਿੱਚ 5250/- ਰੁਪਏ, ਆਵਾਜ਼ ਜਨਾਦੇਸ਼ ਸ਼ਿਮਲਾ ਵਿੱਚ 5250/- ਰੁਪਏ, ਗਿਰਿਨਦਰ ਸ਼ਿਮਲਾ ਵਿੱਚ 5250/- ਰੁਪਏ, ਸ਼ਬਦ ਮੰਚ ਬਿਲਾਸਪੁਰ ਵਿੱਚ 5250/- ਰੁਪਏ, ਹਿਮਾਚਲ ਵਾਰਤਾ ਸਿਰਮੌਰ ਵਿੱਚ 5250/- ਰੁਪਏ, ਦੇਵ ਸੰਸਕਾਰ ਊਨਾਂ ਵਿੱਚ 5250/- ਰੁਪਏ, ਹਿਮ ਮਾਨਸ ਹਮੀਰਪੁਰ ਵਿੱਚ 5250/- ਰੁਪਏ, ਹਮੀਰਪੁਰ ਪਤ੍ਰਿਕਾ ਹਮੀਰਪੁਰ ਵਿੱਚ 5250/- ਰੁਪਏ, ਪ੍ਰਿਥਵੀ ਲੋਕ ਹਮੀਰਪੁਰ ਵਿੱਚ 5250/- ਰੁਪਏ, ਸ਼ਿਮਲਾ ਟੂਡੇ ਵੀਕਲੀ ਸ਼ਿਮਲਾ ਵਿੱਚ 5250/- ਰੁਪਏ, ਐਕਸਪੋਜ਼ ਐਕਸਪ੍ਰੈਸ ਵੀਕਲੀ ਹਮੀਰਪੁਰ ਵਿੱਚ 5250/- ਰੁਪਏ, ਦੀ ਸਰਚ ਰਿਪੋਰਟ ਸੋਲਨ ਵਿੱਚ 5250/- ਰੁਪਏ, ਜਾਗੋ ਹਿਮਾਚਲ ਸ਼ਿਮਲਾ ਵਿੱਚ 5250/- ਰੁਪਏ, ਹਿਮਤਾਰੂ ਕੁੱਲੂ ਵਿੱਚ 5000/- ਰੁਪਏ, ਇੰਡੀਆ ਰਿਵਿਜਿਟਿਡ ਸ਼ਿਮਲਾ ਵਿੱਚ 10000/- ਰੁਪਏ, ਅਮਰ ਜਾਗ੍ਰਿਤੀ ਗ੍ਰਹਿਵਾਣੀ ਦਿੱਲੀ ਵਿੱਚ 5000/- ਰੁਪਏ, ਪ੍ਰਥਮ ਇਮਪੈਕਟ ਚੰਡੀਗੜ੍ਹ ਵਿੱਚ 20000/- ਰੁਪਏ, ਬਨੇਸ਼ਵਰੀ ਕਾਂਗੜਾ ਵਿੱਚ 5250/- ਰੁਪਏ, ਦੀ ਇੰਕਲਿੰਗ ਚੰਬਾ ਵਿੱਚ 5250/- ਰੁਪਏ, ਹਿਮਾਚਲ ਦਿਸ ਵੀਕ ਕਾਂਗੜਾ ਵਿੱਚ 15000/- ਰੁਪਏ ਅਤੇ ਹਿਮਾਚਲ ਕ੍ਰਾਂਤੀ ਸੋਲਨ ਵਿੱਚ 5250/- ਰੁਪਏ ਦੇ ਵਿਗਿਆਪਨ ਪ੍ਰਕਾਸ਼ਿਤ ਕਰਵਾਏ ਗਏ ਹਨ।






ਕੁਲਦੀਪ ਚੰਦ
9417563054

ਹਿਮਾਚਲ ਸਰਕਾਰ ਦੇ ਲੋਕ ਸੰਪਰਕ ਵਿਭਾਗ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਜਿੱਥੇ ਹਿਮਾਚਲ ਦਿਵਸ ਸਬੰਧੀ ਲੱਖਾਂ ਰੁਪਏ ਖਰਚਕੇ ਪ੍ਰਚਾਰ ਕੀਤਾ ਗਿਆ ਹੈ ਉਥੇ ਹੀ ਦੂਜੇ ਪਾਸੇ ਭਾਰਤੀ ਸੰਵਿਧਾਨ ਨਿਰਮਾਤਾ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਸਬੰਧੀ ਕੋਈ ਪ੍ਰਚਾਰ ਨਹੀਂ ਕੀਤਾ ਗਿਆ।

# ਪਗੜੀ 'ਤੇ ਲੱਗੀ ਪਾਬੰਦੀ ਖਿਲਾਫ ਇਕਜੁੱਟ ਹੋਏ ਅਮਰੀਕੀ ਸੰਸਦ ਮੈਂਬਰ

ਵਾਸ਼ਿੰਗਟਨ- ਅਮਰੀਕਾ 'ਚ ਸੰਸਦ ਮੈਂਬਰਾਂ ਦੇ ਇਕ ਸਮੂਹ ਨੇ ਮੰਗਲਵਾਰ ਨੂੰ ਕੌਮਾਂਤਰੀ ਬਾਸਕਿਟਬਾਲ ਮਹਾਸੰਘ (ਫੀਬਾ) 'ਚ ਭੇਦਭਾਵ ਖਤਮ ਕੀਤੇ ਜਾਣ ਦੀ ਅਪੀਲ ਕਰਦੇ ਹੋਏ ਕਿਹਾ ਹੈ ਕਿ ਸਿੱਖ ਖਿਡਾਰੀਆਂ ਵਲੋਂ ਪਗੜੀ ਪਹਿਨ ਕੇ ਖੇਡਣ 'ਤੇ ਲਗਾਈ ਗਈ ਪਾਬੰਦੀ ਹਟਾਈ ਜਾਵੇ। ਡੈਮੋਕ੍ਰੇਟਿਕ ਪਾਰਟੀ ਦੇ ਐਮੀ ਬੇਰਾ ਸਣੇ ਕਾਂਗਰਸ ਦੇ 21 ਮੈਂਬਰਾਂ ਨੇ ਫੀਬਾ ਪ੍ਰਧਾਨ ਯੂਨਾਨ ਮਾਯਨਿਨੀ ਨੂੰ ਚਿੱਠੀ ਲਿਖ ਕੇ ਸਿੱਖ ਖਿਡਾਰੀਆਂ ਵਲੋਂ ਪਾਬੰਦੀ ਖਿਲਾਫ ਆਪਣਾ ਵਿਰੋਧ ਜਤਾਇਆ ਹੈ।

ਬੇਰਾ ਅਮਰੀਕੀ ਕਾਂਗਰਸ 'ਚ ਇਕੋ ਇਕ ਭਾਰਤੀ ਹਨ। ਬੇਰਾ ਤੋਂ ਇਲਾਵਾ 21 ਮੈਂਬਰਾਂ 'ਚ ਅਮਰੀਕਾ 'ਚ ਭਾਰਤੀ ਧੜੇ ਦੇ ਸਾਬਕਾ ਪ੍ਰਧਾਨ ਜੋਏ ਕ੍ਰਾਊਲਰ ਵੀ ਸ਼ਾਮਲ ਸਨ। ਸੰਸਦ ਮੈਂਬਰਾਂ ਨੇ ਇਸ



ਭੇਦਭਾਵ 'ਤੇ ਚਿੰਤਾ ਜਤਾਈ ਅਤੇ ਕਿਹਾ ਕਿ ਸਿੱਖ ਖਿਡਾਰੀਆਂ ਨੂੰ ਪਗੜੀ ਪਹਿਨ ਕੇ ਫੀਬਾ ਵਲੋਂ ਆਯੋਜਿਤ ਪ੍ਰਤੀਯੋਗੀਤਾਵਾਂ 'ਚ ਹਿੱਸਾ ਲੈਣ ਤੋਂ ਰੋਕਿਆ ਗਿਆ ਹੈ, ਜਦੋਂ ਕਿ ਪਗੜੀ ਉਨ੍ਹਾਂ ਦੀ ਧਾਰਮਿਕ ਆਸਥਾ ਨਾਲ ਜੁੜੀ ਹੈ। ਸੰਸਦ ਮੈਂਬਰਾਂ ਨੇ ਫੀਬਾ ਨੂੰ ਆਪਣੀ ਭੇਦਭਾਵ ਵਾਲੀ ਨੀਤੀ 'ਚ ਬਦਲਾਅ ਕਰਨ ਦੀ ਮੰਗ ਵੀ ਕੀਤੀ। ਉਨ੍ਹਾਂ ਨੇ ਫੀਬਾ ਨੂੰ ਇਕ ਚਿੱਠੀ ਲਿੱਖੀ ਜਿਸ 'ਚ ਉਨ੍ਹਾਂ ਲਿਖਿਆ ਕਿ ਅਜਿਹਾ ਕੋਈ ਸਬੂਤ ਨਹੀਂ ਮਿਲਦਾ ਕਿ ਪਗੜੀ ਪਹਿਨਣਾ ਬਾਸਕਿਟਬਾਲ ਜਾਂ ਕਿਸੇ ਵੀ ਹਰਮਨਪਿਆਰੀ ਖੇਡ ਦੌਰਾਨ ਕਿਸੇ ਵੀ ਤਰ੍ਹਾਂ ਵਿਰੋਧੀ ਖਿਡਾਰੀਆਂ ਨੂੰ ਨੁਕਸਾਨ ਪਹੁੰਚਾਉਣ ਵਾਲਾ ਹੋਇਆ ਹੋਵੇ।

ਕੌਮਾਂਤਰੀ ਪੱਧਰ 'ਤੇ ਅਨੇਕ ਖੇਡ ਰੈਗੂਲੇਟਰੀ ਸੰਸਥਾ ਨੇ ਪਗੜੀ ਪਹਿਨ ਕੇ ਖੇਡਣ ਦੀ ਇਜਾਜ਼ਤ ਦਿੱਤੀ ਹੋਈ ਹੈ, ਜਿਸ 'ਚ ਐਨ. ਸੀ. ਏ. ਵੀ ਸ਼ਾਮਲ ਹੈ।

# ਉਪਲਬਧੀਆਂ ਦੇ ਨਾਲ ਵਿਵਾਦਾਂ ਨੇ ਵੀ ਘੇਰਿਆ ਕੁਲਪਤੀ ਨੂੰ

ਵਾਰਾਣਸੀ- ਬੀ. ਐਚ. ਯੂ. ਦੇ ਕੁਲਪਤੀ ਡਾ. ਲਾਲ ਜੀ ਸਿੰਘ ਦਾ ਉਪਲਬਧੀਆਂ ਦੇ ਨਾਲ ਵਿਵਾਦਾਂ ਨਾਲ ਵੀ ਵਾਹ ਰਿਹਾ ਹੈ। ਜੇਕਰ ਉਹਨਾਂ ਨੂੰ ਹਸਪਤਾਲ ਵਿਚ ਗਰੀਬਾਂ ਨੂੰ ਸਹਾਰਾ ਦੇਣ ਦੇ ਲਈ ਯਾਦ ਕੀਤਾ ਜਾਵੇਗਾ ਤਾਂ ਉਹਨਾਂ ਦੀ ਦਿਲਸਪੀ ਅਨੁਸੂਚਿਤ ਜਾਤੀ-ਜਨਜਾਤੀ ਕਮਿਸ਼ਨ ਤੋਂ ਜਾਰੀ ਵਾਰੰਟ ਅਤੇ ਕਥਿਤ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਲਈ ਵੀ ਹੋਵੇਗੀ। ਮਨੁੱਖੀ ਸਰੋਤ ਵਿਕਾਸ ਮੰਤਰਾਲੇ ਦੁਆਰਾ ਕਰਵਾਈ ਗਈ ਜਾਂਚ ਨੇ ਵੀ ਡਾ. ਸਿੰਘ ਨੂੰ ਵਿਵਾਦਾਂ ਵਿਚ ਖੜ੍ਹਾ ਕੀਤਾ। ਵੈਸੇ ਕੁਲਪਤੀ ਹੁੰਦਿਆਂ ਡਾ. ਲਾਲ ਜੀ ਸਿੰਘ ਨੇ ਸਭ ਤੋਂ ਜ਼ਿਆਦਾ ਸਰ ਸੁੰਦਰਲਾਲ ਹਸਪਤਾਲ ਨੂੰ ਤੋਹਫਾ ਦਿੱਤਾ।

ਰੇਡੀਓ ਥਰੈਪੀ ਵਾਰਡ, ਲੀਨੀਅਰ ਐਕਸਲੀਰੇਟਰ, ਜੈਨੇਰਿਕ ਦਵਾਈ ਕੇਂਦਰ, ਐਚ ਐਮ ਆਈ ਐਸ, ਚਾਰ ਮੰਜ਼ਿਲਾ ਐਮਰਜੈਂਸੀ, ਗ੍ਰੈਸਟ੍ਰੋ। ਮੈਟਾਬੋਲਿਕ ਵਾਰਡ ਸਮੇਤ ਲੱਗਭੱਗ 70 ਨਵੇਂ ਕੇਂਦਰਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰਖਵਾਇਆ।

ਡਾ. ਸਿੰਘ ਨੇ ਬੀ. ਐਚ. ਯੂ. ਦੇ ਵਿਦਿਅਰਾਥੀਆਂ ਨੂੰ ਸਾਈਬਰ ਲਾਇਬ੍ਰੇਰੀ ਦੀ ਬਹੁਤ ਵੱਡੀ ਨਿਆਮਤ ਦਿੱਤੀ। ਸਾਈਬਰ ਲਾਇਬ੍ਰੇਰੀ ਨਾਲ ਲੈਸ ਬੀ. ਐਚ. ਯੂ. ਭਾਰਤ ਦੀ ਪਹਿਲੀ ਯੂਨੀਵਰਸਿਟੀ ਬਣ ਗਈ।

ਗਰੀਬ ਵਿਦਿਆਰਥੀਆਂ ਨੂੰ ਮੁਫਤ ਅੰਗਰੇਜ਼. ਕਲਾਸ, ਬਿਲਡਿੰਗ ਤੋਂ ਬਰਕਛਾ ਤੱਕ ਬੱਸ ਸੇਵਾ, ਮਧੂਬਨ ਵਿਚ ਸੁੰਦਰੀਕਰਨ ਆਦਿ ਕੰਮ ਡਾ. ਸਿੰਘ ਦੇ ਹੀ ਕਾਰਜਕਾਲ ਵਿਚ ਹੋਏ।

ਵਿਵਾਦ: ਡਾ. ਲਾਲ ਜੀ ਨੇ ਜਿੰਨੀਆਂ ਉਪਲਬਧੀਆਂ ਪ੍ਰਾਪਤ ਕੀਤੀਆਂ, ਉਨੇ ਹੀ ਵਿਵਾਦ ਵੀ ਉਠੇ। ਉਹਨਾਂ ਦੇ ਕਾਰਜਕਾਲ ਵਿਚ ਹੀ ਡਾ. ਇੰਦੂ ਚੌਧਰੀ ਮਾਮਲੇ ਵਿਚ ਅਨੁਸੂਚਿਤ ਜਾਤੀ-ਜਨਜਾਤੀ ਕਮਿਸ਼ਨ ਵੱਲੋਂ ਵਾਰੰਟ ਜਾਰੀ ਹੋਇਆ ਸੀ। ਬਾਅਦ ਵਿਚ ਯੂਨੀਵਰਸਿਟੀ ਪ੍ਰਸ਼ਾਸਨ ਨੇ ਇਸ ਤੇ ਹਾਈਕੋਰਟ ਇਲਾਹਾਬਾਦ ਤੋਂ ਸਟੇਅ ਆਰਡਰ ਲੈ ਲਿਆ ਸੀ। ਇਸ ਤੋਂ ਬਾਅਦ ਯੂਨੀਵਰਸਿਟੀ ਦੇ ਬਰਖਾਸਤ ਪ੍ਰੋਫੈਸਰ ਰਾਮਾਸ਼ਰ ਪ੍ਰਸਾਦ ਸਿੰਘ ਨੇ ਕੁਲਪਤੀ ਤੇ ਭ੍ਰਿਸ਼ਆਚਾਰ ਦੇ ਗੰਭੀਰ ਦੋਸ਼ ਲਗਾਏ। ਪਿਛਲੇ ਸਾਲ ਆਜ਼ਾਦੀ ਦਿਨ ਤੇ ਐਂਫੀਥ੍ਰੀਏਟਰ ਵਿਚ ਉਲਟਾ ਝੰਡਾ ਲਹਿਰਾਉਣ ਤੇ ਉਹਨਾਂ ਦੇ ਖਿਲਾਫ ਐਫ. ਆਈ. ਆਰ. ਦਰਜ ਹੋਈ ਸੀ। ਜਿਨੋਮ ਫਾਊਂਡੇਸ਼ਨ ਨੂੰ ਲੈ ਕੇ ਕਈ ਕਿਸਮ ਦੇ ਦੋਸ਼ ਵੀ ਲੱਗੇ। ਇਹਨਾਂ ਦੇ ਹੀ ਕਾਰਜਕਾਲ ਵਿਚ ਯੂਨੀਵਰਸਿਟੀ ਤੇ ਸਭ ਤੋਂ ਜ਼ਿਆਦਾ ਮੁਕੱਦਮੇ ਹੋਏ। ਸਭ ਤੋਂ ਜ਼ਿਆਦਾ ਮੁਕੱਦਮਾ ਨਿਯੁਕਤੀਆਂ ਨਾਲ ਸਬੰਧਤ ਸੀ। ਇਹਨਾਂ ਨੂੰ ਸਭ ਦੋਸ਼ਾਂ ਦੀ ਸ਼ਿਕਾਇਤ ਲੋਕਾਂ ਨੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਨੂੰ ਕੀਤੀ।

ਨਵੀਂ ਸਰਕਾਰ ਬਣਦੇ ਹੀ ਕੁਲਪਤੀ ਦੇ ਖਿਲਾਫ ਦੋ ਮੈਂਬਰੀ ਫੈਕਟ ਫਾਈਡਿੰਗ ਕਮੇਟੀ ਗਠਿਤ ਕਰ ਦਿੱਤੀ। ਇਸ ਕਮੇਟੀ ਨੇ ਆਪਣੀ ਰਿਪੋਰਟ ਮਨੁੱਖੀ ਸਰੋਤ ਵਿਕਾਸ ਮੰਤਰੀ ਨੂੰ ਸੌਂਪ ਦਿੱਤੀ ਹੈ। ਹੁਣ ਇਸ ਤੇ ਕਾਰਵਾਈ ਹੋਣੀ ਬਾਕੀ ਹੈ। ਸੂਤਰਾਂ ਦੀ ਮੰਨੀਏ ਤਾਂ ਮੰਤਰਾਲਾ ਯੂਨੀਵਰਸਿਟੀ ਵਿਚ ਕੈਗ ਦੀ ਜਾਂਚ ਕਰਾਉਣ ਬਾਰੇ ਸੋਚ ਰਿਹਾ ਹੈ।

# ਰੁੱਖ ਬੋਲਦਾ ਹੈ



ਹਰਨੇਕ ਸਿੰਘ ਅੱਧੀ ਉਮਰ ਭੋਗ ਚੁੱਕਾ ਸੀ। ਹਰ ਵੇਲੇ ਕੁੱਝ-ਨਾ-ਕੁੱਝ ਕਰਦਾ ਰਹਿੰਦਾ। ਅੰਧ-ਵਿਸ਼ਵਾਸੀ ਲੋਕਾਂ ਨਾਲ ਉਸਨੂੰ ਸਖ਼ਤ ਨਫ਼ਰਤ ਸੀ। ਅੰਧ-ਵਿਸ਼ਵਾਸਾਂ 'ਚ ਫਸੇ ਲੋਕਾਂ ਨੂੰ ਸਮਝਾਉਣ ਲਈ ਉਸ 'ਚ ਬੜਾ ਜਿਗਰਾ ਸੀ। ਹਰ ਕੋਈ ਉਸ ਦੀ ਗੱਲ ਤਾਂ ਸੁਣਦਾ ਪਰ ਉੱਠਦੇ ਹੀ ਕੰਨੀ ਝਾੜ ਦਿੰਦਾ। ਉਹ ਥੱਕ ਚੁੱਕਾ ਸੀ। ਇਕ ਦੁਪਹਿਰ ਹਰਨੇਕ ਪਿੰਡ ਤੋਂ ਬਾਹਰ ਜਾਮਣ ਦੇ ਰੁੱਖ ਹੇਠਾਂ ਢਾਸਣਾ ਲਾ ਕੇ ਬੈਠਾ ਸੀ। ਇਹ ਰੁੱਖ ਉਸੇ ਪਾਸੇ ਸੀ ਜਿਧਰ ਲੋਕ ਪਾਖੰਡੀ ਸਿਆਣੇ ਦੇ ਡੇਰੇ ਜਾਂਦੇ ਸਨ। ਉਧਰੋਂ ਬੰਨਤੋ ਤੇ ਦੋ ਗੁਆਂਢਣਾਂ ਉਸ ਕੋਲ ਦੀ ਲੰਘੀਆਂ। ਹਰਨੇਕ ਇਕਦਮ ਬੋਲਿਆ, 'ਰੁੱਖ ਬੋਲਦਾ ਹੈ।' ਤਿੰਨੋਂ ਖੜਦੀਆਂ ਲਰ; 'ਉਏ ਕਮਲਿਆ, ਰੁੱਖ ਕਦੀ ਵੀ ਨਹੀਂ।

'ਨਹੀਂ, ਥੋੜੀ ਦੇਰ ਪਹਿਲਾਂ ਰੁੱਖ ਨੇ ਸੱਚੀ ਮੇਰੇ ਨਾਲ ਗੱਲਾਂ ਕੀਤੀਆਂ ਸੀ। ', ਹਰਨੇਕ ਉਠ ਖੜਾ ਹੋਇਆ।

ਬੰਨਤੋ ਨੇ ਨੇੜੇ ਹੁੰਦਿਆ ਪੁੱਛਿਆ, 'ਵੇ! ਹਰਨੇਕੂ, ਕੀ ਗੱਲਾਂ ਕਰਦਾ ਸੀ ਰੁੱਖ ਤੇਰੇ ਨਾਲ.. ..?'

'ਚਾਚੀ ਰੁੱਖ ਕਹਿੰਦਾ, ਅਸੀਂ ਸਭ ਇਥੇ ਜੂਨਾਂ ਭੋਗਣ ਆਉਂਦੇ ਹਾਂ। ਇਨਸਾਨੀ ਜਾਮਾ ਸਾਨੂੰ ਆਪਾ ਸੁਧਾਰਨ ਲਈ ਮਿਲਿਆ ਏ। ਪਿਆਰ ਕਰੀਏ, ਵੱਢੋ-ਟੁਕੀ ਨਹੀਂ, ਇਨਸਾਨੀਆਤ ਖਾਤਿਰ', ਹਰਨੇਕ ਬੋਲਿਆ। 'ਇਹ ਝੂਠ ਹੈ....।', ਗੁਆਂਢਣ ਬੋਲੀ।

'ਉਹ ਸਿਆਣਾ ਕਿਸ ਨਾਲ, ਕੀ ਗੱਲਾਂ ਕਰਦਾ ਹੈ? ਜਿਸ ਨਾਲ ਸਿਆਣਾ ਗੱਲਾਂ ਕਰਦਾ ਹੈ ਕਦੀ ਉਸ ਦੀ 'ਵਾਜ਼ ਸੁਣੀ ਏ ਤੁਹਾਨੂੰ? ਝੂਠ. . . . .ਇਹ ਨਹੀਂ, ਪਾਖੰਡੀ ਸਿਆਣਾ ਬੋਲਦਾ ਹੈ, ਜਿਥੇ ਤੁਸੀਂ ਸਭ ਠੱਗੀਣ ਜਾਂਦੇ ਹੋ।' , ਹਰਨੇਕ ਆਪਣੀ ਗੱਲ ਪੂਰੀ ਕਰਦਾ ਘਰ ਨੂੰ ?

**- ਅੰਮ੍ਰਿਤ ਰਾਏ 'ਪਾਲੀ'**

# ਹਿਮਾਚਲ 'ਚ 100 ਸਾਲ ਪੁਰਾਣਾ ਪੁੱਲ ਡਿੱਗਿਆ

ਸ਼ਿਮਲਾ- ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲੇ 'ਚ 100 ਸਾਲ ਪੁਰਾਣਾ ਇਕ ਪੁੱਲ ਡਿੱਗ ਗਿਆ। ਇਹ ਜਾਣਕਾਰੀ ਇੱਥੇ ਐਤਵਾਰ ਨੂੰ ਅਧਿਕਾਰੀਆਂ ਨੇ ਦਿੱਤੀ। ਪੁੱਲ ਡਿੱਗਣ ਨਾਲ ਚਾਯਲ ਨਾਂ ਦੇ ਟੂਰੀਸਟ ਅਤੇ ਕੰਦਘਟ ਦੇ ਵਿਚ ਸੰਪਰਕ ਟੁੱਟ ਗਿਆ ਹੈ।



ਇਹ ਪੁੱਲ ਇਕ ਸਦੀ ਤੋਂ ਵੀ ਪੁਰਾਣਾ ਦੱਸਿਆ ਗਿਆ ਹੈ। ਲੋਕ ਨਿਰਮਾਣ ਵਿਭਾਗ ਦੇ ਪ੍ਰਮੁੱਖ ਸਕੱਤਕ ਨਰਿੰਦਰ ਚੌਹਾਨ ਨੇ ਕਿਹਾ ਕਿ ਪੁੱਲ ਸ਼ਨੀਵਾਰ ਨੂੰ ਉਸ ਸਮੇਂ ਡਿੱਗ ਗਿਆ ਜਦੋਂ ਸੇਬਾਂ ਨਾਲ ਭਰਿਆ ਇਕ ਟਰੱਕ ਨੇ ਇਸ ਨੂੰ ਪਾਰ ਕਰਨ ਦੀ ਕੋਸ਼ਿਸ਼ ਕੀਤੀ। ਪੁੱਲ 'ਤੇ ਚਿਤਾਵਨੀ ਲਿਖੀ ਹੋਈ ਸੀ ਕਿ ਉਹ ਭਾਰ ਨਹੀਂ ਝਲ ਸਕਦਾ। ਉਨ੍ਹਾਂ ਨੇ ਕਿਹਾ ਕਿ ਸੰਧੂਪੁਲ ਦੇ ਕਰੀਬ ਕੰਦਘਟ-ਚਾਯਲ ਰੋਡ 'ਤੇ ਹਲਕੇ ਵਾਹਨਾਂ ਲਈ ਇਕ ਅਸਥਾਈ ਰਸਤਾ ਬਣਾਇਆ ਗਿਆ ਹੈ। ਹਾਲਾਂਕਿ ਇਸ ਰਸਤੇ 'ਤੇ ਬੱਸ ਅਤੇ ਟਰੱਕ ਵਰਗੇ ਭਾਰੀ ਵਾਹਨ ਨਹੀਂ ਚੱਲ ਸਕਦੇ। ਉੱਧਰ ਡਿਪਟੀ ਕਮਿਸ਼ਨਰ ਮਦਨ ਚੌਹਾਨ ਨੇ ਕਿਹਾ ਕਿ ਕੰਦਘਟ ਹੋ ਕੇ ਚਾਯਲ ਜਾਣ ਵਾਲੇ ਟ੍ਰੈਫਿਕ ਨੂੰ ਗੌਂਡਾ ਲਿੰਕ ਰੋਡ ਹੋ ਕੇ ਸਲੋਗੜਾ-ਅਸ਼ਵਨੀ ਨਾਲੇ ਤੋਂ ਨਿਕਲਣਾ ਚਾਹੀਦਾ ਹੈ। ਚਾਯਲ ਜਾਣ ਲਈ ਸ਼ਿਮਲਾ-ਕੁਫਰੀ ਰੂਟ ਵੀ ਅਜ਼ਮਾ ਸਕਦੇ ਹਨ। ਚੌਹਾਨ ਨੇ ਕਿਹਾ ਕਿ ਪੁੱਲ ਦੀ ਮੁਰੰਮਤ ਦਾ ਕੰਮ ਛੇਤੀ ਸ਼ੁਰੂ ਹੋਵੇਗਾ। ਇਹ ਜਗ੍ਹਾ ਉਸ ਸਮੇਂ ਮਸ਼ਹੂਰ ਹੋਈ ਸੀ ਜਦੋਂ ਅਭਿਨੇਤਾ ਆਮਿਰ ਖਾਨ ਨੇ ਆਪਣੀ ਫਿਲਮ '3 ਇਡੀਅਟਸ' ਦੀ ਸ਼ੂਟਿੰਗ ਕੀਤੀ।






ਦੇਸ਼ ਦੁਆਬਾ

# ਉਪ ਚੋਣਾਂ ਦੇ ਪੰਜਾਬ ਦੀ ਭਵਿੱਖੀ ਰਾਜਨੀਤੀ ਤੇ ਅਸਰ

ਪੰਜਾਬ ਵਿਚ ਹਾਲ ਹੀ ਵਿਚ ਦੋ ਹਲਕਿਆਂ ਦੀਆਂ ਉਪ ਚੋਣਾਂ ਹੋ ਕੇ ਹਟੀਆਂ ਹਨ। ਇਹਨਾਂ ਦੋਵੇਂ ਚੋਣਾਂ ਦੇ ਨਤੀਜੇ ਹੈਰਾਨੀਜਨਕ ਵੀ ਹਨ ਅਤੇ ਭਵਿੱਖ ਦੀ ਰਾਜਨੀਤੀ ਦਾ ਝਲਕਾਰਾ ਦੇਣ ਵਾਲੇ ਵੀ ਹਨ। ਪਟਿਆਲਾ ਤੋਂ ਕਾਂਗਰਸ ਦੀ ਉਮੀਦਵਾਰ ਬੀਬੀ ਪ੍ਰਨੀਤ ਕੌਰ ਨੇ ਕਾਫੀ ਵੱਡੀ ਲੀਡ ਮਿਲੀ ਹੈ, ਜਦਕਿ ਤਲਵੰਡੀ ਸਾਬੋ ਤੋਂ ਅਕਾਲੀ ਦਲ ਦੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਨੂੰ ਕਾਫੀ ਵੱਡੀ ਲੀਡ ਮਿਲੀ ਹੈ।ਇਹਨਾਂ ਚੋਣਾਂ ਵਿਚ ਸਭ ਤੋਂ ਜ਼ਿਆਦਾ ਨੁਕਸਾਨ ਆਮ ਆਦਮੀ ਪਾਰਟੀ ਨੂੰ ਹੋਇਆ ਸੀ। ਇਹ ਉਹੀ ਪਾਰਟੀ ਹੈ, ਜਿਸ ਨੇ ਲੋਕ ਸਭਾ ਚੋਣਾਂ ਵਿਚ ਪੰਜਾਬ ਦੇ ਸਿਆਸੀ ਸਮੀਕਰਨ ਹੀ ਵਿਗਾੜ ਦਿੱਤੇ ਸਨ। ਇਸ ਪਾਰਟੀ ਦੇ ਕਾਰਨ ਕਾਂਗਰਸ ਅਤੇ ਅਕਾਲੀ ਦਲ ਦੇ ਵੱਡੇ-ਵੱਡੇ ਧੜਵੈਲ ਲੀਡਰ ਹਾਰ ਗਏ ਸਨ ਅਤੇ ਵੋਟ ਪ੍ਰਤੀਸ਼ਤ ਵੀ ਬਿਲਕੁਲ ਬਦਲ ਗਿਆ ਸੀ। ਪਰ ਸਿਰਫ 100 ਕੁ ਦਿਨਾਂ ਦੇ ਸਮੇਂ ਵਿਚ ਹੀ ਮਾਹੌਲ ਬਦਲ ਗਿਆ। ਆਮ ਆਦਮੀ ਪਾਰਟੀ ਨੂੰ ਆਸ ਸੀ ਕਿ ਉਹਨਾਂ ਨੂੰ ਲੋਕ ਸਭਾ ਚੋਣਾਂ ਵਾਂਗ ਹੀ ਦੋਵੇਂ ਵਿਧਾਨ ਸਭਾ ਹਲਕਿਆਂ ਵਿਚ ਜਿੱਤ ਨਾ ਮਿਲੀ ਤਾਂ ਵੱਡੀ ਲੀਡ ਮਿਲੇਗੀ, ਪਰ ਇਹ ਸਿਰਫ ਭਰਮ ਹੀ ਸਿੱਧ ਹੋਇਆ। ਪਟਿਆਲਾ ਵਿਧਾਨ ਸਭਾ ਹਲਕੇ ਤੋਂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਕਾਂਗਰਸ ਅਤੇ ਅਕਾਲੀ ਦਲ ਦੇ ਵੋਟ ਬੈਂਕ ਨੂੰ ਬੁਰੀ ਤਰ੍ਹਾਂ ਖੋਰਾ ਲਗਾਇਆ ਸੀ।ਹਲਕਾ ਤਲਵੰਡੀ ਸਾਬੋ ਵਿਚ ਵੀ ਇਸ ਪਾਰਟੀ ਨੂੰ 10 ਹਜ਼ਾਰ ਦੇ ਕਰੀਬ ਵੋਟ ਮਿਲੀ ਸੀ, ਇਸ ਵਾਰ ਵੀ ਇੰਨੀ ਕੁ ਵੋਟ ਮਿਲ ਗਈ ਹੈ, ਪਰ ਪਟਿਆਲੇ ਵਿਖ ਇਸ ਨੂੰ ਵੱਡਾ ਖੋਰਾ ਲੱਗਿਆ ਹੈ। ਸਭ ਤੋਂ ਵੱਡੀ ਚਿੰਤਾਜਨਕ ਗੱਲ ਇਹ ਵੀ ਹੈ ਕਿ ਬਸਪਾ ਦੁਆਰਾ ਆਮ ਆਦਮੀ ਪਾਰਟੀ ਨੂੰ ਖੁੱਲ੍ਹੀ ਹਮਾਇਤ ਦੇਣ ਦੇ ਬਾਵਜੂਦ ਵੀ ਪਟਿਆਲਾ ਵਿਚ ਇਸ ਦੇ ਉਮੀਦਵਾਰ ਦੀ ਜ਼ਮਾਨਤ ਜਬਤ ਹੋ ਗਈ। ਵੋਟਰਾਂ ਦੇ ਇਸ ਬਦਲੇ ਨਜ਼ਰੀਏ ਨੂੰ ਸਮਝਣਾ ਭਾਵੇਂ ਮੁਸ਼ਕਿਲ ਹੈ, ਪਰ ਇਕ ਗੱਲ ਸਪਸ਼ਟ ਹੈ ਕਿ ਅਕਾਲੀ ਦਲ ਨੇ ਪਹਿਲਾਂ ਵਾਂਗ ਬਲ, ਛਲ ਦੀ ਨੀਤੀ ਅਪਣਾ ਕੇ ਆਪਣਾ ਵਕਾਰ ਬਚਾ ਲਿਆ ਹੈ, ਜਦਕਿ ਦੂਜੇ ਪਾਸੇ ਪਟਿਆਲਾ ਤੋਂ ਸ਼ਾਹੀ ਪਰਿਵਾਰ ਨੇ ਵੀ ਆਪਣੀ ਇਜਤ ਬਚਾ ਲਈ ਹੈ। ਕਾਂਗਰਸ ਦੇ ਕਈ ਅਹਿਮ ਲੀਡਰਾਂ ਦੇ ਵਕਾਰ ਨੂੰ ਤਲਵੰਡੀ ਸਾਬੋ ਵਿਚ ਅਕਾਲੀ ਦਲ ਦੀ ਵੱਡੀ ਜਿੱਤ ਦੇ ਕਾਰਨ ਜਿੱਥੇ ਖੋਰਾ ਲੱਗਿਆ ਹੈ, ਉਥੇ ਹੀ ਅਕਾਲੀ ਦਲ ਦਾ ਸੁਖਬੀਰ ਬਾਦਲ ਦੀ ਅਗਵਾਈ ਵਿਚ ਹੋਰ ਮਜ਼ਬੂਤ ਹੋਣ ਦਾ ਰਾਹ ਪੱਧਰਾ ਹੋਇਆ ਹੈ। ਪੰਜਾਬ ਵਿਚ ਇਹਨਾਂ ਦੋਵੇਂ ਚੋਣਾਂ ਦੇ ਨਤੀਜਿਆਂ ਨੇ ਇਹ ਲੱਗਭੱਗ ਤਹਿ ਕਰ ਦਿੱਤਾ ਹੈ ਕਿ ਪੰਜਾਬ ਦੀ ਭਵਿੱਖੀ ਰਾਜਨੀਤੀ ਕਾਂਗਰਸ ਅਤੇ ਅਕਾਲੀ ਦਲ ਦੁਆਲੇ ਹੀ ਘੁੰਮੇਗੀ। ਕਾਂਗਰਸ ਇਕ ਵਾਰ ਫਿਰ ਪਟਿਆਲਾ ਦੇ ਸ਼ਾਹੀ ਪਰਿਵਾਰ ਹੱਥ ਪੰਜਾਬ ਕਾਂਗਰਸ ਦੀ ਕਮਾਨ ਪਕੜਾ ਸਕਦੀ ਹੈ, ਦੂਜੇ ਪਾਸੇ ਅਕਾਲੀ ਦਲ ਨੂੰ ਭਾਜਪਾ ਵੱਲੋਂ ਵਾਰ-ਵਾਰ ਦਿਖਾਈਆਂ ਜਾ ਰਹੀਆਂ ਅੱਖਾਂ ਦੇ ਕਾਰਨ ਕਿਸੇ ਹੋਰ ਭਾਈਵਾਲ ਦੀ ਲੋੜ ਪੈ ਸਕਦੀ ਹੈ। ਭਾਈਵਾਲੀ ਦੀ ਇਸ ਲਿਸਟ ਵਿਚ ਅਕਾਲੀ ਦਲ ਦੀ ਅੱਖ ਬਸਪਾ ਵੱਲ ਵੀ ਹੈ ਅਤੇ ਆਮ ਆਦਮੀ ਪਾਰਟੀ ਵੱਲ ਵੀ। ਹੁਣ ਦੇਖਣਾ ਇਹ ਹੋਵੇਗਾ ਕਿ ਅਕਾਲੀ ਦਲ ਅਗਲੇਰੇ ਸਮੇਂ ਵਿਚ ਕੀ ਪੈਂਤੜਾ ਵਰਤਦਾ ਹੈ।

– ਤਰਸੇਮ ਜਲੰਧਰੀ (ਸੰਪਾਦਕ)

# ਬਲਬੀਰ ਮਾਧੋਪੁਰੀ ਨੂੰ ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ



ਪੰਜਾਬੀ ਲੇਖਕ ਬਲਬੀਰ ਮਾਧੋਪੁਰੀ ਨੂੰ ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ 2013 ਨਾਲ ਸਨਮਾਨਿਆ ਗਿਆ। ਉਹਨਾਂ ਨੂੰ ਇਹ ਇਨਾਮ 'ਰਾਜਕਮਲ ਚੌਧਰੀ ਦੀਆਂ ਕਹਾਣੀਆਂ' ਦੇ ਪੰਜਾਬੀ ਅਨੁਵਾਦ ਵਾਸਤੇ ਦਿੱਤਾ ਗਿਆ। ਇਸ ਪੰਜਾਬੀ ਪੁਸਤਕ ਦਾ ਪ੍ਰਕਾਸ਼ਨ ਨੈਸ਼ਨਲ ਬੁਕ ਟਰੱਸਟ ਵੱਲੋਂ ਕੀਤਾ ਹੋਇਆ ਹੈ।

ਬਲਬੀਰ ਮਾਧੋਪਰੀ ਨੇ ਹੁਣ ਤੱਕ ਹਿੰਦੀ ਤੇ ਅੰਗਰੇਜ਼ੀ ਤੋਂ 27 ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਹੈ। ਉਹਨਾਂ ਵੱਲੋਂ ਅਨੁਵਾਦਕ ਪੁਸਤਕਾਂ ਵਿਚ ਵਿਸ਼ੇਸ਼ ਤੌਰ ਤੇ ਲੱਜਾ, ਐਡਵਿਨਾ ਤੇ ਨਹਿਰੂ, ਸ਼ਹੀਦਾਂ ਦੇ ਖ਼ਤ, ਮਿੱਟੀ ਬੋਲਦੀ ਹੈ, ਮੇਰਾ ਬਚਪਨ ਮੇਰੇ ਮੋਢੇ ਅਤੇ ਸੁਭਾਸ਼ ਨੀਰਵ ਦੀਆਂ ਚੋਣਵੀਆਂ ਕਹਾਣੀਆਂ ਆਦਿ ਹਨ।

ਮਾਧੋਪੁਰੀ ਦੀਆਂ 13 ਮੌਲਿਕ ਪੁਸਤਕਾਂ ਤੇ ਉਹਨਾਂ ਦੀ ਸਵੈਜੀਵਨੀ 'ਛਾਂਗਿਆ ਰੁੱਖ' ਕੁਝ ਭਾਰਤੀ ਭਾਸ਼ਾਵਾਂ ਸਮੇਤ ਅੰਗਰੇਜ਼ੀ ਵਿਚ ਐਕਸਫੋਰਡ ਯੂਨੀਵਰਸਿਟੀ ਪ੍ਰੈਸ ਅਤੇ ਸ਼ਾਹਮੁਖੀ ਵਿਚ ਪਾਕਿਸਤਾਨ ਵਿਚ ਪਹਿਲਾਂ ਹੀ ਪ੍ਰਕਾਸ਼ਿਤ ਹੋ ਚੁੱਕੀ ਹੈ। ਬਲਬੀਰ ਦੇ ਤਿੰਨ ਕਾਵਿ ਸੰਗ੍ਰਹਿ ਦਲਿਤ ਦੇ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਚਰਚਾ ਵਿਚ ਹਨ। ਮਾਧੋਪੁਰੀ ਨੇ 40 ਪੁਸਤਕਾਂ ਦਾ ਸੰਪਾਦਨ ਵੀ ਕੀਤਾ ਹੈ। ਉਹਨਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਹ ਤਨਦੇਹੀ ਨਾਲ ਸਾਹਿਤ ਨੂੰ ਸਮਰਪਿਤ ਸ਼ਖ਼ਸ ਹੈ ਤੇ ਸਮੇਂ ਦੀ ਭਰਪੂਰ ਵਰਤੋਂ ਕਰਦਾ ਹੈ। ਉਹਨਾਂ ਨੇ ਹੋਰ ਕਿਹਾ ਕਿ ਉਸ ਦੀ ਮਾਂ ਬੋਲੀ ਪੰਜਾਬੀ ਨੇ ਉਸ ਨੂੰ ਰੋਜ਼ੀ-ਰੋਟੀ ਦਿੱਤੀ ਤੇ ਨਾਲ ਹੀ ਸ਼ੋਹਰਤ ਵੀ। ਉਹ ਇਸ ਸਮੇਂ ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲਾ ਦੇ ਪ੍ਰਕਾਸ਼ਨ ਵਿਭਾਗ ਵਿਚ ਡਿਪਟੀ ਡਾਇਰੈਕਟਰ ਤੇ ਯੋਜਨਾ (ਪੰਜਾਬੀ) ਮਾਸਿਕ ਦੇ ਸੰਪਾਦਕ ਹਨ। ਉਹਨਾਂ ਦਾ ਪਿਛੋਕੜ ਜਲੰਧਰ ਜ਼ਿਲ੍ਹੇ ਦੇ ਪਿੰਡ ਮਾਧੋਪੁਰ, ਨੇੜੇ ਭੋਗਪੁਰ ਦੇ ਇਕ ਗਰੀਬ ਪਰਿਵਾਰ ਨਾਲ ਹੈ।

ਸਾਹਿਤ ਅਕਾਡਮੀ ਵੱਲੋਂ 23 ਵੱਖ-ਵੱਖ ਭਾਰਤੀ ਭਾਸ਼ਾਵਾਂ ਦੇ ਅਨੁਵਾਦਕਾਂ ਨੂੰ ਇਹ ਪੁਰਸਕਾਰ ਇਸ ਵਾਰ ਅਸਮ ਦੇ ਸ਼ਹਿਰ ਗੁਹਾਟੀ ਵਿਖੇ 22 ਅਗਸਤ 2014 ਨੂੰ ਦਿੱਤੇ ਗਏ। ਪੁਰਸਕਾਰਾਂ ਦੇ ਦਿੱਤੇ ਜਾਣ ਦੀ ਰਸਮ ਅਕਾਡਮੀ ਦੇ ਪ੍ਰਧਾਨ ਵਿਸ਼ਵਨਾਥ ਪ੍ਰਸਾਦ ਤਿਵਾਰੀ ਨੇ ਨਿਭਾਈ। ਪੁਰਸਕਾਰ ਵਿਚ ਪ੍ਰਸੰਸਾ ਪੱਤਰ, ਸਨਮਾਨ ਚਿੰਨ੍ਹ ਸਮੇਤ 50 ਹਜ਼ਾਰ ਰੁਪਏ ਨਕਦ ਸ਼ਾਮਲ ਹਨ। ਇਸ ਪ੍ਰਭਾਵਸ਼ਾਲੀ ਸਮਾਗਮ ਦੇ ਪ੍ਰਮੁੱਖ ਵਕਤਾ ਡਾ. ਕੇਦਾਰਨਾਥ ਸਿੰਘ ਨੇ ਅਨੁਵਾਦ ਦੀ ਮਹੱਤਤਾ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ। ਮੰਚ ਦਾ ਸੰਚਾਲਨ ਅਤੇ ਅਨੁਵਾਦ ਪੁਰਸਕਾਰ ਪ੍ਰਾਪਤ ਕਰਨ ਵਾਲੇ ਲੇਖਕਾਂ ਬਾਰੇ ਪ੍ਰਸੰਸਾ ਪੱਤਰ ਸਾਹਿਤ ਅਕਾਡਮੀ ਦੇ ਸਕੱਤਰ ਐਸ. ਰਾਓ ਨੇ ਪੜ੍ਹੇ।

# 22 ਅਗਸਤ 2014, ਸਾਹਿਤ ਅਕਾਡਮੀ ਅਨੁਵਾਦ ਪੁਰਸਕਾਰ ਸਮੇਂ ਦਾ ਭਾਸ਼ਣ

**ਬਲਬੀਰ ਮਾਧੋਪੁਰੀ**

**ਸਾਹਿਤਕਾਰ ਸਾਥੀਓ,**

ਸਭ ਤੋਂ ਪਹਿਲਾਂ ਮੈਂ ਆਪਣੇ ਸਾਹਿਤ ਤੇ ਅਨੁਵਾਦ ਦੇ ਪੱਖ ਵਿਚ ਤੱਥ ਪੇਸ਼ ਕਰਨਾ ਚਾਹੁੰਦਾ ਹਾਂ ਕਿ ਮੈਨੂੰ ਸਕੂਲ-ਕਾਲਜ ਦੀ ਪੜ੍ਹਾਈ ਦੌਰਾਨ ਦੇਸ਼-ਵਿਦੇਸ਼ ਦਾ ਸਾਹਿਤ ਪੜ੍ਹਨ ਦੀ ਚੇਟਕ ਲੱਗ ਗਈ ਸੀ। ਕਾਲਜ ਦੇ ਵਿਦਿਆਰਥੀ ਹੋਣ ਵੇਲੇ ਮੈਨੂੰ ਸੋਵੀਅਤ ਸਾਹਿਤ ਪੜ੍ਹਨ ਦਾ ਭੁੱਸ ਪੈ ਗਿਆ। ਮਾਰਕਸਵਾਦੀ-ਲੈਨਿਨਵਾਦੀ ਸਾਹਿਤ ਦੇ ਨਾਲ-ਨਾਲ ਨਾਵਲ, ਕਹਾਣੀ-ਸੰਗ੍ਰਹਿ ਤੇ ਕਾਵਿ-ਸੰਗ੍ਰਹਿ ਵੇਚਣ ਲਈ ਪੰਜਾਬ ਬੁੱਕ ਸੈਂਟਰ, ਜਲੰਧਰ ਸਥਿਤ ਦੁਕਾਨ ਜਾਂ ਉਸ ਦੀ ਚਲਦੀ-ਫਿਰਦੀ ਬੁੱਕ ਵੈਨ ਤੋਂ ਇਹ ਪੁਸਤਕਾਂ ਸਿਰਫ ਪੰਜਾਹ ਪੈਸੇ ਵਿਚ ਤੇ ਵੱਧ ਤੋਂ ਵੱਧ ਡੇਢ ਰੁਪਏ ਵਿਚ ਮਿਲ ਜਾਂਦੀਆਂ। ਸੋਚਦਾ ਕਿ ਇਹ ਸਾਰੀਆਂ ਕਿਸੇ ਤਰ੍ਹਾਂ ਮੇਰੀਆਂ ਹੋ ਜਾਣ। ਪਰ ਇੱਥੇ ਮੈਂ ਤੁਹਾਡੇ ਨਾਲ ਇਸ ਸਬੰਧੀ ਰਾਜ਼ ਦੀ ਗੱਲ ਸਾਂਝੀ ਕਰਨੀ ਚਾਹੁੰਦਾ ਹਾਂ। ਜਦੋਂ (1968-71) ਦੌਰਾਨ ਮੈਂ ਬਾਲ-ਮਜ਼ਦੂਰ ਤੋਂ ਬਾਲਿਗ ਮਜ਼ਦੂਰ ਵਿਚ ਬਦਲ ਗਿਆ ਤਾਂ ਉਦੋਂ (1972) ਮੈਨੂੰ ਅੱਧੀ ਦਿਹਾੜੀ ਦੀ ਮਜ਼ਦੂਰੀ 12 ਆਨੇ ਯਾਨਿ 75 ਪੈਸੇ ਦੀ ਥਾਂ ਡੇਢ ਰੁਪਿਆ ਮਿਲਣ ਲੱਗ ਪਿਆ ਸੀ। ਕੜਾਕੇ ਦੀ ਠੰਢ ਤੇ ਚੰਮ ਲੂੰਹਦੀ ਧੁੱਪ ਵਿਚ ਕਣਕ-ਮੱਕੀ ਤੇ ਕਮਾਦ ਗੁੱਡਣ, ਆਲੂ ਬੀਜਣ ਤੇ ਖੇਲਾਂ ਸੁਆਰਨ, ਝੋਨੇ ਦੀ ਪਨੀਰੀ ਲਾਉਣ ਜਾਂ ਫਿਰ ਮੀਂਹ-ਨ੍ਹੇਰੀ ਪਿੱਛੋਂ ਕਮਾਦ (ਗੰਨਿਆਂ) ਦੇ ਕਲਾਵੇ ਭਰ-ਭਰ ਮੂੰਏਂ ਬੰਨ੍ਹਣ ਲਈ ਆਪਣੇ ਭਾਈਏ, ਭਰਾ ਤੇ ਤਾਏ ਦੇ ਪੁੱਤਾਂ ਨਾਲ ਸੁਵੱਖਤੇ ਘਰੋਂ ਚਲਾ ਜਾਂਦਾ ਸੀ। ਇਸ ਤਰ੍ਹਾਂ ਤਾਜ਼ਾ ਬੰਨ੍ਹੇ ਗੰਨਿਆਂ ਦੇ ਜਮਘਟੇ ਵਾਂਗ ਖਿਆਲਾਂ ਦੇ ਕਾਫਲੇ ਆਉਂਦੇ ਪ੍ਰਤੀਤ ਹੁੰਦੇ ਕਿ ਦਬਾਸੱਟ ਦੁਪਹਿਰ ਹੋ ਜਾਵੇ ਜਾਂ ਸ਼ਾਮ ਪੈ ਜਾਵੇ ਤੇ ਮੈਂ ਘਰ ਜਾ ਕੇ ਕੋਈ ਕਿਤਾਬ ਪੜ੍ਹਾਂ। ਉਪਰੰਤ ਮਿੰਟਾਂ ਵਿਚ ਕਿਤਾਬਾਂ ਦੇ ਵਰਕੇ ਕਾਹਲੀ-ਕਾਹਲੀ ਉਲੱਦ ਕੇ ਪੜ੍ਹਦਾ। ਮੇਰਾ ਥਕੇਵਾਂ ਲਹਿ ਜਾਂਦਾ ਤੇ ਮੈਂ ਨੀਂਦ ਦੀ ਨਦੀ ਵਿਚ ਵਹਿ ਜਾਂਦਾ।

ਇਉਂ ਮੈਂ ਆਪਣੀ ਚੜ੍ਹਦੀ ਉਮਰੇ ਸੋਵੀਅਤ ਸਾਹਿਤ, ਖਾਸ ਕਰਕੇ ਮੈਕਸਿਮ ਗੋਰਕੀ ਦੀ ਸਵੈਜੀਵਨੀ ਜਾਂ ਫਿਰ ਨਿਕੋਲਾਈ ਓਸਤ੍ਰੋਵਸਕੀ ਦੇ ਨਾਵਲ 'ਸੂਰਮੇ ਦੀ ਸਿਰਜਣਾ' (ਹਊ ਦਿ ਸਟੀਲ ਵਾਜ਼ ਟੈਂਪਰਡ) ਤੇ ਹੋਰਾਂ ਨਾਵਲਾਂ-ਕਹਾਣੀਆਂ ਵਿਚੋਂ ਸਫਿਆਂ ਦੇ ਸਫੇ ਪੜ੍ਹ ਕੇ ਆਪਣੀਆਂ ਤਾਈਆਂ ਤੇ ਭਰਜਾਈਆਂ ਨੂੰ ਸੁਣਾਉਂਦਾ। ਉਹਨਾਂ ਨੂੰ ਇਸ ਕਰਕੇ ਕਿ ਸਾਡੇ ਛੋਟੇ ਜਿਹੇ ਦੋ ਕੱਚੇ ਕਮਰਿਆਂ ਵਿਚ ਕੋਈ ਹੋਰ ਕਮਰਾ ਮੇਰੇ ਪੜ੍ਹਨ ਲਈ ਨਹੀਂ ਸੀ। ਅਸੀਂ ਉਹਨਾਂ ਵਿਚ ਸਾਰੇ ਟੱਬਰ ਦੇ ਅੱਠ ਜੀਅ ਤੇ ਇੰਨੇ ਕੁ ਪਸ਼ੂ ਬੰਨ੍ਹਦੇ ਹੁੰਦੇ ਸੀ। ਮੈਂ ਬਿਰਾਦਰੀ ਦੇ ਕਿਸੇ ਹੋਰ ਪਰਿਵਾਰ ਦੀ ਖਾਲੀ ਪਈ ਬੈਠਕ ਵਿਚ ਪੜ੍ਹਦਾ ਹੁੰਦਾ ਸੀ। ਖੈਰ, ਮੈਂ ਆਪਣੇ ਭਾਈਏ ਨੂੰ ਮਾਰਕਸ ਤੇ ਲੈਨਿਨ ਦੇ ਪੇਂਡੂ ਗਰੀਬਾਂ ਤੇ ਮਜ਼ਦੂਰਾਂ ਬਾਰੇ ਵਿਚਾਰ ਤੇ ਰਸੂਲ ਹਜ਼ਮਾਤੋਵ ਦੇ ਬੋਲੀ ਤੇ ਸਭਿਆਚਾਰ ਸਬੰਧੀ ਵਿਚਾਰਾਂ ਨੂੰ ਪੜ੍ਹ ਕੇ ਸੁਣਾਉਂਦਾ। ਉਹਨਾਂ ਦੇ ਹੁੰਗਾਰੇ ਉਹਨਾਂ ਦੇ ਚਿਹਰਿਆਂ ਤੋਂ ਪੜ੍ਹਦਾ। ਮੇਰੇ ਮਨ ਵਿਚ ਤਰੰਗਾਂ ਉਠਦੀਆਂ ਕਿ ਮੈਂ ਵੱਡਾ ਹੋ ਕੇ ਲੇਖਕ ਤੇ ਅਨੁਵਾਦਕ ਬਣ ਜਾਵਾਂ ਤੇ ਇਸੇ ਤਰ੍ਹਾਂ ਦੇ ਮਾਨਵਵਾਦੀ, ਯਥਾਰਥਵਾਦੀ ਤੇ ਸਮਾਜਿਕ-ਆਰਥਿਕ ਪਰਿਵਰਤਨ ਵਾਸਤੇ ਚੇਤਨਾ ਭਰਪੂਰ ਸਾਹਿਤ ਦੀ ਸਿਰਜਣਾ ਕਰਾਂ। ਜਾਂ ਫਿਰ ਸਰਲ, ਸਹਿਜ, ਢੁਕਵੀਂ, ਫੱਬਵੀ ਤੇ ਮੁਹਾਵਰੇਦਾਰ ਬੋਲੀ-ਭਾਸ਼ਾ ਵਿਚ ਅਨੁਵਾਦ ਕਰਾਂ। ਲੇਖਕ ਤੇ ਅਨੁਵਾਦਕ ਵਜੋਂ ਆਪਣੇ ਲਈ ਕਲਪਨਾ ਕਰਦਿਆਂ ਖਿਆਲਾਂ ਦੇ ਸਰਪੱਟ ਘੋੜੇ ਦੌੜਾਉਂਦਾ ਕਿ ਮੈਂ ਜੋ ਵੀ ਕਦੇ ਲਿਖਾਂ ਜਾਂ ਅਨੁਵਾਦ ਕਰਾਂ, ਉਸ ਵਿਚਲੀ ਭਾਸ਼ਾ ਲੋਕਾਂ ਦੀ ਬੋਲੀ ਹੋਵੇ, ਜਿਹਨਾਂ ਵਿਚਾਲੇ ਛੋਟੇ ਤੋਂ ਵੱਡਾ ਹੋਇਆ ਹਾਂ। ਇਹਨਾਂ ਖਿਆਲਾਂ ਵਿਚ ਜਨਮਿਆ ਹੈ- ਮੇਰਾ ਲੇਖਕ ਤੇ ਅਨੁਵਾਦ। ਇਉਂ ਸਹਿਜ ਹੀ ਮੇਰੇ- ਲੇਖਣ ਤੇ ਅਨੁਵਾਦ ਕਾਰਜਾਂ ਵਿਚ ਆਮ ਆਦਮੀ ਦਾਖਲ ਹੋ ਗਿਆ। ਨਾਲ-ਨਾਲ ਮੇਰੇ ਮਨ ਵਿਚ ਨਿੱਗਰ, ਨਰੋਏ ਤੇ ਪਾਇਦਾਰ ਸਾਹਿਤ ਦੀ ਸਦੀਵਤਾ ਸਬੰਧੀ ਤੁਲਨਾ ਹੁੰਦੀ। ਬਹੁਤਾ ਭਾਰਤੀ ਸਾਹਿਤ ਮੈਨੂੰ ਪਰੀਆਂ ਵਰਗੇ ਪ੍ਰੇਮ-ਪ੍ਰਸੰਗਾਂ, ਰੂੜ੍ਹੀਵਾਦੀ ਤੇ ਪ੍ਰੰਪਰਕ ਸੀਮਾਵਾਂ ਤੱਕ ਸੀਮਤ ਹੁੰਦਾ ਪ੍ਰਤੀਤ ਹੁੰਦਾ। ਦੂਜੇ ਪਾਸੇ, ਸੋਵੀਅਤ ਸਾਹਿਤ ਵਿਗਿਆਨਕ, ਤਰਕਵਾਦੀ, ਮਾਨਵਵਾਦੀ, ਸਮਤਾਵਾਦੀ ਤੇ ਯਥਾਰਥਵਾਦੀ ਚਿੰਤਨ ਤੇ ਚੇਤਨਾ ਪਸਾਰੇ ਵਾਲਾ ਜਾਪਦਾ। ਸੱਚੀ ਗੱਲ ਤਾਂ ਇਹ ਹੈ ਕਿ ਅਨੁਵਾਦਿਤ ਸੋਵੀਅਤ ਸਾਹਿਤ ਮੇਰੇ ਲਈ ਪ੍ਰੇਰਨਾ ਦਾ ਅਥਾਹ ਸਰੋਤ ਬਣ ਗਿਆ ਆਪਣੇ ਲੇਖਣ ਤੇ ਅਨੁਵਾਦ ਕਾਰਜਾਂ ਵਾਸਤੇ। ਮੇਰੇ ਵੱਲੋਂ ਪਹਿਲੀ ਅਨੁਵਾਦਿਤ ਪੁਸਤਕ 'ਵੈਨ ਡੈਡੀ ਵਾਜ਼ ਏ ਲਿਟਲ ਬੁਆਇ' (1982) ਵਿਚ ਲੜੀਵਾਰ ਰੋਜ਼ਾਨਾ 'ਨਵਾਂ ਜ਼ਮਾਨਾ' ਵਿਚ ਪ੍ਰਕਾਸ਼ਿਤ ਹੋਈ। ਅਨੁਵਾਦ ਵਿਚਲੀ ਮੇਰੀ ਮਿਹਨਤ ਸਦਕਾ ਚਿੱਠੀਆਂ ਛਪਦੀਆਂ। ਇਸੇ ਹੁੰਗਾਰੇ-ਹੁਲਾਰੇ ਸਦਕਾ ਮੈਨੂੰ ਪਰ ਲੱਗ ਗਏ।

ਮਿੱਤਰੋ,

ਤੁਹਾਡੇ ਨਾਲ ਇਹ ਗੱਲ ਵੀ ਸਾਂਝੀ ਕਰਨੀ ਚਾਹੁੰਦਾ ਹਾਂ ਕਿ ਮੈਂ ਪਿਛਲੇ ਲੱਗਭੱਗ ਸਾਢੇ ਤਿੰਨ ਦਹਾਕਿਆਂ ਤੋਂ ਅਨੁਵਾਦ ਕਾਰਜਾਂ ਵਿਚ ਜੁਟਿਆ ਹੋਇਆ ਹਾਂ। ਅਨੁਵਾਦ ਵਾਸਤੇ ਉਹਨਾਂ ਪੁਸਤਕਾਂ ਜਾਂ ਰਚਨਾਵਾਂ ਨੂੰ ਤਰਜੀਹ ਦਿੰਦਾ ਹਾਂ, ਜਿਹਨਾਂ ਵਿਚ ਮਨੁੱਖੀ ਸਰੋਕਾਰ ਯਾਨਿ ਅਧਿਕਾਰਾਂ ਤੋਂ ਵੰਚਿਤ ਵਰਗਾਂ ਦੇ ਦੱਬੇ-ਕੁਚਲੇ ਲੋਕ ਸ਼ਾਮਲ ਹੁੰਦੇ ਹਨ, ਜਿਹਨਾਂ ਦੀ ਕਿਧਰੇ ਵੀ ਸ਼ਮੂਲੀਅਤ ਨਹੀਂ ਹੁੰਦੀ, ਸਿਵਾਏ ਆਪਣੇ ਸਰੀਰ ਨਾਲ ਕੀਤੀ ਮਿਹਨਤ ਵੇਚਣ ਦੇ। ਦੂਜੀ ਤਰਜੀਹ, ਉਸ ਸਾਹਿਤ ਦੇ ਅਨੁਵਾਦ ਨੂੰ ਦਿੰਦਾ ਹਾਂ ਜੋ ਧਾਰਮਿਕ ਸੁਤੰਤਰਤਾ ਤੇ ਸਮਤਾ, ਰੰਗ-ਨਸਲ ਵਿਰੁੱਧ ਤੇ ਵਿਸ਼ਵ ਸ਼ਾਂਤੀ ਲਈ ਵਿਚਾਰਧਾਰਕ ਲੜਾਈ ਨੂੰ ਸਮਰਪਿਤ ਹੋਵੇ। ਅਜਿਹੇ ਤੱਥਾਂ ਨੂੰ ਧਿਆਨ ਗੋਚਰੇ ਰੱਖ ਕੇ ਮੈਂ ਬਹੁਤ ਸਾਰਾ ਕ੍ਰਾਂਤੀਕਾਰੀ ਸਾਹਿਤ, ਦਲਿਤ ਸਾਹਿਤ ਤੇ ਕਾਲਾ ਸਾਹਿਤ (ਬਲੈਕ ਲਿਟਰੇਚਰ) ਆਪਣੀ ਸਵੈ ਇੱਛਾ ਨਾਲ ਅਨੁਵਾਦ ਕੀਤਾ ਹੈ। ਦੱਸਣਾ ਚਾਹੁੰਦਾ ਹਾਂ ਕਿ ਮੈਂ ਹੁਣ ਤੱਕ 27 ਪੁਸਤਕਾਂ ਦਾ ਅਨੁਵਾਦ ਕਰ ਚੁੱਕਾ ਹਾਂ ਤੇ ਉਹਨਾਂ ਵਿਚ ਇਕ ਹੈ- ਸਾਹਿਤ ਅਕਾਡਮੀ ਅਨੁਵਾਦ ਪੁਰਸਕਾਰ-2014 ਜੇਤੂ ਪੁਸਤਕ, 'ਰਾਜਕਮਲ ਚੌਧਰੀ ਦੀਆਂ ਚੋਣਵੀਆਂ ਕਹਾਣੀਆਂ।' ਦੱਸਣਾ ਵਾਜਬ ਹੋਵੇਗਾ ਕਿ ਮੈਂ 14 ਮੂਲ ਪੁਸਤਕਾਂ ਦਾ ਲੇਖਕ ਹਾਂ, ਜਿਹਨਾਂ ਵਿਚ ਮੇਰੀ ਸਵੈਜੀਵਨੀ 'ਛਾਂਗਿਆ ਰੁੱਖ' ਭਾਰਤੀ ਭਾਸ਼ਾਵਾਂ ਸਮੇਤ ਉਰਦੂ ਵਿਚ ਪਾਕਿਸਤਾਨ ਅਤੇ ਅੰਗਰੇਜ਼ੀ ਵਿਚ ਐਕਸਫੋਰਡ ਯੂਨੀਵਰਸਿਟੀ ਪ੍ਰੈਸ ਤੋਂ ਕਾਫੀ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੀ ਹੈ।

ਮਿੱਤਰੋ,

ਕਿਸੇ ਰਚਨਾ ਦੇ ਅਨੁਵਾਦ ਸਮੇਂ ਮੈਂ ਲੇਖਕ ਵਾਂਗ ਆਪਣੇ ਹਰੇਕ ਅਨੁਵਾਦਿਤ ਸ਼ਬਦ ਦੀ ਜ਼ਿੰਮੇਵਾਰੀ ਸੰਭਾਲਦਾ ਹਾਂ। ਰਚਨਾ ਵਿਚਲੇ ਸਭਿਆਚਾਰ, ਉਥੋਂ ਦੀ ਮਿੱਟੀ ਦੀ ਮਹਿਕ ਤੇ ਤਾਜ਼ਗੀ ਨੂੰ ਬਰਕਰਾਰ ਰੱਖਣ ਵਾਸਤੇ ਮੈਂ ਪੂਰਾ ਟਿੱਲ ਲਾਉਂਦਾ ਹਾਂ ਕਿ ਪਾਠਕ ਮੈਨੂੰ ਤੇ ਲੇਖਕ ਨੂੰ ਕਿਸੇ ਤਰ੍ਹਾਂ ਵੀ ਕੋਸਣ ਨਾ। ਅਨੁਵਾਦ ਵਿਚ ਕਚਿਆਈ ਜਾਂ ਓਪਰੇਪਣ ਦਾ ਅਹਿਸਾਸ ਨਾ ਹੋਵੇ। ਉਦਾਹਰਣ ਵਜੋਂ ਮੈਂ ਕਦੀ-ਕਦੀ ਆਪਣੇ ਸਾਹਿਤਕਾਰ ਸਾਥੀਆਂ ਨੂੰ ਕਿਸੇ ਕਹਾਣੀ ਜਾਂ ਨਾਵਲੀ ਅੰਸ਼ ਦਾ ਅਨੁਵਾਦ ਸੁਣਾਉਂਦਾ ਹਾਂ ਤਾਂ ਉਹ ਅੱਗੋਂ ਕਹਿ ਦਿੰਦੇ ਹਨ, 'ਬੜਾ ਛੁਪਿਆ ਰੁਸਤਕ ਨਿਕਲਿਆ ਯਾਰ, ਕਹਾਣੀਆਂ-ਨਾਵਲ ਲਿਖ ਲਏ ਤੇ ਸਾਨੂੰ ਭਿਣਕ ਵੀ ਨਹੀਂ ਪੈਣ ਦਿੱਤੀ।

ਇਸ ਬਿਰਤਾਂਤ-ਬਿਆਨ ਨੂੰ ਦੱਸਣ ਦਾ ਮੇਰਾ ਮਨਸ਼ਾ ਅਨੁਵਾਦ ਰਾਹੀਂ ਭਾਸ਼ਾਵਾਂ ਵਿਚਾਲੇ ਪੁਲ ਉਸਾਰਨਾ ਹੈ। ਜੇ ਮੂਲ ਰਚਨਾ ਮੇਰੇ ਕੋਲ ਸਿੱਧੀ ਜਾਂ ਦੂਜੀ-ਤੀਜੀ ਭਾਸ਼ਾ ਰਾਹੀਂ ਯਾਤਰਾ ਕਰਕੇ ਪਹੁੰਚੀ ਹੈ ਤੇ ਉਸ ਵਿਚ ਥੋੜ੍ਹੀ-ਬਹੁਤ ਖਰਾਬੀ ਹੈ ਤਾਂ ਮੈਂ ਪੂਰੀ ਵਾਹ ਲਾਉਂਦਾ ਹਾਂ ਕਿ ਉਹ ਅਸਲ ਮੁਹਾਂਦਰੇ ਵਾਂਗ ਮੂਰਤੀਮਾਨ ਹੋਵੇ। ਆਪਣੀ ਮਾਤਾ-ਭਾਸ਼ਾ ਤੋਂ ਇਲਾਵਾ ਦੂਜੀ ਜ਼ੁਬਾਨ ਨਾ ਜਾਣਦੇ ਪਾਠਕ ਦੁਨੀਆਂ ਦੇ ਚੋਟੀ ਦੇ ਸਾਹਿਤਕਾਰਾਂ ਦੀਆਂ ਮਨੁੱਖ ਜਾਤੀ ਦੀ ਬਿਹਤਰੀ ਲਈ ਲੱਭਤਾਂ ਨੂੰ ਜਾਣ ਸਕਣ, ਪ੍ਰੇਰਿਤ ਹੋ ਸਕਣ ਤੇ 'ਲੋਕਾਂ ਦੇ ਬੰਦੇ' ਵਜੋਂ ਕਾਰਜਸ਼ੀਲ ਹੋ ਸਕਣ। ਦੂਜਾ, ਮੇਰੀ ਮਾਂ-ਬੋਲੀ ਦੇ ਸਾਹਿਤ ਵਿਚ ਮੰਤਵਹੀਣਤਾ ਦਾ ਸੰਕਟ ਨਾ ਆਵੇ ਸਗੋਂ ਪੰਜਾਬੀ ਦੇ ਰਚਨਾਕਾਰ ਦੂਜੀਆਂ ਭਾਸ਼ਾਵਾਂ ਦੇ ਲੇਖਕਾਂ ਤੋਂ ਪ੍ਰੇਰਨਾ ਤੇ ਜੇ ਲੋੜ ਪਵੇ ਤਾਂ ਦਿਸ਼ਾ ਲਈ ਵਿਚਾਰ ਕਰ ਸਕਣ।

ਮਿੱਤਰੋ,

ਸਾਫ ਤੇ ਸਪਸ਼ਟ ਸ਼ਬਦਾਂ ਵਿਚ ਮੈਂ ਆਪਣਾ ਹਲਫੀਆ ਬਿਆਨ ਦਰਜ ਕਰਾਉਣਾ ਚਾਹੁੰਦਾ ਹਾਂ ਕਿ ਸ਼ਬਦਾਂ ਤੇ ਉਹਨਾਂ ਦੇ ਪ੍ਰਸੰਗ-ਸੰਦਰਭਾਂ ਦੀ ਮੁਕੰਮਲ ਦਰੁੱਸਤੀ ਖਾਤਰ ਸ਼ਬਦ-ਸਾਗਰ ਵਿਚ ਡੂੰਘੀ ਚੁੱਭੀ ਮਾਰਨ ਤੋਂ ਪਿਛਾਂਹ ਨਹੀਂ ਹਟਦਾ। ਬਹੁ-ਭਾਸ਼ੀ ਸ਼ਬਦ-ਕੋਸ਼ ਮੇਰੇ ਸੱਚੇ ਸਹਿਯੋਗੀ ਤੇ ਸਲਾਹਕਾਰ ਹਨ। ਉਹ ਮੈਨੂੰ ਆਪਣੇ ਅੰਦਰ ਸਮੋਏ ਸ਼ਬਦ-ਅਰਥ ਨੂੰ ਵੱਖ-ਵੱਖ ਦ੍ਰਿਸ਼ਟੀ ਤੋਂ ਝਲਕਾਰੇ ਦਿਖਾ ਕੇ ਸਹੀ ਰਹਿ-ਨੁਮਾਈ ਕਰਦੇ ਹਨ। ਕਈ ਵਾਰ ਮੈਨੂੰ ਪ੍ਰਤੀਤ ਹੁੰਦਾ ਹੈ ਕਿ ਉਹ ਮੈਨੂੰ ਸ਼ਬਦ-ਜੰਜਾਲ ਵਿਚੋਂ ਬਾਹਰ ਕੱਢ ਲਿਜਾਂਦੇ ਹਨ। ਆਪਣੇ ਸਮਕਾਲੀ ਸਾਹਿਤਕਾਰ ਸਾਥੀਆਂ ਤੋਂ ਸ਼ਬਦਾਂ ਦੇ ਪਿਛੋਕੜ ਤੇ ਸੰਦਰਭ ਨੂੰ ਜਾਣਨ-ਸਮਝਣ ਵਿਚ ਮੈਨੂੰ ਕਦੇ ਝਿਜਕ ਮਹਿਸੂਸ ਨਹੀਂ ਹੋਈ। ਇਉਂ, ਅਨੁਵਾਦ ਕਰਦਿਆਂ ਲੇਖਕ ਤੇ ਮੇਰੇ ਅੰਦਰਲਾ ਅਨੁਵਾਦਕ ਇਕ-ਦੂਜੇ ਨਾਲ ਰਲ-ਮਿਲ ਜਾਂਦੇ ਹਨ, ਜਿਵੇਂ ਉਹ ਚਿਰਾਂ ਤੋਂ ਇਕ-ਦੂਜੇ ਦੀ ਰਗ-ਰਗ ਤੋਂ ਵਾਕਫ ਹੋਣ।

ਮਿੱਤਰੋ- ਅਖੀਰ ਵਿਚ ਮੈਂ ਤੁਹਾਡਾ ਸਭ ਦਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੇਰੇ ਇਸ ਬਿਆਨ ਨੂੰ ਗੌਰ ਨਾਲ ਸੁਣਦਿਆਂ ਬਰਦਾਸ਼ਤ ਕਰ ਲਿਆ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਦਲਿਤ ਸਮਾਜ ਲਈ ਚਿੰਤਾ ਦਾ ਵਿਸ਼ਾ

**ਅਮਰਜੀਤ ਚੰਦਰ**



ਦਲਿਤ ਸਮਾਜ ਇਕ ਉਹ ਸਮਾਜ ਹੈ ਜਿਸ ਨੇ ਬਹੁਤ ਥੱਲਿਓ ਉਠ ਕੇ ਉਚਾਈਆਂ ਨੂੰ ਛੂਹਿਆ ਹੈ।ਦਲਿਤ ਸਮਾਜ ਵਿਚ ਬਹੁਤ ਸਾਰੇ ਵਿਦਵਾਨ ਹੋਏ ਹਨ, ਜਿਹਨਾਂ ਦੀ ਕੁਰਬਾਨੀਆਂ ਨੂੰ ਦਲਿਤ ਸਮਾਜ ਕਦੇ ਨਹੀ ਭੁੱਲ ਸਕਦਾ। ਪਰ ਪਿਛਲੇ ਦੋ ਦਹਾਕਿਆ ਤੋਂ ਦਲਿਤਾਂ ਸਮਾਜ ਦੇ ਇਤਿਹਾਸ ਦਾ ਪਹੀਆ ਉਲਟੇ ਪਾਸੇ ਵਲ ਘੁੰਮ ਰਿਹਾ ਹੈ। ਪਿਛਲੇ ਕੀਤੇ ਹੋਏ ਸਾਰੇ ਵਾਅਦੇ ਟੁੱਟਦੇ ਜਾ ਰਹੇ ਹਨ, ਨੈਤਿਕਤਾ, ਪਵਿਤਰਤਾ ਤਾਂ ਹੁਣ ਬੇਈਮਾਨ ਜਿਹੀ ਲੱਗਣ ਲੱਗ ਪਈ ਹੈ। ਜਾਤੀ ਵਾਦ ਨੇ ਇਕੱਠੇ ਹੋ ਕੇ ਇਕ ਨਵੀ ਰਾਜਨੀਤੀ ਨੂੰ ਜਨਮ ਜਰੂਰ ਦਿਤਾ ਹੈ। ਪਰ ਇਸ ਨਾਲ ਜਾਤ ਪਾਤ ਦਾ ਵਿਖਾਵਾ ਵੀ ਖੁਲ ਕੇ ਸਾਹਮਣੇ ਆਇਆ ਹੈ। ਜਾਤਾਂ-ਪਾਤਾਂ ਦਾ ਇਹ ਵਿਸ਼ਾਲ ਇਕੱਠ ਸਮਾਜ, ਜਾਤ ਦੇ ਸਹਾਰੇ ਰਾਜਨੀਤੀ ਦਾ ਹੌਸਲਾ ਵਧਾ ਰਿਹਾ ਹੈ। ਜਿਸ ਜਾਤੀਵਾਦ ਨੂੰ ਡਾ,ਭੀਮ ਰਾਓ ਅੰਬੇਦਕਰ ਮੁੱਢ ਤੋਂ ਖਤਮ ਕਰਨਾ ਚਾਹੁੰਦੇ ਸਨ,ਉਹ ਮੁੱਦਾ ਤਾਂ ਹੁਣ ਇੰਝ ਲੱਗਦਾ ਹੈ ਜਿਵੇਂ ਕਿਤੇ ਦੂਰ ਪਿੱਛੇ ਹੀ ਰਹਿ ਗਿਆ ਹੋਵੇ।

ਬਾਵਾ ਸਾਹਿਬ ਭੀਮ ਰਾਓ ਅੰਬੇਦਕਰ ਜੋ ਕਿ ਕਿਸੇ ਸਮ੍ਹੇ ਭਾਰਤ ਦੀ ਰਾਜਨੀਤੀ ਦੇ ਧੁਰੇ ਮੰਨੇ ਜਾਦੇ ਸਨ। ਇਕ ਦੁਜੇ ਨਾਲ ਜਾਤ ਦੇ ਪ੍ਰਤੀ ਸਲਾਹ ਮਸ਼ਵਰਾ ਕਰਨ ਵਿਚ ਗੁਰੇਜ ਨਹੀ ਕਰਦੇ ਸਨ,ਪਰ ਅੱਜ ਉਹ ਬਹਿਸ ਦਾ ਮੁੱਦਾ ਕਿਤੇ ਲੱਭ ਹੀ ਨਹੀ ਰਿਹਾ, ਲੱਗਦਾ ਇਹ ਹੈ ਕਿ ਅੱਜ ਜਾਤ-ਪਾਤ ਨੂੰ ਖਤਮ ਕਰਨ ਤੇ ਬਹਿਸ ਦਾ ਮੁਦਾ ਬੰਦ ਹੀ ਹੋ ਗਿਆ ਹੈ। ਹੁਣ ਤਾਂ ਸਿਰਫ ਮੁੱਖ ਮੁੱਦਾ ਸਾਡੇ ਕੋਲ ਚੋਣਾਂ ਦਾ ਹੀ ਰਹਿ ਗਿਆ ਹੈ, ਕਿ ਅਸੀ ਆਪਣੇ ਦਲਿਤ ਸਮਾਜ ਨੂੰ ਇਕ ਪਲੇਟਫਾਰਮ ਤੇ ਇਕੱਠੇ ਕਰੀਏ ਤਾਂ ਸਾਰੇ ਇਕ ਹੋ ਕੇ ਚੋਣ ਲੜੀਏ ਅਤੇ ਜਿਤ ਪ੍ਰਾਪਤ ਕਰੀਏ। ਚੋਣਾਂ ਜਿਤ ਕੇ ਆਪਣੇ ਸਮਾਜ ਦਾ ਸੁਧਾਰ ਕਰੀਏ ਤੇ ਅੱਗੇ ਵਧਾਉਣ ਦੇ ਲਈ ਯਤਨ ਕਰੀਏ,ਵਿਚਾਰਧਾਰਾ ਦੇ ਵਿਰੋਧ ਵਿਚ ਹੁਣ ਅੰਦੋਲਨ ਕਰਨ ਦਾ ਕੋਈ ਫਾਇਦਾ ਨਹੀ, ਸਿਰਫ ਆਪਣੇ ਹੱਕਾਂ ਨੂੰ ਪਾਉਣਾ, ਵਿਚਾਰਧਾਰਾ ਨਾਲ ਜੁੜਨਾ ਹੀ ਸਾਡਾ ਮੂੱਖ ਮੁੱਦਾ ਰਹਿ ਗਿਆ ਹੈ। ਅੱਜ ਦੇ ਸਮੇਂ ਵਿਚ ਰਾਜਨੀਤੀ ਦੇ ਅੰਦਰ ਪਰਿਵਰਤਣ ਤਾਂ ਜਰੂਰ ਹੋਇਆ ਹੈ ਪਰ ਦਲਿਤ ਵਰਗ ਵਿਚ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ।

ਭਾਰਤ ਦੇਸ਼ ਇਕ ਉਹ ਦੇਸ਼ ਹੈ ਜਿਸ ਵਿਚ ਬਹੁਤ ਸਾਰੀਆਂ ਜਾਤਾਂ ਅਤੇ ਬਹੁਤ ਸਾਰੇ ਧਰਮ ਸਮਾਏ ਹੋਏ ਹਨ। ਭਾਰਤ ਦੇਸ਼ ਦੀ ਸੰਸਕ੍ਰਿਤੀ ਇਕ ਮਿਸ਼ਰ ਸੰਸਕ੍ਰਿਤੀ ਹੈ। ਇਸ ਕਰਕੇ ਹੀ ਭਾਰਤ ਦੇਸ਼ ਵਿਚ ਨਸਲਵਾਦ ਪੈਦਾ ਨਹੀ ਹੋਇਆ। ਦੁਨੀਆ ਵਿਚ ਕੋਈ ਵੀ ਐਸਾ ਦੇਸ਼ ਨਹੀ ਹੈ ਜਿਸ ਅੰਦਰ ਬਹੁਤ ਸਾਰੀਆਂ ਜਾਤਾ ਅਤੇ ਧਰਮ ਹੋਣ ਪਰ ਫਿਰ ਵੀ ਉਹ ਦੇਸ਼ ਸਥਿਰ ਹੋਵੇ। ਸਾਡੇ ਭਾਰਤ ਦੇਸ਼ ਦੇ ਸਮਾਜ ਸ਼ਾਸ਼ਤਰੀਆਂ ਦਾ ਵੀ ਕਹਿਣਾ ਹੈ ਕਿ ਬਰਾਬਰ ਦੀ ਸੰਸਕ੍ਰਿਤੀ ਹੋਣ ਦੇ ਕਾਰਨ ਹੀ ਜਾਤੀਪ੍ਰਥਾ ਦੀ ਸਮੱਸਿਆ ਬਣਦੀ ਜਾ ਰਹੀ ਹੈ। ਅੱਜ ਸਾਡੇ ਭਾਰਤ ਦੇਸ਼ ਅੰਦਰ ਉਚੇ ਘਰਾਣੇ ਵਾਲੇ, ਉਚੇ ਸਮਾਜ ਨਾਲ ਸਬੰਧ ਰੱਖਣ ਵਾਲੇ ਲੋਕ ਹੀ ਜਾਤੀਵਾਦ ਨੂੰ ਜਿਆਦਾ ਤੂਲ ਦੇ ਰਹੇ ਹਨ।

ਬਾਵਾ ਸਾਹਿਬ ਭੀਮ ਰਾਓ ਅੰਬੇਦਕਰ ਨੇ ਸਾਰਿਆ ਨੂੰ ਇੱਕਮੁੱਠ ਕਰਕੇ ਕਿਹਾ ਸੀ,ਬਹੁਤ ਸਾਰੇ ਇਕੱਠਾਂ ਵਿਚ ਕਿਹਾ ਕਰਦੇ ਸਨ ਕਿ ਮਾਰਕਸਵਾਦ ਦਾ ਸਿਧਾਂਤ ਭਾਰਤ ਲਈ ਲਾਭਦਾਇਕ ਨਹੀ ਹੈ। ਬਾਵਾ ਸਾਹਿਬ ਭੀਮ ਰਾਓ ਅੰਬੇਦਕਰ ਇਹਨਾਂ ਗੱਲਾਂ ਨਾਲ ਵੀ ਬਹੁਤ ਸਾਰੇ ਲੋਕ ਸਹਿਮਤ ਨਹੀ ਸਨ, ਪਰ ਇਹਨਾਂ ਵਿਚਾਰਾਂ ਵਿਚੋ ਇਹ ਨਿਕਲ ਕੇ ਜਰੂਰ ਆਇਆ, ਕਿ ਦਲਿਤ ਸਮਾਜ ਦੀਆਂ ਸਮੱਸਿਆਵਾ ਵੱਲ ਕਿਸੇ ਦਾ ਵੀ ਧਿਆਨ ਨਹੀ ਹੈ। ਭਾਰਤ ਦੇਸ਼ ਵਿਚ ਪੈਸੇ ਵਾਲੇ ਆਦਮੀ ਦੀ ਪੂਜਾ ਨਾਲ ਹੀ ਜਾਤ ਪਾਤ ਦਾ ਦਬ-ਦਬਾ ਜਿਆਦਾ ਵਧਿਆ ਹੈ। ਸਾਡੇ ਦੇਸ਼ ਵਿਚ ਉਚੀ ਜਾਤ ਵਾਲਿਆਂ ਦੀ ਗਿਣਤੀ ਜਿਆਦਾ ਹੋਣ ਕਰਕੇ ਹੀ ਉਹਨਾਂ ਵਿਚ ਵਰਗ ਸਿਧਾਂਤ ਵੀ ਕੋਈ ਨਹੀ ਹੈ। ਪਰ ਅੱਜ ਦੀ ਨਵੀ ਪੀੜ੍ਹੀ ਉਸ ਨੂੰ ਵੀ ਨਕਾਰ ਰਹੀ ਹੈ। ਏਥੇ ਇਹ ਕਹਿਣਾ ਵੀ ਕੋਈ ਗੱਲਤ ਨਹੀ ਹੋਵੇਗਾ ਕਿ ਏਥੇ ਜਾਤੀਵਾਦ ਵਿਚ ਜਾਤੀਆਂ ਦਾ ਅਧਾਰ ਸਿਰਫ ਨਾ-ਮਾਤਰ ਹੀ ਹੈ।

ਸਮਾਜਵਾਦੀਆਂ ਨੇ ਤਾਂ ਬਾਵਾ ਸਾਹਿਬ ਅੰਬੇਦਕਰ ਜੀ ਦੀ ਹਰ ਵਿਚਾਰਧਾਰਾ ਦਾ ਵਿਰੋਧ ਕੀਤਾ,ਉਹਨਾਂ ਦੇ ਵਿਚਾਰਾਂ ਨਾਲ ਸਮਾਜਵਾਦੀ ਕਦੇ ਵੀ ਸਹਿਮਤ ਨਹੀ ਹੋਏ, ਕੀ ਇਸ ਤਰਾਂ ਸਮਾਜਵਾਦੀ ਲੋਕ ਸਾਡੀਆਂ ਸਮਾਜਿਕ ਸਮੱਸਿਆਵਾਂ ਵਿਚੋ ਨਿਕਲ ਰਹੀਆਂ ਜਾਤੀ ਸਮੱਸਿਆਵਾਂ ਨੂੰ ਸੁਲਝਾ ਲੇਣਗੇ? ਨਵੇਂ ਪੂੰਜ਼ੀਵਾਦ ਦੇ ਨਾਲ ਨਾਲ ਇਕ ਦੌਲਤੀਆ ਸਮਾਜ ਵੀ ਸਾਡੇ ਦੇਸ਼ ਅੰਦਰ ਪੈਦਾ ਹੋ ਗਿਆ ਹੈ। ਪਰ ਇਹ ਸਮਾਜ ਆਪਣੇ ਪਿਛੋਕੜ ਵਾਰੇ ਏਨਾ ਜਾਣੂ ਨਹੀ ਹੈ। ਉਹ ਸਮਾਜ ਤਾਂ ਆਪਣੀਆਂ ਚਿੰਤਾਵਾਂ ਨੂੰ ਛੱਡ ਕੇ ਆਰਥਿਕ ਸ਼ਕਤੀਆਂ ਨੂੰ ਹੀ ਸ਼ਕਤੀਮਾਨ ਸਮਝ ਰਿਹਾ ਹੈ। ਇਸ ਦੇ ਨਾਲ ਹੀ ਅੱਜ ਦਾ ਸਮਾਜ ਪੱਛਮੀ ਮਹੌਲ ਅਪਨਾਉਣ ਤੋਂ ਵੀ ਗੁਰੇਜ਼ ਨਹੀ ਕਰ ਰਿਹਾ।

ਵਿਦੇਸ਼ੀ ਸਮਾਜ ਦੇ ਅੰਦਰ ਤਾਂ ਹਮੇਸ਼ਾ ਪੂੰਜੀਵਾਦ ਦਾ ਹੀ ਦਬ ਦਬਾ ਰਿਹਾ ਹੈ। ਪਰ ਸਾਡਾ ਭਾਰਤੀਆ ਸਮਾਜ਼ ਬਹੁਤ ਸਾਰੇ ਸਰੋਤਾਂ ਨੂੰ ਮਿਲਾ ਕੇ ਬਣਿਆ ਹੈ। ਵਿਦੇਸ਼ੀ ਸਮਾਜਵਾਦ ਬੋਲੀ ਤਾਂ ਬਹੁਤ ਵਧੀਆ ਬੋਲ ਰਿਹਾ ਹੈ ਕਿ ਅਸੀ ਨਸਲ ਤੇ ਜਾਤੀਆ ਵਿਚ ਵਿਸ਼ਵਾਸ਼ ਨਹੀ ਰੱਖਦੇ, ਪਰ ਉਹਨਾਂ ਦੀ ਇਹ ਬੋਲੀ ਸਾਡੇ ਭਾਰਤ ਦੇਸ਼ ਵਿਚ ਕਿਉ ਨਹੀ ਕੰਮ ਕਰ ਰਹੀ? ਭਾਰਤ ਦੇਸ਼ ਦੇ ਸਾਹਮਣੇ ਸਮਾਜਿਕ ਸੁਧਾਰਕ ਸਮੱਸਿਆਵਾਂ ਬਹੁਤ ਸਾਰੀਆਂ ਹਨ। ਉਹਨਾਂ ਵਾਰੇ ਸਾਡੇ ਵਿਚਾਰਧਾਰਕ, ਕਨੂੰਨਧਾਰੀ, ਸਮਾਜ ਸੇਵਕ ਅਤੇ ਕੌਮ ਦੇ ਰਖਵਾਲੇ, ਉਹਨਾਂ ਸਾਰਿਆ ਦੇ ਵਿਚਾਰ ਜਰੂਰ ਲੈਣੇ ਚਾਹੀਦੇ ਹਨ ਅਤੇ ਜਨਤਾ ਦੇ ਸਾਹਮਣੇ ਆਉਣੇ ਚਾਹੀਦੇ ਹਨ। ਵਧੀਆ ਵਿਚਾਰਧਾਰਕਾਂ ਤੇ ਸਮਾਜ ਸੇਵਕਾਂ ਵਲੋਂ ਇਹਨਾਂ ਵਿਚਾਰਾਂ ਤੇ ਪੂਰ ਜੋਰ ਸਲਾਘਾ ਹੋਣੀ ਚਾਹੀਦੀ ਹੈ। ਜਿਸ ਦੇ ਨਤੀਜੇ ਵੀ ਬਹੁਤ ਵਧੀਆ ਤੇ ਸਲਾਘਾਯੋਗ ਨਿਕਲ ਸਕਦੇ ਹਨ।

ਪਿਛਲੀ ਸਦੀ ਵਿਚ ਬੜਾ ਰੌਲਾ ਪਿਆ ਕਿ ਦਲਿਤ ਸ਼ਾਸ਼ਤਰਾਂ ਦਾ ਹਿੰਦੀ ਵਿਚ ਅਨੁਵਾਦ ਕੀਤਾ ਜਾਵੇਗਾ,ਜੋ ਭਾਰਤ ਮਾਤਾ ਦੀ ਮਾਤ-ਭਾਸ਼ਾ ਹੈ, ਇਹ ਸਾਰਾ ਕੁਝ ਅੱਜ ਤੱਕ ਤਾਂ ਨਹੀ ਹੋ ਸਕਿਆ ਅਤੇ ਨਾ ਹੀ ਇਸ ਵੱਲ ਕਿਸੇ ਦਾ ਧਿਆਨ ਹੈ। ਸਾਡੇ ਦੇਸ਼ ਦੇ ਨੇਤਾ ਲੋਕ ਵੀ ਸਰਗਰਮੀਆ, ਰੁਝੇਵਿਆ ਕਰਕੇ ਦਲਿਤਾਂ ਦੀ ਚਿੰਤਾ ਕਰਨੀ ਭੁੱਲੇ ਬੈਠੇ ਹਨ। ਦਲਿਤ ਸਮਾਜ ਦੇ ਰਚਨਾਕਾਰਾ ਨੇ ਵੀ ਦਲਿਤਾਂ ਦੀ ਚਿੰਤਾ ਦਾ ਜ਼ਿਕਰ ਛੱਡ ਪੱਛਮੀ ਮਹੌਲ ਵਲ ਪਾਸਾ ਮੋੜ ਲਿਆ ਹੈ। ਉਸ ਦਾ ਨਤੀਜਾ ਇਹ ਸਾਹਮਣੇ ਆ ਰਿਹਾ ਹੈ ਕਿ ਦਲਿਤ ਸਮਾਜ਼ ਦੀਆਂ ਚਿੰਤਾਵਾਂ ਦੀਆ ਜੜ੍ਹਾਂ ਕਮਜ਼ੋਰ ਹੋਣ ਲੱਗ ਪਈਆਂ ਹਨ। ਉਹ ਵੀ ਦਲਿਤ ਸਮਾਜ਼ ਲਈ ਕੋਈ ਨਵਾਂ ਸਿਧਾਂਤ ਨਹੀ ਲਿਆ ਸਕੇ। ਇਹੀ ਪਰੰਪਰਾ,ਵਿਚਾਰ ਧਾਰਾਵਾਂ ਵਿਚੋ ਦਲਿਤ ਸਹਿਤ ਦਾ ਸਤਿਕਾਰ ਫਿੱਕਾ ਪੈਣ ਲੱਗ ਪਿਆ।

ਨਵੀ ਤਕਨੌਲਜੀ, ਮੀਡੀਆ, ਕ੍ਰਾਂਤੀ ਅਤੇ ਬਜ਼ਾਰਵਾਦ ਦੀ ਸ਼ਸਕ੍ਰਿਤੀ ਵਿਚੋ ਦਲਿਤਾ ਦੇ ਹੱਕ ਲੱਭ ਕੇ ਦਲਿਤਾਂ ਨੂੰ ਦੁਆ ਕੇ ਹੀ ਆਪਣੇ ਦਲਿਤ ਸਮਾਜ ਨੂੰ ਬਚਾਉਣਾ ਹੋਵੇਗਾ। ਗੌਤਮ ਬੁੱਧ ਜੀ ਨੇ ਕਿਹਾ ਸੀ ਕਿ ਦੁਸ਼ਮਣੀ ਦੇ ਨਾਲ ਦੁਸ਼ਮਣ ਦਾ ਖਾਤਮਾ ਨਹੀ ਹੁੰਦਾ, ਕਈ ਵਾਰ ਦੁਸ਼ਮਣੀ ਦਾ ਖਾਤਮਾ ਪਿਆਰ ਦੀ ਭਾਵਨਾ ਨਾਲ ਵੀ ਹੋ ਜਾਂਦਾ ਹੈ। ਸੱਭ ਤੋਂ ਉਤਮ ਪਿਆਰ ਦੀ ਭਾਸ਼ਾ ਹੈ।

ਪਰ ਚਿੰਤਾਂ ਤਾਂ ਇਸ ਗੱਲ ਦੀ ਹੈ ਕਿ ਇਹ ਸਭ ਦਲਿਤ ਸਮਾਜ ਲਈ ਹੀ ਕਿਉਂ?

# ਇਰਾਕ ਵਿਚ ਇਸਾਈਆਂ ਤੇ ਜ਼ੁਲਮ ਅਤੇ ਦੁਨੀਆ

**ਡੈਨੀਅਲ ਥੋਬਾ**

ਇਰਾਕ ਵਿਚ ਪਿਛਲੇ ਕੁਝ ਮਹੀਨਿਆਂ ਤੋਂ ਖਾਨਾਜੰਗੀ ਚੱਲ ਰਹੀ ਹੈ। ਉਥੇ ਸੁੰਨੀ ਇਸਲਾਮਿਕ ਬਾਗੀਆਂ ਅਤੇ ਸਰਕਾਰੀ ਫੌਜਾਂ ਵਿਚ ਸੱਤਾ ਤੇ ਕਾਬਜ਼ ਹੋਣ ਲਈ ਖੂਨੀ ਸੰਘਰਸ਼ ਚੱਲ ਰਿਹਾ ਹੈ। ਬਾਗਆਂ ਨੇ ਇਰਾਕ ਦੇ ਕਈ ਵੱਡੇ ਸ਼ਹਿਰਾਂ ਤੇ ਕਬਜ਼ਾ ਕਰ ਲਿਆ ਹੈ। ਇਸ ਹਾਲਤ ਵਿਚ ਸੈਂਕੜੇ ਭਾਰਤੀਆਂ ਸਮੇਤ ਹੋਰ ਦੇਸ਼ਾਂ ਦੇ ਲੋਕ ਮਸਾਂ ਆਪਣੀਆਂ ਜਾਨਾਂ ਬਚਾ ਕੇ ਆਪਣੇ ਦੇਸ਼ਾਂ ਨੂੰ ਪਰਤ ਆਏ ਹਨ। ਅਜੇ ਵੀ ਕਈ ਕੁਝ ਅਜਿਹੇ ਹਨ ਜੋ ਇਰਾਕ ਵਿਚ ਹੀ ਫਸੇ ਹੋਏ ਹਨ ਅਤੇ ਉਹ ਆਪਣਾ ਪਲ-ਪਲ ਡਰ ਅਤੇ ਸਹਿਮ ਹੇਠ ਗੁਜ਼ਾਰ ਰਹੇ ਹਨ।

ਇਰਾਕ ਵਿਚ ਇਸ ਵੇਲੇ ਸਭ ਤੋਂ ਭਿਆਨਕ ਸਥਿਤੀ ਉਥੇ ਰਹਿ ਰਹੇ ਇਸਾਈਆਂ ਦੀ ਹੈ, ਕਿਉਂਕਿ ਉਥੇ ਜਿਹਨਾਂ ਸ਼ਹਿਰਾਂ ਉਤੇ ਬਾਗੀਆਂ ਦਾ ਕਬਜ਼ਾ ਹੈ, ਉਹਨਾਂ ਨੂੰ ਉਹਨਾਂ ਨੇ ਇਸਲਾਮਿਕ ਸਟੇਟ ਹੋਣ ਦਾ ਐਲਾਨ ਕਰ ਦਿੱਤਾ ਹੈ। ਉਹਨਾਂ ਦਾ ਮੁੱਖ ਨਿਸ਼ਾਨਾ ਉਥੇ ਰਹਿ ਰਹੇ ਇਸਾਈ ਹਨ। ਆਪਣੇ ਕਬਜ਼ੇ ਹੇਠਲੇ ਇਰਾਕ ਵਿਚ ਸੱਤਾ ਤੇ ਕਾਬਜ਼ ਅੱਤਵਾਦੀਆਂ ਨੇ ਇਕ ਫੁਰਮਾਨ ਜਾਰੀ ਕੀਤਾ ਹੈ ਕਿ ''ਜੋ ਇਸਾਈ ਉਸ ਇਸਲਾਮਿਕ ਸਟੇਟ ਵਿਚ ਰਹਿਣਾ ਚਾਹੁੰਦਾ ਹੈ, ਉਹ ਜਾਂ ਤਾਂ ਆਪਣਾ ਧਰਮ ਬਦਲ ਕੇ ਮੁਸਲਮਾਨ ਬਣ ਜਾਵੇ ਜਾਂ ਉਹ ਧਾਰਮਿਕ ਟੈਕਸ ਦੇਣ। ਜੇਕਰ ਨਹੀਂ ਤਾਂ ਆਪਣੀਆਂ ਜਾਨਾਂ ਗਵਾਉਣ ਲਈ ਤਿਆਰ ਰਹਿਣ।''

ਇਸ ਫੁਰਮਾਨ ਵਿਚ ਹੋਰ ਅੱਗੇ ਕਿਹਾ ਗਿਆ ਹੈ ਕਿ ਜੋ ਇਸਾਈ ਇਸਲਾਮਿਕ ਸਟੇਟ ਵਿਚ ਰਹਿਣਾ ਚਾਹੁੰਦੇ ਹਨ, ਉਹਨਾਂ ਨੂੰ ਇਕ ਇਤਿਹਾਸਕ ਸਮਝੌਤੇ ਨੂੰ ਮੰਨਣਾ ਹੋਵੇਗਾ। 'ਧੀਮਾ' ਨਾਂ ਦੇ ਇਸ ਸਮਝੌਤੇ ਅਧੀਨ ਮੁਸਲਿਮ ਖੇਤਰਾਂ ਵਿਚ ਰਹਿਣ ਵਾਲੇ ਗੈਰ ਮੁਸਲਿਮ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ ਹੈ ਜੋ ਉਹਨਾਂ ਨੂੰ ਜਜ਼ੀਆ ਟੈਕਸ ਦਾ ਭੁਗਤਾਨ ਕਰਦੇ ਹਨ। ਇਹ ਇਕ ਉਸੇ ਤਰ੍ਹਾਂ ਦਾ ਟੈਕਸ ਹੈ ਜਿਸ ਤਰ੍ਹਾਂ ਮੁਗਲ ਕਾਲ ਵੇਲੇ ਭਾਰਤ ਵਿਚ ਕਈ ਸ਼ਾਸਕ ਆਪਣੀ ਗੈਰ ਮੁਸਲਿਮ ਪਰਜਾ ਕੋਲੋਂ ਵਸੂਲ ਕਰਦੇ ਸਨ। ਫੁਰਮਾਨ ਵਿਚ ਕਿਹਾ ਗਿਆ ਹੈ ਕਿ ਗੈਰ ਮੁਸਲਮਾਨਾਂ ਨੂੰ ਤਿੰਨ ਰਾਹ ਦਿੱਤੇ ਗਏ ਹਨ, ''ਇਸਲਾਮ, ਧੀਮਾ ਅਤੇ ਜੇਕਰ ਦੋਵੇਂ ਨਹੀਂ ਤਾਂ ਫਿਰ ਤਲਵਾਰ।'' ਇਸਲਾਮਿਕ ਸਟੇਟ ਦੇ ਅਗੂ ਅਬੂ ਬਕਰ ਅਲ ਬਗਦਾਦੀ, ਜਿਸਨੂੰ ਖਲੀਫਾ ਇਬਰਾਹੀਮ ਵੀ ਕਿਹਾ ਜਾਂਦਾ ਹੈ, ਨੇ ਇਸਾਈਆਂ ਨੂੰ ਇਹ ਇਲਾਕਾ ਛੱਡ ਦੇਣ ਲਈ ਕੁਝ ਦਿਨਾਂ ਦੀ ਮੋਹਲਤ ਵੀ ਦਿੱਤੀ ਹੈ।

ਇਸ ਦਹਿਸ਼ਤ ਭਰੇ ਮਾਹੌਲ ਦੇ ਚਲਦਿਆਂ ਹੋਇਆਂ ਸੈਂਕੜੇ ਇਸਾਈ ਪਰਿਵਾਰਾਂ ਸਮੇਤ ਬਾਗੀਆਂ ਦੇ ਕਬਜ਼ੇ ਹੇਠਲੇ ਮੌਸੂਲ ਅਤੇ ਹੋਰ ਸ਼ਹਿਰਾਂ ਤੋਂ ਹਿਜ਼ਰਤ ਕਰ ਗਏ ਹਨ। ਬੇਸ਼ੱਕ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਨੇ ਇਰਾਕ ਵਿਚ ਇਸਾਈਆਂ ਤੇ ਢਾਹੇ ਜਾ ਰਹੇ ਜ਼ੁਲਮਾਂ ਨੂੰ ਅਪਰਾਧ ਕਰਾਰ ਦਿੱਤਾ ਹੈ, ਪਰ ਫਿਰ ਵੀ ਉਥੇ ਇਸਾਈਆਂ ਵਿਰੁੱਧ ਹਿੰਸਾ ਰੁਕਣ ਦਾ ਨਾਂ ਨਹੀਂ ਲੈ ਰਹੀ। ਸੋ ਇਸ ਸਬੰਧ ਵਿਚ ਹੋਰ ਅਸਰਦਾਰ ਕਦਮ ਚੁੱਕੇ ਜਾਣ ਦੀ ਲੋੜ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਜਿੱਥੇ ਲੋਕਤੰਤਰੀ ਅਤੇ ਧਰਮ ਨਿਰਪੱਖ ਦੇਸ਼ਾਂ ਵਿਚ ਕਿਸੇ ਵੀ ਧਰਮ, ਜਾਤੀ, ਨਸਲ ਆਦਿ ਦਾ ਵਿਅਕਤੀ ਆਪਣੀ ਲਿਆਕਤ ਦੇ ਆਧਾਰ ਤੇ ਕਿਸੇ ਵੀ ਪਦਵੀ ਤੇ ਪਹੁੰਚ ਸਕਦਾ ਹੈ। ਉਥੇ ਇਕ ਧਰਮ ਤੇ ਆਧਾਰਿਤ ਦੇਸ਼ ਵਿਚ ਜਿੱਥੇ ਇਕ ਹੀ ਧਰਮ ਦੇ ਵੱਖ-ਵੱਖ ਗੁੱਟਾਂ ਵਿਚ ਖੂਨੀ ਝੜੱਪਾਂ ਹੁੰਦੀਆਂ ਰਹਿੰਦੀਆਂ ਹਨ। ਉਥੇ ਘੱਟ ਗਿਣਤੀਆਂ 'ਤੇ ਕੀ ਬੀਤਦੀ ਹੋਵੇਗੀ? ਇਸਦੇ ਅਨੁਮਾਨ ਅਸੀਂ ਆਪਣੀ ਗੁਆਂਢੀ ਦੇਸ਼ ਤੋਂ ਹੀ ਲਗਾ ਸਕਦੇ ਹਾਂ ਪ੍ਰੰਤੂ ਇਰਾਕ ਵਿਚ ਇਸ ਸਮੇਂ ਸਥਿਤੀ ਉਸ ਤੋਂ ਵੀ ਬਦੱਤਰ ਹੈ।

ਜਿਵੇਂ ਕਿ ਅਸੀਂ ਉਪਰ ਜ਼ਿਕਰ ਕੀਤਾ ਹੈ ਕਿ ਇਰਾਕ ਵਿਚ ਰੋਜ਼ੀ-ਰੋਟੀ ਕਮਾਉਣ ਲਈ ਗਏ ਅਨੇਕਾਂ ਭਾਰਤੀ ਵੀ ਉਥੇ ਜਾ ਕੇ ਫਸ ਗਏ ਹਨ। ਪ੍ਰੰਤੂ ਜਦੋਂ ਜੰਗ ਵਰਗੀ ਹਾਲਤ ਵਿਚ ਉਹਨਾਂ ਦਾ ਉਥੇ ਰਹਿਣਾ ਖਤਰੇ ਤੋਂ ਖਾਲੀ ਨਹੀਂ ਸੀ ਤਾਂ ਉਹਨਾਂ ਦੇ ਪਰਿਵਾਰਾਂ ਨੇ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰਾਂ ਨੂੰ ਇਸ ਗੱਲ ਲਈ ਗੁਹਾਰ ਲਗਾਈ ਕਿ ਸਰਕਾਰਾਂ ਉਹਨਾਂ ਦੇ 'ਜਿਗਰ ਦੇ ਟੋਟਿਆਂ' ਨੂੰ ਸਹੀ-ਸਲਾਮਤ ਦੇਸ਼ ਵਾਪਰ ਲਿਆਉਣ ਵਿਚ ਉਹਨਾਂ ਦੀ ਮਦਦ ਕਰਨ। ਕੇਂਦਰ ਸਰਕਾਰ ਨੇ ਆਪਣੀ ਕੂਟਨੀਤੀ ਅਪਣਾ ਕੇ ਬਹੁਤ ਸਾਰੇ ਭਾਰਤੀਆਂ ਜਿਹਨਾਂ ਵਿਚੋਂ ਅਨੇਕਾਂ ਪੰਜਾਬੀਆਂ ਨੂੰ ਵੀ ਉਧਰੋਂ ਸੁਰੱਖਿਅਤ ਵਾਪਸੀ ਕਰਵਾਈ। ਇਸੇ ਤਰ੍ਹਾਂ ਹੀ ਵੱਖ-ਵੱਖ ਦੇਸ਼ਾਂ ਵਿਚ ਵੀ ਅਤੇ ਸੰਸਾਰ ਪੱਧਰ ਤੇ ਵੀ ਕਈ ਮਸੀਹੀ ਸੰਗਠਨ ਹਨ। ਹੋ ਸਕਦਾ ਹੈ ਕਿ ਇਹ ਸੰਗਠਨ ਵੱਖ-ਵੱਖ ਚਰਚਾਂ ਨਾਲ ਸਬੰਧਤ ਹੋਣ। ਇਹ ਵੀ ਹੋ ਸਕਦਾ ਹੈ ਕਿ ਉਹਨਾਂ ਪ੍ਰਭੂ ਯਿਸੂ ਨੂੰ ਮੰਨਣ ਦੇ ਤਰੀਕੇ ਵੀ ਵੱਖ-ਵੱਖ ਹੋਣ ਪ੍ਰਭੂ ਮੁਸੀਬਤ ਮਾਰੇ ਇਹਨਾ ਇਰਾਕ ਦੇ ਇਸਾਈਆਂ ਨੂੰ ਸੁਰੱਖਿਅਤ ਸਥਾਨਾਂ ਤੇ ਪਹੁੰਚਣ ਲਈ ਇਹਨਾਂ ਨੂੰ ਕੋਈ ਸਾਂਝੀ ਸਮਝ ਹੀ ਗੜਬੜ ਗ੍ਰਸਤ ਇਰਾਕ ਦੇ ਇਲਾਕਿਆਂ ਵਿਚ ਫਸੇ ਇਸਾਈਆਂ ਨੂੰ ਉਹਨਾਂ ਦੇ ਦੁੱਖ-ਦਰਦਾਂ ਤੋਂ ਕੁਝ ਰਾਹਤ ਦਿਵਾ ਸਕਦੀ ਹੈ। ਇਹ ਦੁਨੀਆਂ ਆਸ-ਉਮੀਦ ਦੇ ਸਹਾਰੇ ਖਲੋਤੀ ਹੈ। ਅਸੀਂ ਵੀ ਇਹ ਆਸ ਕਰਦੇ ਹਾਂ ਕਿ ਦੁਨੀਆਂ ਭਰ ਦੇ ਮਸੀਹੀ ਸੰਗਠਨ ਵੀ ਅਜਿਹੇ ਅਸਰ-ਰਸੂਖ ਅਪਣਾ ਕੇ ਇਰਾਕ ਦੇ ਇਸਲਾਮਿਕ ਸਟੇਟ ਤੇ ਕਾਬਜ਼ ਲੋਕਾਂ ਤੇ ਆਪਣਾ ਪ੍ਰਭਾਵ ਅਤੇ ਦਬਾਅ ਪਾਉਣ ਵਿਚ ਕਾਮਯਾਬ ਹੋ ਜਾਣਗੇ। ਨਿਰਦੋਸ਼ ਲੋਕਾਂ ਪ੍ਰਤੀ ਨਰਮ ਸੰਗਠਨ ਨੇ ਅਜਿਹੀ ਪਹਿਲ ਕਦਮੀ ਨਹੀਂ ਦਿਖਾਈ। ਪੰਜਾਬ ਦੇ ਇਕ ਸ਼ਹਿਰ ਵਿਚ ਇਕ ਮੁਸਲਿਮ ਸੰਗਠਨ ਨੇ ਇਜ਼ਰਾਈਲ ਵੱਲੋਂ ਰਮਜ਼ਾਨ ਦੇ ਮਹੀਨੇ ਵਿਚ ਵੀ ਗਾਜ਼ਾ ਪੱਟੀ ਵਿਚ ਜਾਰੀ ਯੁੱਧ ਕਰਕੇ ਇਜ਼ਰਾਈਲ ਵਿਰੁੱਧ ਰੋਸ ਦਿਖਾਵਾ ਕੀਤਾ ਹੈ। ਜਿਵੇਂ ਕਿ ਕਿਸੇ ਪੰਜਾਬੀ ਕਵੀ ਦਾ ਇਹ ਸ਼ੇਅਰ ਹੈ ਕਿ 'ਖੂਨ ਨਾ ਕਰੀਏ, ਕਿਸੇ ਦਾ, ਭੱਠ ਜੰਗ ਦੀਆਂ ਤਾਂਘਾਂ।' ਇਹ ਅਸੀਂ ਇਹ ਸਮਝਦੇ ਹਾਂ ਕਿ ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਸਰਕਾਰਾਂ ਜਾਂ ਅੱਤਵਾਦੀਆਂ ਵੱਲੋਂ ਮਨੁੱਖੀ ਖੂਨ ਨਹੀਂ ਵਹਾਇਆ ਜਾਣਾ ਚਾਹੀਦਾ। ਪ੍ਰੰਤੂ ਕਿੰਨੀ ਚੰਗੀ ਗੱਲ ਹੁੰਦੀ ਕਿ ਇਹ ਸੰਗਠਨ ਇਰਾਕ ਅਤੇ ਦੁਨੀਆਂ ਦੇ ਕਈ ਹੋਰ ਦੇਸ਼ਾਂ ਵਿਚ ਇਸਾਈਆਂ ਉਤੇ ਹੋ ਰਹੇ ਜ਼ੋਰ-ਜ਼ੁਲਮ ਵਿਰੁੱਧ ਵੀ 'ਹਾਅ ਦਾ ਨਾਅਰਾ' ਮਾਰਦੇ। ਅਜੇ ਕੁਝ ਹੀ ਦਿਨ ਪਹਿਲਾਂ ਨਾਈਜੀਰੀਆ ਵਿਚ ਇਕ ਆਤਮਘਾਤੀ ਬੰਬਾਰ ਨੇ ਇਕ ਪਾਦਰੀ ਨੂੰ ਨਿਸ਼ਾਨਾ ਬਣਾ ਕੇ ਹਮਲਾ ਕੀਤਾ। ਜਿਸ ਵਿਚ 82 ਲੋਕਾਂ ਦੀਆਂ ਜਾਨਾਂ ਗਈਆਂ। ਜਿਹਨਾਂ ਜਿਹਨਾਂ ਵਿਚੋਂ ਬਹੁਤੇ ਇਸਾਈ ਸਨ। ਦੱਸਿਆ ਜਾਂਦਾ ਹੈ ਕਿ ਇਹ ਪਾਦਰੀ ਅੱਤਵਾਦੀ ਗਤੀਵਿਧੀਆਂ ਦੀ ਜ਼ੋਰਦਾਰ ਢੰਗ ਨਾਲ ਵਿਰੋਧਤਾ ਕਰਦਾ ਸੀ। ਸੋ ਹਰ ਪ੍ਰਕਾਰ ਦੀ ਨਿਖੇਧੀ ਕਰਨੀ ਚਾਹੀਦੀ ਹੈ ਅਤੇ ਇਸ ਵਿਚ ਮਨੁੱਖੀ ਖੂਨ ਡੁੱਲ੍ਹਦਾ ਹੈ। ਇਸ ਲਈ ਹੋਰ ਚੰਗਾ ਹੁੰਦਾ ਕਿ ਜੋ ਇਜ਼ਰਾਈਲ ਨੂੰ ਕਹਿੰਦੇ ਹਨ ਕਿ ਰਮਜ਼ਾਨ ਵਿਚ ਯੁੱਧ ਉਚਿਤ ਨਹੀਂ ਹੈ, ਹੋਰ ਕੁਝ ਨਹੀਂ ਤਾਂ ਉਹ ਇਸਦੇ ਨਾਲ ਹੀ ਇਰਾਕ ਦੀ ਇਸਲਾਮਿਕ ਸਟੇਟ ਦੇ ਆਗੂਆਂ ਨੂੰ ਘੱਟੋਂ ਘੱਟ ਇਹ ਅਪੀਲ ਜਾਰੀ ਕਰਦੇ ਕਿ ਉਥੇ ਅੱਤਵਾਦੀਆਂ ਵੱਲੋਂ ਬੰਦੀ ਬਣਾਏ 41 ਭਾਰਤੀ ਕੈਦੀਆਂ, ਜਿਹਨਾਂ ਵਿਚ 31 ਪੰਜਾਬੀ ਹਨ, ਰਮਜ਼ਾਨ ਦੇ ਮਹੀਨੇ ਵਿਚ ਈਦ ਦੇ ਤੋਹਫੇ ਵਜੋਂ ਰਿਹਾਅ ਕਰ ਦੇਣ। ਯੁੱਧ ਜਾਂ ਹਿੰਸਾ ਕਿਸੇ ਵੀ ਸਮੇਂ ਚੰਗੀ ਨਹੀਂ ਅਤੇ ਵੱਡੀਆਂ ਸੰਸਾਰ ਜੰਗਾਂ ਤੋਂ ਲੈ ਕੇ ਹੁਣ ਤੱਕ ਵੱਡੇ ਤੋਂ ਵੱਡੇ ਮਸਲਿਆਂ ਦਾ ਹੱਲ ਵੀ ਆਪਸੀ ਗੱਲਬਾਤ ਨਾਲ ਹੀ ਹੋਇਆ ਹੈ।

ਸਪੈਸ਼ਲ ਅਮਰ ਤਿੱਲਾ
ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਰੰਟੀ ਸ਼ੁਦਾ ਇਲਾਜ ਲਈ ਰੋਗੀ ਮਿਲਣ ਜਾਂ ਫੋਨ-ਫੈਕਸ ਕਰਨ।
ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ
(ਸਫੈਦ ਪਾਣੀ ਲਕੋਰੀਆ)



ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲ੍ਹਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਵੇਲੇ ਜਲਨ ਹੋਣਾ।

ਆਯੂਰਵੈਦਿਕ ਜੜੀਆਂ ਬੂਟੀਆਂ ਦਾ ਚਮਤਕਾਰ
ਅਮਰ ਕੋਰਸ®
ਲਵੋ ਹਰ ਉਮਰ ਵਿੱਚ ਜਵਾਨੀ ਦਾ ਅਨੰਦ
ਜਵਾਨੀ ਵਿੱਚ ਬੁਢਾਪਾ ਮਹਿਸੂਸ ਹੋਣਾ, ਇੰਦਰੀ ਦਾ ਛੋਟਾਪਨ, ਨਸਾਂ ਦਾ ਢਿੱਲਾਪਣ, ਟੇਢਾਪਣ, ਨਾਮਰਦੀ, (ਸਮਾਂ ਘੱਟ ਲੱਗਣਾ) ਜਲਦੀ ਖਲਾਸ ਹੋਣਾ, ਧਾਤ, ਸੁਪਨਦੋਸ਼, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨ ਜਾਂ ਬਿਲਕੁਲ ਨਾ ਹੋਣ ਦਾ ਪੱਕਾ ਇਲਾਜ। ਬੁਢਾਪੇ ਵਿਚ ਜਵਾਨ ਬਣੋ।



ਵੈਦ ਅਮਰਜੀਤ ਅਮਰ
ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ।
ਸਾਡੀ ਦਵਾਈ ਨਾਲ ਕੋਈ ਬੁਰਾ ਅਸਰ (Side Effect) ਨਹੀਂ ਹੁੰਦਾ। ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।
ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਦੁਕਾਨ ਨੰ. 10, ਪ੍ਰੇਮ ਮਾਰਕੀਟ, ਗੋਲ ਮਾਰਕੀਟ ਤੋਂ ਪਹਿਲਾਂ ਚੌਕ 'ਚ ਭੈਰੋਂਆਂ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com
ਤੁਰੰਤ ਪੁੱਛਣ ਲਈ
98140-29888
98763-39888

# ਦਿੱਲੀ ਤਖਤ ਤੋਂ ਪਹਿਲਾਂ ਪੰਜਾਬ ਸੂਬੇ ਦਾ ਤਖਤ ਵੀ ਹਾਸਲ ਕਰਨਾ ਚਾਹੀਦਾ ਹੈ

## ਸਾਹਿਬ ਸ੍ਰੀ ਕਾਂਸ਼ੀ ਰਾਮ ਦਾ ਹੁਸ਼ਿਆਰਪੁਰ ਵਿਖੇ ਬਸਪਾ ਦੀ ਭੁੱਲ ਸੁਧਾਰ ਰੈਲੀ ਦਰਮਿਆਨ 23 ਸਤੰਬਰ 2001 ਨੂੰ ਦਿੱਤਾ ਗਿਆ ਭਾਸ਼ਣ

ਜਿਸ ਤਰ੍ਹਾਂ ਪੰਜਾਬ ਦੇ ਸਾਰੇ ਸਾਥੀਆਂ ਨੂੰ ਜਾਣਕਾਰੀ ਹੈ ਕਿ ਮੈਂ ਪਿਛਲੇ ਦਸ ਮਹੀਨੇ ਤੋਂ ਲਗਾਤਾਰ ਪੰਜਾਬ ਨੂੰ ਤਿਆਰ ਕਰਨ ਦੇ ਲਈ ਲੱਗਿਆ ਹਾਂ। ਜਦੋਂ ਮੈਂ ਪੰਜਾਬ ਵਿਚ 10 ਮਹੀਨੇ ਪਹਿਲਾਂ ਪੈਰ ਰੱਖੇ, ਉਦੋਂ ਤੋਂ ਮੈਂ ਐਲਾਨ ਕੀਤਾ ਕਿ ਮੈਂ ਪੰਜਾਬ ਵਿਚ ਬਹੁਜਨ ਸਮਾਜ ਬਣਾਉਣ ਅਤੇ ਬਹੁਜਨ ਸਮਾਜ ਦੀ ਸਰਕਾਰ ਬਣਾਉਣ ਦੇ ਲਈ ਪਹੁੰਚਿਆ ਹਾਂ। ਬਹੁਤ ਸਾਰੇ ਲੋਕਾਂ ਨੇ ਮੇਰੀ ਇਸ ਗੱਲ ਨੂੰ ਮਜ਼ਾਕ ਸਮਝ ਕੇ ਟਾਲਿਆ। ਕੁਝ ਪੱਤਰਕਾਰਾਂ ਨੇ ਮੈਨੂੰ ਪੁੱਛਿਆ ਵੀ ਕਿ ਤੁਸੀਂ ਪੰਜਾਬ ਵਿਚ ਕਿਸ ਤਰ੍ਹਾਂ ਸਰਕਾਰ ਬਣਾਓਗੇ, ਤੁਹਾਡੀ ਪਾਰਟੀ ਦਾ ਇੱਥੇ ਕੁਝ ਹੈ ਹੀ ਨਹੀਂ। ਫਿਰ ਮੈਂ ਉਹਨਾਂ ਨੂੰ ਕਿਹਾ ਕਿ ਮੈਂ ਤਜਰਬੇਕਾਰ ਇਨਸਾਨ ਹਾਂ। ਦੇਸ਼ ਦੇ ਸਭ ਤੋਂ ਵੱਡੇ ਸੂਬੇ ਉਤਰ ਪ੍ਰਦੇਸ਼ ਤੋਂ ਤਜਰਬਾ ਕਰਕੇ ਉਸ ਤਜਰਬੇ ਨੂੰ ਇਕ ਛੋਟੇ ਜਿਹੇ ਸੂਬੇ ਪੰਜਾਬ ਵਿਚ ਲਾਗੂ ਕਰਨ ਪਹੁੰਚਿਆ ਹਾਂ। ਮੈਨੂੰ ਭਰੋਸਾ ਹੈ ਕਿ ਜਿਸ ਤਰ੍ਹਾਂ ਉਤਰ ਪ੍ਰਦੇਸ਼ ਵਿਚ ਮਨੂੰਵਾਦੀ ਸਮਾਜ ਵਿਵਸਥਾ ਦੇ ਆਧਾਰ ਤੇ ਜਾਤੀ ਦੇ ਆਧਾਰ ਤੇ ਤੋੜੇ ਹੋਏ ਲੋਕਾਂ ਨੂੰ ਜੋੜ ਕੇ ਘੱਟ ਗਿਣਤੀ ਤੋਂ ਬਹੁਜਨ ਸਮਾਜ ਬਣਾਇਆ ਅਤੇ ਦੋ ਵਾਰ ਉਤਰ ਪ੍ਰਦੇਸ਼ ਵਿਚ ਬਹੁਜਨ ਦੀ ਸਰਕਾਰ ਬਣਾਈ। ਦੋਵੇਂ ਵਾਰ ਬਹੁਜਨ ਸਮਾਜ ਦੀ ਸਰਕਾਰ ਬਣਾ ਕੇ ਮਾਇਆਵਤੀ ਦੀ ਅਗਵਾਈ ਵਿਚ ਜਲਵਾ ਦਿਖਾਇਆ। ਇਸ ਕਰਕੇ ਮੈਂ ਅਜਿਹਾ ਜਲਵਾ ਦਿਖਾਉਣ ਪੰਜਾਬ ਵਿਚ ਵੀ ਪਹੁੰਚਿਆ ਹਾਂ।

ਸਾਥੀਓ, ਮੈਂ ਤਰ੍ਹਾਂ-ਤਰ੍ਹਾਂ ਦੇ ਪਾਪੜ ਵੇਲਣ ਵਾਲਾ ਆਦਮੀ ਹਾਂ। ਹਰ ਤਰ੍ਹਾਂ ਦਾ ਪਾਪੜ ਵੇਲਦੇ-ਵੇਲਦੇ ਮੈਂ ਬਹੁਜਨ ਸਮਾਜ ਨੂੰ ਅਤੇ ਬਹੁਜਨ ਸਮਾਜ ਦੀ ਪਾਰਟੀ ਨੂੰ ਦੇਸ਼ ਦੀ ਤੀਜੇ ਨੰਬਰ ਦੀ ਕੌਮੀ ਪਾਰਟੀ ਬਣਾਇਆ। ਆਉਣ ਵਾਲੇ ਤਿੰਨ ਸਾਲਾਂ ਵਿਚ (2002 ਤੋਂ 2004 ਤੱਕ) ਦੇਸ਼ ਦੇ 11 ਸੂਬਿਆਂ ਵਿਚ ਬਹੁਜਨ ਸਮਾਜ ਦੀ ਪਾਰਟੀ ਨੂੰ ਉਤਰ ਪ੍ਰਦੇਸ਼ ਦੇ ਪੱਧਰ ਤੇ, ਜਦੋਂ ਵੀ ਕੇਂਦਰ ਵਿਚ ਸਰਕਾਰ ਬਣੇਗੀ, ਤਾਂ ਤੁਹਾਨੂੰ ਨਜ਼ਰ ਆਵੇਗੀ ਕਿ ਬਹੁਜਨ ਸਮਾਜ ਪਾਰਟੀ ਹੁਣ ਤੀਜੇ ਨੰਬਰ ਦੀ ਨਹੀਂ ਬਲਕਿ ਪਹਿਲੇ ਨੰਬਰ ਦੀ ਪਾਰਟੀ ਹੈ। ਇਸ ਕਰਕੇ ਕਿ ਸਾਥੀਓ, ਜੇਕਰ ਸ਼ੁਰੂਆਤ ਚੰਗੀ ਹੋ ਜਾਵੇ ਤਾਂ ਸਮਝੋ ਅੱਧਾ ਕੰਮ ਪੂਰਾ ਹੋ ਗਿਆ।

ਤੁਸੀਂ ਅੱਗੇ ਕਿਹਾ ਕਿ 12 ਫਰਵਰੀ 2002 ਤੋਂ ਪਹਿਲਾਂ-ਪਹਿਲਾਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਕਦੀ ਵੀ ਹੋ ਸਕਦੀਆਂ ਹਨ, ਕਹਿਣ ਦਾ ਮਤਲਬ ਹੈ ਕਿ 12 ਫਰਵਰੀ 2002 ਤੋਂ ਪਹਿਲਾਂ ਪੰਜਾਬ ਦੀ ਨਵੀਂ ਸਰਕਾਰ ਬਣੇਗੀ, 30 ਸਤੰਬਰ 2002 ਤੋਂ ਪਹਿਲਾਂ ਜੰਮੂ-ਕਸ਼ਮੀਰ ਦੀ ਸਰਕਾਰ ਬਣੇਗੀ, ਫਰਵਰੀ 2003 ਵਿਚ ਹਿਮਾਚਲ ਦੀ ਸਰਕਾਰ ਬਣੇਗੀ। ਪੰਜਾਬ, ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਇਕ ਦੂਜੇ ਨਾਲ ਜੁੜੇ ਹੋਏ ਸੂਬੇ ਹਨ। ਇਸ ਕਰਕੇ ਮੈਂ ਤਿੰਨੇ ਸੂਬਿਆਂ ਵਿਚ ਲੱਗਿਆ ਹਾਂ ਕਿ ਬਹੁਜਨ ਸਮਾਜ ਦੀ ਸਰਕਾਰ ਆਪਣੇ ਬਲਬੂਤੇ ਤੇ ਬਣੇ ਜਾਂ ਬਹੁਜਨ ਦੀ ਮਰਜ਼ੀ ਤੋਂ ਬਿਨਾਂ ਕਿਸੇ ਦੀ ਸਰਕਾਰ ਨਾ ਬਣੇ, ਇਸ ਕਰਕੇ ਸਾਥੀਓ ਜੇਕਰ ਇਹ ਕੰਮ ਅਸੀਂ ਕਰ ਸਕਾਂਗੇ ਤਾਂ ਆਉਣ ਵਾਲੇ ਤਿੰਨ ਸਾਲਾਂ ਵਿਚ ਦੇਸ਼ ਦੇ ਜਿਹਨਾਂ 11 ਸੂਬਿਆਂ ਵਿਚ ਸਰਕਾਰਾਂ ਬਣਨੀਆਂ ਹਨ, ਉਹਨਾਂ ਲਈ ਅੱਧਾ ਕੰਮ ਪੂਰਾ ਹੋ ਜਾਂਦਾ ਹੈ ਅਤੇ ਤਿੰਨ ਸਾਲ ਦੇ ਅੰਦਰ ਅੰਦਰ ਬਹੁਜਨ ਸਮਾਜ ਇਸ ਦੇਸ਼ ਦਾ ਹੁਕਮਰਾਨ ਸਮਾਜ ਬਣ ਕੇ ਦੇਸ਼ ਦੀ ਕਾਇਆ ਪਲਟਣ ਦਾ ਕੰਮ ਸ਼ੁਰੂ ਕਰ ਸਕਦਾ ਹੈ। ਅੱਜ 25 ਪਾਰਟੀਆਂ ਮਿਲ ਕੇ ਕੇਂਦਰ ਦੀ ਸਰਕਾਰ ਨੂੰ ਚਲਾ ਰਹੀ ਹੈ। ਮੈਨੂੰ ਪੂਰਾ ਭਰੋਸਾ ਹੈ ਕਿ ਜੇਕਰ ਚੋਣਾਂ ਵਿਚ ਬਹੁਜਨ ਸਮਾਜ ਪਾਰਟੀ ਦੇਸ਼ ਦੀ ਪਹਿਲੇ ਨੰਬਰ ਦੀ ਪਾਰਟੀ ਬਣੇਗੀ ਅਤੇ ਕੇਂਦਰ ਦੀ ਸਰਕਾਰ ਨੂੰ ਚਲਾਵੇਗੀ ਤਾਂ ਤੁਹਾਨੂੰ ਇੰਨੀਆਂ ਪਾਰਟੀਆਂ ਨਜ਼ਰ ਨਹੀਂ ਆਉਣਗੀਆਂ ਅਤੇ ਦੇਸ਼ ਵਿਚ ਰਾਜਨੀਤਿਕ ਧਰੁਵੀਕਰਨ ਹੋਵੇਗੀ, ਲੋਕ ਵਿਚਾਰਧਾਰਾ ਦੇ ਆਧਾਰ ਤੇ ਆਪਣੇ-ਆਪਣੇ ਪਾਲੇ ਵਿਚ ਪਹੁੰਚਣਗੇ।

ਤੁਸੀਂ ਅੱਗੇ ਕਿਹਾ ਕਿ ਅੱਜ ਦੀ ਸਰਕਾਰ ਭਾਜਪਾ ਦੀ ਅਗਵਾਈ ਵਿਚ ਚੱਲਣ ਵਾਲੀ ਸਰਕਾਰ ਹੈ, ਜਿਸਦੀ ਵਿਚਾਰਧਾਰਾ ਹੈ ਕਿ ਦੇਸ਼ ਵਿਚ ਵਰਣ ਵਿਵਸਥਾ ਰਹਿਣੀ ਚਾਹੀਦੀ ਹੈ। ਇਸ ਦੇਸ਼ ਵਿਚ ਜਾਤ-ਪਾਤ ਰਹਿਣੀ ਚਾਹੀਦੀ ਹੈ। ਦੇਸ਼ ਵਿਚ ਊਚ-ਨੀਚ ਰਹਿਣੀ ਚਾਹੀਦੀ ਹੈ। ਅਤੇ ਬਹੁਜਨ ਸਮਾਜ ਦੀ ਵਿਚਾਰਧਾਰਾ ਹੈ ਕਿ ਦੇਸ਼ ਵਿਚ ਜਾਤ-ਪਾਤ ਨੂੰ ਖਤਮ ਕਰਕੇ, ਵਰਣ ਵਿਵਸਥਾ ਨੂੰ ਖਤਮ ਕਰਕੇ ਅਸੀਂ ਦੇਸ਼ ਵਿਚ ਮਾਨਵਤਾਵਾਦ ਲਿਆਉਣਾ ਚਾਹੁੰਦੇ ਹਾਂ, ਇਸ ਕਰਕੇ ਸਾਥੀਓ ਜੋ 25 ਪਾਰਟੀਆਂ ਅੱਜ ਜਾਣਦੇ ਹੋਏ ਜਾਂ ਨਾ ਜਾਣਦੇ ਹੋਏ ਭਾਜਪਾ ਦੇ ਨਾਲ ਮਿਲ ਕੇ ਸਰਕਾਰ ਚਲਾ ਰਹੀਆਂ ਹਨ। ਮੈਨੂੰ ਭਰੋਸਾ ਹੈ ਕਿ ਇਹਨਾਂ ਵਿਚੋਂ ਜ਼ਿਆਦਾਤਰ ਪਾਰਟੀਆਂ ਭਾਜਪਾ ਦੀ ਵਿਚਾਰਧਾਰਾ ਨਾਲ ਸਹਿਮਤ ਨਹੀਂ ਹਨ, ਇਸ ਕਰਕੇ ਮੈਨੂੰ ਇਹ ਵੀ ਪੂਰਾ ਭਰੋਸਾ ਹੈ ਕਿ ਤਿੰਨ ਸਾਲ ਦੇ ਅੰਦਰ-ਅੰਦਰ 25 ਪਾਰਟੀਆਂ ਨਾਲ ਨਹੀਂ ਤਿੰਨ ਚਾਰ ਪਾਰਟੀਆਂ ਮਿਲ ਕੇ ਕੇਂਦਰ ਦੀ ਸਰਕਾਰ ਚਲਾਉਣਗੀਆਂ। ਉਸ ਤੋਂ ਬਾਅਦ ਇਸ ਦੇਸ਼ ਵਿਚ ਲੋਕਤੰਤਰ ਆਵੇਗਾ, ਜਿਸ ਵਿਚ ਦੋ ਪਾਰਟੀਆਂ ਦਾ ਸ਼ਾਸਨ, ਇਕ ਰਾਜ ਕਰਨ ਵਾਲੀ ਅਤੇ ਦੂਜੀ ਉਸਦਾ ਵਿਰੋਧ ਕਰਨ ਵਾਲੀ ਪਾਰਟੀ। ਤਿੰਨ ਸਾਲ ਬਾਅਦ 11 ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਇਸ ਕਿਸਮ ਦਾ ਮਾਹੌਲ ਇਸ ਦੇਸ਼ ਵਿਚ ਪੈਦਾ ਕਰਨਾ ਹੈ, ਇਹ ਬਹੁਜਨ ਸਮਾਜ ਪਾਰਟੀ ਦਾ ਟੀਚਾ ਹੈ।

ਜਿਵੇਂ ਮੈਂ ਪਹਿਲਾਂ ਹੀ ਦੱਸਿਆ ਕਿ ਮੈਂ ਤਰ੍ਹਾਂ ਤਰ੍ਹਾਂ ਦੇ ਪਾਪੜ ਵੇਲਦਾ ਰਹਿੰਦਾ ਹਾਂ। ਫਰਵਰੀ ਦੇ ਮਹੀਨੇ ਵਿਚ ਗੁਰੂ ਰਵਿਦਾਸ ਜੀ ਦਾ ਜਨਮ ਦਿਨ ਪੰਜਾਬ ਦੇ ਲੋਕਾਂ ਨੇ ਵੱਡੇ ਪੱਧਰ ਤੇ ਮਨਾਇਆ। ਦੁਆਬਾ (ਦੋ ਨਦੀਆਂ ਸਤਲੁਜ ਅਤੇ ਵਿਆਸ ਵਿਚਕਾਰਲਾ ਖੇਤਰ) ਦੇ ਲੋਕ 75 ਸਾਲ ਪਹਿਲਾਂ ਮਨੂੰਵਾਦੀ ਸਮਾਜ ਵਿਵਸਥਾ ਦੇ ਖਿਲਾਫ ਬਾਗੀ ਹੋਏ। ਜਦੋਂ ਮੈਂ ਇਸੇ ਸਾਲ 10 ਫਰਵਰੀ ਨੂੰ ਅੰਮ੍ਰਿਤਸਰ ਵਿਚ ਵਾਲਮੀਕ ਸੰਮੇਲਨ ਵਿਚ ਗਿਆ, ਜਿਹਨਾਂ ਨੂੰ ਲੋਕ ਚੂੜ੍ਹੇ ਕਹਿੰਦੇ ਸਨ, ਉਹਨਾਂ ਨੇ ਆਪਣਾ ਨਾਂ ਚੂੜ੍ਹੇ ਤੋਂ ਬਦਲ ਕੇ ਵਾਲਮੀਕ ਰੱਖਿਆ। ਸੌ ਸਾਲ ਪੂਰੇ ਹੋਣ ਤੇ ਉਸਦਾ ਨਾਂ ਰਾਮ ਤੀਰਥ ਅੰਮ੍ਰਿਤਸਰ ਤੋਂ ਬਦਲ ਕੇ ਵਾਲਮੀਕ ਤੀਰਥ ਅੰਮ੍ਰਿਤਸਰ ਕਰ ਦਿੱਤਾ। ਉਸ ਵਿਚ ਮੈਨੂੰ ਬੁਲਾਇਆ, ਜਿਸ ਵਿਚ ਮੈਂ ਤਾਂ ਪਹੁੰਚ ਗਿਆ ਪਰ ਜਿਹਨਾਂ ਨੂੰ ਬੁਲਾਇਆ ਸੀ, ਉਹ ਨਹੀਂ ਪਹੁੰਚੇ, ਇਸ ਕਰਕੇ ਮੇਰੇ ਦੁਆਰਾ ਹੀ ਸ਼ੀਲਡ ਵੰਡ ਕਰਵਾਈ ਗਈ। ਮੈਨੂੰ ਉਸ ਦਿਨ ਪਤਾ ਲੱਗਿਆ ਕਿ ਚੂੜ੍ਹਿਆਂ ਨੇ ਆਪਣਾ ਨਾਂ 1901 ਵਿਚ ਬਦਲ ਕੇ ਵਾਲਮੀਕ ਰੱਖਿਆ। ਮੈਨੂੰ ਵੈਸੇ ਇਸ ਗੱਲ ਦੀ ਜਾਣਕਾਰੀ ਪਹਿਲਾਂ ਤੋਂ ਸੀ ਕਿ 1901 ਵਿਚ ਬੰਗਾਲ ਦੇ ਚੰਡਾਲਾਂ ਨੇ ਵੀ ਆਪਣਾ ਨਾਂ ਬਦਲ ਕੇ ਨਮੋ ਸੂਦਰ ਰੱਖਿਆ। ਮੈਨੂੰ ਇਸ ਗੱਲ ਦੀ ਜਾਣਕਾਰੀ ਸੀ ਕਿ ਦੇਸ਼ ਵਿਚ ਅਛੂਤ ਕਹੇ ਜਾਣ ਵਾਲੇ ਲੋਕ ਮਨੂੰਵਾਦੀ ਸਮਾਜ ਵਿਵਸਥਾ ਤੋਂ ਦੁਖੀ ਹੋ ਕੇ ਆਪਣਾ ਨਾਂ ਬਦਲਣ ਲੱਗੇ। ਪਰ ਬਾਬਾ ਸਾਹਿਬ ਅੰਬੇਦਕਰ ਨੇ ਦੱਖਣੀ ਭਾਰਤ ਦੇ ਇਹਨਾਂ ਅਛੂਤ ਲੋਕਾਂ ਨੂੰ ਸੰਗਠਿਤ ਕਰਕੇ 1929 ਵਿਚ ਸਫਾਈ ਮਜ਼ਦੂਰ ਫੈਡਰੇਸ਼ਨ ਬਣਾ ਕੇ ਪਹਿਲੀ ਵਾਰ ਬੰਬਈ ਨੂੰ ਬੰਦ ਕੀਤਾ। ਸਫਾਈ ਮਜ਼ਦੂਰਾਂ ਨੂੰ ਆਪਣੀ ਤਾਕਤ ਦਾ ਅਹਿਸਾਸ ਕਰਵਾਇਆ ਕਿ ਜੇਕਰ ਤੁਸੀਂ ਇੱਕਜੁਟ ਹੋ ਕੇ ਸਫਾਈ ਕਰਨਾ ਬੰਦ ਕਰ ਦਿਓ ਤਾਂ ਗੰਦ ਫੈਲਾਉਣ ਵਾਲੇ (ਮਨੂੰਵਾਦੀ) ਲੋਕਾਂ ਦੀ ਨੱਕ ਵਿਚ ਦਮ ਕਰ ਸਕਦੇ ਹੋ। ਇਸ ਤਰ੍ਹਾਂ ਬਾਬਾ ਸਾਹਿਬ ਅੰਬੇਦਕਰ ਨੇ ਮਹਾਰਾਸ਼ਟਰ ਦੇ ਚੂੜ੍ਹਿਆਂ ਨੂੰ ਸੰਗਠਿਤ ਕਰਕੇ ਅਤੇ ਸਫਾਈ ਮਜ਼ਦੂਰ ਫੈਡਰੇਸ਼ਨ ਬਣਾ ਕੇ ਆਪਣੀ ਸ਼ਕਤੀ ਦਾ ਅਹਿਸਾਸ ਕਰਵਾਇਆ। ਉਸ ਤੋਂ ਬਾਅਦ ਬਾਬਾ ਸਾਹਿਬ ਅੰਬੇਦਕਰ ਆਪਣੀ ਮੂਵਮੈਂਟ ਨੂੰ ਅੱਗੇ ਵਧਾਉਣ ਲੱਗੇ। 1930-31-32 ਵਿਚ ਇੰਗਲੈਂਡ ਵਿਚ ਰੱਖੇ ਗਏ ਗੋਲਮੇਜ ਸੰਮੇਲਨ ਵਿਚ ਗਏ ਅਤੇ ਉਹਨਾਂ ਨੇ ਆਪਣਾ ਜਲਵਾ ਦਿਖਾ ਕੇ ਸਾਨੂੰ ਬਰਾਬਰੀ ਦੇ ਵੋਟ ਦਾ ਅਧਿਕਾਰ ਲੈ ਕੇ ਆਏ, ਵੱਖਰਾ ਇਲੈਕਟ੍ਰੋਰੇਟ ਦਾ ਅਧਿਕਾਰ ਲੈ ਕੇ ਆਏ ਪਰ ਗਾਂਧੀ ਜੀ ਅਤੇ ਉਹਨਾਂ ਦੀ ਕਾਂਗਰਸ ਨੇ ਵਿਰੋਧ ਕੀਤਾ। ਇਹ ਗੱਲ ਅੱਜ ਇਕੱਠੇ ਹੋਈ ਚਮਾਰ ਬਿਰਾਦਰੀ ਦੇ ਭਰਾਵਾਂ ਨੇ ਕੰਨ ਖੋਲ੍ਹ ਕੇ ਸੁਣਨੀ ਹੋਵੇਗੀ ਕਿ ਬਾਬਾ ਸਾਹਿਬ ਡਾ. ਅੰਬੇਦਕਰ ਸਾਡੇ ਲੋਕਾਂ ਦੇ ਲਈ ਜੋ ਕੁਝ ਹਾਸਲ ਕਰਕੇ ਲਿਆਏ, ਉਸਦਾ ਵਿਰੋਧ ਗਾਂਧੀ ਜੀ ਅਤੇ ਉਹਨਾਂ ਦੀ ਕਾਂਗਰਸ ਨੇ ਡਟ ਕੇ ਕੀਤਾ। ਮੈਂ ਇਕੱਠੀ ਹੋਈ ਚਮਾਰ ਬਿਰਾਦਰੀ ਦੇ ਭਰਾਵਾਂ ਨੂੰ ਕੰਨ ਖੋਲ੍ਹ ਕੇ ਸੁਣਨ ਲਈ ਕਹਿ ਰਿਹਾ ਹਾਂ, ਕਿਉਂਕਿ ਕਦੀ ਉਹ ਬਾਗੀ ਅਤੇ ਕਦੀ ਉਹ ਹਿੰਦੂਤਵਵਾਦੀ ਬਣਦੇ ਰਹਿੰਦੇ ਹਨ। ਪੰਜਾਬ ਵਿਚ ਅੱਜ ਜੋ ਹਿੰਦੂਤਵਵਾਦ ਦਾ ਬੋਲਬਾਲਾ ਹੈ, ਇਹ ਦੁਆਬਾ ਦੇ ਚਮਾਰਾਂ ਦੀ ਭੁੱਲ ਦੇ ਕਾਰਨ ਹੈ। ਇਸ ਕਰਕੇ ਮੈਂ ਇਸ ਰੈਲੀ ਦਾ ਨਾਂ ਭੁੱਲ ਸੁਧਾਰ ਰੈਲੀ ਰੱਖਿਆ ਹੈ। ਕਿਉਂਕਿ ਦੁਆਬਾ ਦੇ ਚਮਾਰ ਸਮਾਜ ਦੇ ਲੋਕਾਂ ਨੂੰ ਵਾਰ ਵਾਰ ਭੁੱਲ ਨਹੀਂ ਕਰਨੀ ਚਾਹੀਦੀ। ਪਹਿਲਾਂ ਬਾਬਾ ਮੰਗੂਰਾਮ ਜੀ ਦੀ ਦੇਖ-ਰੇਖ ਵਿਚ ਚਮਾਰ ਸਮਾਜ ਦੇ ਲੋਕ ਅਦਿਧਰਮੀ ਬਣੇ। ਫਿਰ ਬਾਬਾ ਸਾਹਿਬ ਅੰਬੇਦਕਰ ਦੀ ਅਗਵਾਈ ਵਿਚ ਬਾਬਾ ਸਾਹਿਬ ਦੀ ਮੂਵਮੈਂਟ ਚਲਾਈ। ਉਸ ਤੋਂ ਬਾਦ ਫਿਰ ਉਹ ਮਨੂੰਵਾਦੀਆਂ ਦੇ ਹੇਠਾਂ ਜਾ ਲੱਗੇ (ਅਰਥਾਤ ਉਹਨਾਂ ਦੀ ਸ਼ਰਨ ਵਿਚ ਚਲੇ ਗਏ)। ਉਸ ਤੋਂ ਬਾਅਦ 1985 ਤੋਂ ਬਾਅਦ ਮੈਂ ਅੰਦੋਲਨ ਲਿਆਇਆ। ਕੁਝ ਦੇਰ ਤੱਕ ਉਸਨੂੰ ਚਲਾਇਆ, ਫਿਰ ਉਸ ਤੋਂ ਬਾਅਦ 1998-99 ਵਿਚ ਮਨੂੰਵਾਦੀਆਂ ਦੀ ਸ਼ਰਨ ਵਿਚ ਚਲਾ ਗਿਆ। ਇਹ ਗੱਲ ਕੰਨ ਖੋਲ੍ਹ ਕੇ ਸੁਣਨੀ ਚਾਹੀਦੀ ਹੈ ਕਿ ਜਦੋਂ 1997 ਵਿਚ ਚੋਣਾਂ ਹੋਈਆਂ ਤਾਂ ਮੈਂ ਪੰਜਾਬ ਦੇ ਚਮਾਰ ਬਿਰਾਦਰੀ ਦੇ ਲੋਕਾਂ ਨੂੰ ਸੰਗਠਿਤ ਕਰਕੇ ਚੁਣ ਲੜੀ। ਜਿਸ ਵਿਚ ਇਕ ਵਿਧਾਨ ਸਭਾ ਸੀਟ ਜਿੱਤੇ, 9 ਸੀਟਾਂ ਤੇ ਦੂਜੇ ਨੰਬਰ ਤੇ ਆਏ ਅਤੇ 40 ਸੀਟਾਂ ਤੇ ਤੀਜੇ ਨੰਬਰ ਤੇ ਆਏ।




ਸਾਹਿਬ ਸ੍ਰੀ ਕਾਂਸ਼ੀ ਰਾਮ ਬਾਰੇ ਕਿਸੇ ਪਾਸ ਉਹਨਾਂ ਦੇ ਨਾਲ ਜਾਂ ਉਹਨਾਂ ਦੀ ਕਿਸੇ ਸਮਾਗਮ ਦੀ ਤਸਵੀਰ ਜਾ ਆਡੀਓ-ਵੀਡੀਓ ਹੋਵੇ ਤਾਂ ਕਿਰਪਾ ਕਰਕੇ ਹੇਠਲ ਲਿਖੇ ਈ-ਮੇਲ ਤੇ ਭੇਜਣ। ਜੇਕਰ ਉਹਨਾਂ ਨੂੰ ਚਾਹੀਦੀ ਹੈ ਤਾਂ ਵੀ ਸਾਡੇ ਨਾਲ ਸੰਪਰਕ ਕੀਤਾ ਜਾਵੇ ਜੀ।

**kumar22_1@hotmail.com**

**780-224-4550**

ਇਹਨਾਂ ਵਿਚੋਂ ਜ਼ਿਆਦਾਤਰ 25 ਸੀਟਾਂ ਦੁਆਬਾ ਖੇਤਰ ਦੀਆਂ ਸੀਟਾਂ ਸਨ। ਇਸ ਦੁਆਬਾ ਖੇਤਰ ਦੀਆਂ 25 ਸੀਟਾਂ ਵਿਚੋਂ 1 ਤੇ ਬਸਪਾ, 4 ਤੇ ਕਾਂਗਰਸ ਅਤੇ 20 ਤੇ ਬਾਦਲ ਅਤੇ ਭਾਜਪਾ ਨੂੰ ਸਫਲਤਾ ਮਿਲੀ। ਦੁਆਬੇ ਵਿਚ ਬਾਦਲ ਅਤੇ ਭਾਜਪਾ ਦਾ ਕੋਈ ਨਾਮ ਲੇਵਾ ਨਹੀਂ ਸੀ, ਉਧਰ ਬਾਦਲ ਅਤੇ ਭਾਜਪਾ 20 ਸੀਟਾਂ ਜਿੱਤ ਗਈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਦੁਆਬਾ ਦੇ ਅੱਧੇ ਚਮਾਰ ਬਾਗੀ ਹੋਣਗੇ, ਜਿਹਨਾਂ ਦੀ ਵੋਟ ਬਸਪਾ ਨੂੰ ਮਿਲੀ ਹੈ ਅਤੇ ਅੱਧੇ ਹਿੰਦੂਤਵਵਾਦੀ ਵੋਟ ਹੋਵੇਗੀ, ਜਿਹਨਾਂ ਦਾ ਹਿੰਦੂਤਤਵਾਦੀ ਕਾਂਗਰਸ ਅਤੇ ਦੂਜੀਆਂ ਹਿੰਦੂਵਾਦੀ ਪਾਰਟੀਆ ਨੂੰ ਫਾਇਦਾ ਸੀ। ਜਿੱਥੇ ਬਸਪਾ ਹਾਰ ਗਈ, ਹਿੰਦੂਵਾਦੀ ਕਾਂਗਰਸ ਪਾਰਟੀ ਵੀ ਹਾਰ ਗਈ ਅਤੇ ਜਿੱਤੇ ਬਾਦਲ ਅਤੇ ਭਾਜਪਾ।

ਅੱਜ ਜਦੋਂ ਮੈਂ ਪੰਜਾਬ ਵਿਚ ਆਇਆ ਤਾਂ ਇਹ ਸੋਚ ਕੇ ਆਇਆ ਕਿ ਮੈਨੂੰ ਪੰਜਾਬ ਨੂੰ ਛੱਡ ਦੇਣਾ ਚਾਹੀਦਾ ਹੈ, ਕਿਉਂਕਿ ਪਾਰਲੀਮੈਂਟ ਦੀਆਂ 543 ਸੀਟਾਂ ਵਿਚੋਂ ਪੰਜਾਬ ਵਿਚ ਕੇਵਲ 13 ਸੀਟਾਂ ਹੀ ਹਨ, ਇਹਨਾਂ 13 ਸੀਟਾਂ ਨਾਲ ਦੇਸ਼ ਦਾ ਤਖਤ ਹਾਸਲ ਨਹੀਂ ਹੋ ਸਕਦਾ, ਜਦਕਿ ਮੇਰਾ ਟੀਚਾ ਦਿੱਲੀ ਦਾ ਤਖਤ ਹੈ। ਪੰਜਾਬ ਦਾ ਨਹੀਂ। ਇਸ ਕਰਕੇ ਮੈਂ ਪਹਿਲਾਂ ਸੋਚਿਆ ਕਿ ਪੰਜਾਬ ਛੱਡ ਦੇਣਾ ਚਾਹੀਦਾ ਹੈ ਕਿਉਂਕਿ 543 ਵਿਚੋਂ ਪੰਜਾਬ ਤੋਂ ਕੁੱਲ 13 ਐਮ. ਪੀ. ਹੀ ਜਿੱਤ ਕੇ ਜਾਂਦੇ ਹਨ ਅਤੇ 13 ਐਮ. ਪੀ. ਵਾਲੀ ਕੋਈ ਪਾਰਟੀ ਦਿੱਲੀ ਦੇ ਤਖਤ ਦੀ ਦਾਅਵੇਦਾਰ ਨਹੀਂ ਬਣ ਸਕਦੀ। ਦਿੱਲੀ ਦੇ ਤਖਤ ਦਾ ਦਾਅਵੇਦਾਰ ਬਣਨ ਲਈ ਮੈਨੂੰ 272 ਸੀਟਾਂ ਚਾਹੀਦੀਆਂ ਹਨ। ਉਹ ਪਾਰਟੀ ਦਿੱਲੀ ਦੇ ਤਖਤ ਦੀ ਦਾਅਵੇਦਾਰ ਹੋਵੇਗੀ। ਇਸ ਕਰਕੇ ਉਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ, ਮੱਧ ਪ੍ਰਦੇਸ਼, ਤਾਮਿਲਨਾਡੂ ਆਦਿ ਇਹ ਵੱਡੇ ਵੱਡੇ ਸੂਬੇ, ਜਿੱਧਰੋਂ 40 ਤੋਂ ਜ਼ਿਆਦਾ ਐਮ. ਪੀ. ਚੁਣ ਕੇ ਆਉਂਦੇ ਹਨ, ਇਹਨਾਂ ਸੂਬਿਆਂ ਵਿਚ ਬਹੁਜਨ ਸਮਾਜ ਪਾਰਟੀ ਨੂੰ ਅਸਰਦਾਰ ਪਾਰਟੀ ਬਣਾਉਣਾ ਮੇਰਾ ਪ੍ਰਮੁੱਖ ਟੀਚਾ ਹੈ। ਪਰ ਫਿਰ ਮੈਂ ਸੋਚਿਆ ਕਿ ਲੋਕ ਸਭਾ ਦੀਆਂ ਤਾਂ 13 ਸੀਟਾਂ ਹਨ ਪਰ ਪੰਜਾਬ ਦੀ ਸਰਕਾਰ ਵਿਧਾਨ ਸਭਾ ਦੀਆਂ 117 ਸੀਟਾਂ ਦੇ ਆਧਾਰ ਤੇ ਬਣਦੀ ਹੈ, ਇਸ ਕਰਕੇ ਹੁਣ ਦਿੱਲੀ ਦੇ ਤਖਤ ਨੂੰ ਪਾਸੇ ਕਰਕੇ ਪਹਿਲਾਂ ਮੈਂ ਪੰਜਾਬ ਵਿਚ ਆਪਣਾ ਸੂਬੇਦਾਰ ਬਣਨਾ ਜ਼ਰੂਰੀ ਸਮਝਿਆ ਹੈ। ਇਸ ਕਰਕੇ 117 ਵਿਧਾਨ ਸਭਾ ਦੀਆਂ ਸੀਟਾਂ ਨੂੰ ਤਿਆਰ ਕਰਨਾ ਜ਼ਰੂਰੀ ਹੈ। ਇਸ ਕਰਕੇ ਮੈਂ ਫੈਸਲਾ ਕੀਤਾ ਕਿ ਜਦੋਂ ਮੈਂ ਸਾਰੇ ਦੇਸ਼ ਵਿਚ ਪਾਪੜ ਵੇਲਦਾ ਰਿਹਾ ਹਾਂ ਤਾਂ ਪੰਜਾਬ ਵਾਸਤੇ ਵੀ ਪਾਪੜ ਵੇਲਾਂਗਾ।

ਤੁਸੀਂ ਕਿਹਾ ਕਿ ਫਰਵਰੀ ਦੇ ਮਹੀਨੇ ਵਿਚ ਸਾਡੇ ਚਮਾਰ ਸਮਾਜ ਦੇ ਲੋਕ ਰਵਿਦਾਸ ਜੈਅੰਤੀ ਮਨਾਉਂਦੇ ਹਨ। ਉਦੋਂ ਮੈਂ ਦੁਆਬਾ ਦੀਆਂ ਸਾਰੀਆਂ ਸੀਟਾਂ ਤੇ ਜਾਣ ਦਾ ਫੈਸਲਾ ਕੀਤਾ। ਹੁਸ਼ਿਆਰਪੁਰ ਦੀ ਸੀਟ ਨੂੰ ਮੁੱਖ ਟੀਚਾ ਰੱਖ ਕੇ ਮੈਂ ਇਸੇ ਸਾਲ 28 ਫਰਵਰੀ ਨੂੰ ਇਸ ਮੈਦਾਨ ਵਿਚ ਵੀ ਆਇਆ। ਦੁਆਬਾ ਦੇ ਚਮਾਰ ਸਮਾਜ ਦੇ ਲੋਕਾਂ ਨੂੰ ਇਕੱਠਾ ਕੀਤਾ, ਉਸ ਦੌਰਾਨ ਅੱਜ ਜਿੰਨੀਆਂ ਔਰਤਾਂ ਹਾਜ਼ਰ ਹਨ, ਉਸ ਸਮੇਂ ਉਨੀ ਕੁੱਲ ਭੀੜ ਸੀ। ਇਹ ਸਾਰਾ ਮੈਦਾਨ ਖਾਲੀ ਨਜ਼ਰ ਆ ਰਿਹਾ ਸੀ। ਸੱਤ-ਅੱਠ ਹਜ਼ਾਰ ਚਮਾਰ ਸਮਾਜ ਦੇ ਭਰਾਵਾਂ ਨੂੰ ਗਾਲੀ-ਗਲੋਚ ਕਰਕੇ ਵਾਪਸ ਭੇਜਿਆ। ਫਿਰ ਮੈਂ ਫੈਸਲਾ ਕੀਤਾ ਕਿ ਮੈਨੂੰ ਪੰਜਾਬ ਛੱਡ ਕੇ ਚਲੇ ਜਾਣਾ ਚਾਹੀਦਾ ਹੈ। ਫਿਰ ਦਿੱਲੀ ਜਾ ਕੇ ਮਾਇਆਵਤੀ ਨਾਲ ਸਲਾਹ-ਮਸ਼ਵਰਾ ਕੀਤਾ। ਉਹਨਾਂ ਨੇ ਮੈਨੂੰ ਕਿਹਾ ਕਿ ਤੁਸੀਂ ਕਾਫੀ ਦਿਨਾਂ ਤੋਂ ਪੰਜਾਬ ਵਿਚ ਲੱਗੇ ਹੋਏ ਹੋ। ਪਹਿਲਾਂ ਪਾਰਟੀ ਦੀ ਮੈਂਬਰਸ਼ਿਪ ਬਣਾਈ। ਤੁਸੀਂ ਹੋਰ ਕੋਸ਼ਿਸ਼ ਕਰੋ, ਪੰਜਾਬ ਨੂੰ ਨਾ ਛੱਡੋ। ਸ਼ਾਇਦ ਪੰਜਾਬ ਦਾ ਚਮਾਰ ਸਮਾਜ ਹੁਣ ਜਾਗਰੂਕ ਹੋ ਗਿਆ ਹੋਵੇ। ਇਸ ਕਰਕੇ ਸਾਥੀਓ, ਮੈਂ ਇਸੇ ਮੈਦਾਨ ਵਿਚ ਚਮਾਰ ਰੈਲੀ ਰੱਖਣ ਦਾ ਫੈਸਲਾ ਕੀਤਾ। ਪਿਛਲੇ ਛੇ ਮਹੀਨਿਆਂ ਤੋਂ ਮੈਂ ਪੰਜਾਬ ਦੇ ਚਮਾਰਾਂ ਨੂੰ ਜਾ-ਗਰੂਕ ਕਰਨ ਲੱਗਿਆ ਹਾਂ। ਅੱਜ ਉਹਨਾਂ ਦੀ ਚੌਕਸੀ ਦਾ ਨਜ਼ਾਰਾ ਉਸੇ ਮੈਦਾਨ ਵਿਚ ਹੈ, ਜਿਸ ਮੈਦਾਨ ਵਿਚ ਮੈਂ ਸੁਸਤੀ ਦਾ ਰੁਤਬਾ ਦੇਖਿਆ ਸੀ।

ਅੱਜ ਮੈਂ ਤੁਹਾਨੂੰ ਗਾਲੀ-ਗਲੋਚ ਕਰਨ ਦੇ ਲਈ ਇੱਥੇ ਇਕੱਠਾ ਨਹੀਂ ਕੀਤਾ, ਹਾਲਾਂਕਿ ਜਿਹਨਾਂ ਨੂੰ ਚੁਸਤ ਹੋ ਜਾਣਾ ਚਾਹੀਦਾ ਹੈ, ਉਹਨਾਂ ਦੀ ਚੁਸਤੀ ਮੈਨੂੰ ਨਜ਼ਰ ਨਹੀਂ ਆਈ, ਕਿਉਂਕਿ ਮੈਂ ਇਸ ਰੈਲੀ ਦੇ ਜ਼ਰੀਏ ਚਮਾਰ ਸਮਾਜ ਦੇ ਲੋਕਾਂ ਨੂੰ ਸਿਰਫ ਚੁਸਤ ਕਰਨ ਲਈ ਨਹੀਂ ਬਲਕਿ ਇਹਨਾਂ ਨੂੰ ਵਿਕਣ ਵਾਲੇ ਬਣਾਉਣ ਦਾ ਵੀ ਫੈਸਲਾ ਕੀਤਾ ਹੈ। ਇਸ ਕਰਕੇ ਮੈਂ ਚਮਾਰ ਸਮਾਜ ਦੇ ਭਰਾਵਾਂ ਨੂੰ ਸਲਾਹ ਦਿੱਤੀ ਕਿ ਇਸ ਮੈਦਾਨ ਦੇ ਚਾਰੇ ਪਾਸੇ 10 ਕਿਲੋਮੀਟਰ ਦੇ ਦਾਇਰੇ ਤੱਕ ਜੋ ਚਮਾਰ ਸਮਾਜ ਦੇ ਭਰਾ ਰਹਿੰਦੇ ਹਨ, ਜੋ ਮੇਰੇ ਨਾਲ ਸਹਿਮਤ ਹਨ ਉਹ ਪੈਦਲ ਚੱਲ ਕੇ, ਝੁੰਡ ਬਣਾ ਕੇ ਆਉਣੇ ਚਾਹੀਦੇ ਹਨ, ਪਰ ਮੈਨੂੰ ਇਕ ਵੀ ਝੁੰਡ ਨਜ਼ਰ ਨਹੀਂ ਆਇਆ। ਪੰਜ-ਪੰਜ, ਸੱਤ-ਸੱਤ ਲੋਕ ਆਉਂਦੇ ਨਜ਼ਰ ਆਏ। ਮੈਂ ਸੋਚਿਆ ਕਿ ਜੋ ਲੋਕ ਪੈਦਲ ਚੱਲ ਕੇ ਆਉਣਗੇ ਉਹ ਆਪਣਾ ਵੋਟ ਨਹੀਂ ਵੇਚਣਗੇ। ਕਿਉਂਕਿ ਮਾਰਕੀਟ ਵਿਚ ਮਾਲਦਾਰ ਲੋਕ ਆਉਣ ਵਾਲੇ ਹਨ। ਕੰਗਾਲ ਲੋਕ ਆ ਗਏ ਹਨ ਅਤੇ ਕੰਗਾਲਾਂ ਦਾ ਮੈਂ ਸਰਦਾਰ (ਮੁਖੀਆ) ਹਾਂ। ਮਾਲਦਾਰ ਲੋਕ ਚੋਣਾਂ ਤੋਂ ਪਹਿਲਾਂ ਆਉਣ ਵਾਲੇ ਹਨ। ਕਾਂਗਰਸ ਵਿਚ ਮਾਲਦਾਰਾਂ ਦੀ ਕਮੀ ਨਹੀਂ ਹੈ। ਬਾਦਲ ਅਤੇ ਭਾਜਪਾ ਵਿਚ ਕੋਈ ਕਮੀ ਨਹੀਂ ਹੈ। ਕਾਂਗਰਸ ਵਾਲੇ 50 ਸਾਲ ਤੱਕ ਨੋਟ ਬਣਾਉਂਦੇ ਰਹੇ ਹਨ, ਜਿਸ ਬਾਰੇ ਸਭ ਜਾਣਦੇ ਹਨ। ਭਾਜਪਾ ਦੇਸ਼ ਦੀ ਮਹਾਂ ਭ੍ਰਿਸ਼ਟ ਪਾਰਟੀ ਹੈ, ਬਾਦਲ ਦੀ ਅਕਾਲੀ ਪਾਰਟੀ ਨੇ ਪਿਛਲੇ ਸਾਢੇ ਚਾਰ ਸਾਲ ਵਿਚ ਪੈਸਾ ਇਕੱਠਾ ਕਰ ਲਿਆ ਹੈ, ਤਾਂ ਜੋ ਚੋਣਾਂ ਆਉਣ ਤਾਂ ਵੰਡਿਆ ਜਾਵੇ। ਬਹੁਜਨ ਸਮਾਜ ਵਾਲੇ ਲੋਕਾਂ ਨੂੰ ਇਹਨਾਂ ਨੋਟਾਂ ਵਾਲੀਆਂ ਪਾਰਟੀਆਂ ਤੋਂ ਦੂਰ ਰਹਿਣਾ ਚਾਹੀਦਾ ਹੈ, ਇਸ ਕਰਕੇ ਮੈਂ ਇਹ ਕਿਹਾ ਸੀ ਕਿ 15 ਹਜ਼ਾਰ ਲੋਕ ਇਸ ਰੈਲੀ ਵਿਚ ਪੈਦਲ ਆਉਣੇ ਚਾਹੀਦੇ ਹਨ, 15 ਹਜ਼ਾਰ ਲੋਕ ਸਾਈਕਲਾਂ ਤੇ ਚੜ੍ਹ ਕੇ ਆਉਣੇ ਚਾਹੀਦੇ ਹਨ, ਪਰ ਮੈਂ ਦੇਖਿਆ ਕਿ ਉਹ ਪੈਦਲ ਅਤੇ ਸਾਈਕਲ ਤੇ ਨਹੀਂ ਆਏ। ਸਾਡੇ ਲੋਕ ਵਿਕਾਊ ਮਾਲ ਨਹੀਂ ਹੋਣੇ ਚਾਹੀਦੇ, ਇਸ ਕਰਕੇ ਮੈਂ ਇਹ ਤੀਜੀ ਸਲਾਹ ਦੁਆਬਾ ਖੇਤਰ ਦੇ ਪਾਰਟੀ ਵਰਕਰਾਂ ਨੂੰ ਦਿੱਤੀ ਕਿ ਜੇਕਰ ਤੁਸੀਂ ਪੈਦਲ ਅਤੇ ਸਾਈਕਲਾਂ ਤੇ ਨਹੀਂ ਆ ਸਕਦੇ ਤਾਂ ਇਸ ਵਾਰ ਚੁਸਤੀ ਦਿਖਾਓ, ਆਪਣਾ ਆਪਣਾ ਥੋੜ੍ਹਾ ਪੈਸਾ ਇਕੱਠਾ ਕਰਕੇ ਕੋਈ ਵੀ ਵਹੀਕਲ ਕਿਰਾਏ ਤੇ ਲੈ ਕੇ ਰੈਲੀ ਵਿਚ ਪਹੁੰਚੋ। ਪਰ ਉਹਨਾਂ ਕਿਰਾਏ ਤੇ ਵਹੀਕਲ ਲੈਣ ਵਾਲਿਆਂ ਵਿਚ ਸਾਨੂੰ ਕੋਈ ਭਰੋਸਾ ਨਹੀਂ ਕਿ ਉਹ ਨਹੀਂ ਵਿਕਣਗੇ। ਜੋ ਪੈਸਾ ਇਕੱਠਾ ਕਰਕੇ ਆਰਾਮ ਨਾਲ ਆਏ ਹਨ, ਉਹਨਾਂ ਨੂੰ ਨਾ ਵਿਕਣ ਵਾਲਾ ਚਮਾਰ ਬਣਾਉਣ ਵਾਸਤੇ ਮੈਨੂੰ ਹੋਰ ਮਿਹਨਤ ਕਰਨ ਦੀ ਲੋੜ ਹੈ। ਉਹ ਮਿਹਨਤ ਮੈਂ ਕਰਾਂਗਾ। ਜੇਕਰ ਮੈਨੂੰ ਨੋਟਾਂ ਵਾਲਿਆਂ ਨੂੰ ਹਰਾਉਣਾ ਹੈ ਤਾਂ ਵੋਟਾਂ ਵਾਲਿਆਂ ਦੀ ਸਰਕਾਰ ਬਣਾਉਣੀ ਹੈ, ਮੈਨੂੰ ਜ਼ਿਆਦਾ ਮਿਹਨਤ ਕਰਨੀ ਹੋਵੇਗੀ।

ਪਾਰਟੀ ਦੀ ਸਥਾਪਨਾ (1984) ਤੋਂ ਬਾਅਦ ਜਦੋਂ ਸਾਡੇ ਸਾਹਮਣੇ 1985 ਦੀ ਪਹਿਲੀ ਚੋਣ ਆਈ ਤਾਂ ਅਸੀਂ ਉਤਰ ਪ੍ਰਦੇਸ਼ ਦੀ ਪਹਿਲੀ ਚੋਣ ਲੜੀ ਅਤੇ ਬਹੁਜਨ ਸਮਾਜ ਪਾਰਟੀ ਨੂੰ 2.4 ਫੀਸਦੀ ਵੋਟ ਪਈ ਅਤੇ ਕਾਂਗਰਸ ਪਾਰਟੀ ਨੂੰ 48 ਫੀਸਦੀ ਵੋਟ ਪਈ, ਪਰ ਅੱਜ ਉਤਰ ਪ੍ਰਦੇਸ਼ ਵਿਚ 2000 ਤੋਂ ਬਾਅਦ ਜੋ ਉਪ ਚੋਣ ਹੋਈ, ਉਸ ਵਿਚ ਕਾਂਗਰਸ ਪਾਰਟੀ ਦੀ ਹਰ ਸੀਟ ਤੇ ਜ਼ਮਾਨਤ ਨਹੀਂ ਬਚੀ ਪਰ ਅੱਜ ਮੈਨੂੰ ਉਤਰ ਪ੍ਰਦੇਸ਼ ਵਿਚ 48 ਪ੍ਰਤੀਸ਼ਤ ਵੋਟ ਹਾਸਲ ਕਰਨ ਵਾਲੀ ਕਾਂਗਰਸ ਪਾਰਟੀ ਦਾ 2 ਪ੍ਰਤੀਸ਼ਤ ਵੋਟ ਹੀ ਨਜ਼ਰ ਆ ਰਿਹਾ ਹੈ।ਜਦੋਂ ਮੈਂ ਪੰਜਾਬ ਆ ਕੇ ਇਹ ਐਲਾਨ ਕੀਤਾ ਕਿ ਮੈਂ ਸਾਰੀਆਂ ਸੀਟਾਂ ਤਿਆਰ ਕਰਕੇ ਬਹੁਜਨ ਸਮਾਜ ਦੀ ਸਰਕਾਰ ਬਣਾਵਾਂਗਾ ਤਾਂ ਕਾਂਗਰਸ ਦੇ ਅੰਦਰ ਕੰਬਣੀ ਛਿੜ ਗਈ ਹੈ। ਅੱਜ ਮੌਸਮ ਠੀਕ ਹੋਣ ਤੋਂ ਬਾਅਦ ਸਾਨੂੰ ਤਾਂ ਅੱਜ ਵੀ ਗਰਮੀ ਲੱਗ ਰਹੀ ਹੈ ਪਰ ਕਾਂਗਰਸ ਨੂੰ ਕਾਂਬਾ ਛਿੜ ਰਿਹਾ ਹੈ। ਕਿਉਂਕਿ ਅੱਜ ਉਸਦੀ ਵੋਟ 48 ਪ੍ਰਤੀਸ਼ਤ ਤੋਂ ਘਟਾ ਕੇ 2 ਪ੍ਰਤੀਸ਼ਤ ਤੇ ਆ ਗਈ। ਉਹਨਾਂ ਨੂੰ ਪਤਾ ਹੈ ਕਿ ਕਾਂਸ਼ੀ ਰਾਮ ਜਿੱਧਰ ਵੀ ਚਲਿਆ ਜਾਂਦਾ ਹੈ, ਕਾਂਗਰਸ ਦਾ ਸਫਾਇਆ ਆਪਣੇ ਆਪ ਹੁੰਦਾ ਰਹਿੰਦਾ ਹੈ। ਇਸ ਕਰਕੇ ਸਾਥੀਓ, ਜਦੋਂ ਤੱਕ ਪੰਥਕ ਮੋਰਚਾ ਨਹੀਂ ਬਣਿਆ, ਉਦੋਂ ਤੱਕ ਮੇਰੀ ਵੱਡੀ ਭਾਰੀ ਸਮੱਸਿਆ ਸੀ। ਕਿਉਂਕਿ ਪੱਤਰਕਾਰ ਮੈਨੂੰ ਪੁੱਛਦੇ ਸਨ ਕਿ ਕਾਂਗਰਸ ਵਾਲੇ ਕਹਿੰਦੇ ਹਨ ਕਿ ਤੁਸੀਂ ਬਾਦਲ ਦੀ ਸੋਚ ਦੇ ਆਧਾਰ ਤੇ ਪੰਜਾਬ ਵਿਚ ਚੋਣ ਲੜਨ ਆਏ ਹੋ। ਪਰ ਜਦੋਂ ਪੰਥਕ ਮੋਰਚਾ ਬਣ ਗਿਆ ਤਾਂ ਬਾਦਲ ਖੁਦ ਬੋਲਣ ਲੱਗ ਗਿਆ ਹੈ ਕਿ ਪੰਥਕ ਵਾਲੇ ਖੁਦ ਤਾਂ ਜਿੱਤਣਗੇ ਨਹੀਂ ਬਲਕਿ ਇਹ ਕਾਂਗਰਸ ਨੂੰ ਜਿਤਾਉਣਾ ਚਾਹੁੰਦੇ ਹਨ, ਇਸ ਕਰਕੇ ਸਾਨੂੰ ਸਹਾਰਾ ਮਿਲਿਆ ਕਿ ਪੰਥਕ ਪਾਰਟੀ ਬਣਨ ਤੋਂ ਬਾਅਦ ਜੋ ਅਖ਼ਬਾਰ ਵਾਲੇ ਮੇਰੇ ਵੱਲ ਇਸ਼ਾਰਾ ਕਰਕੇ ਕਹਿੰਦੇ ਸਨ ਕਿ ਪੰਜ ਕਰੋੜ, ਦਸ ਕਰੋੜ, ਪੱਚੀ ਕਰੋੜ, ਸੌ ਕਰੋੜ ਯਾਨਿ ਕਿ ਜਿਸਦਾ ਜਿੰਨਾ ਮੂੰਹ, ਉਨਾ ਹੀ ਖੋਲ੍ਹਿਆ ਅਤੇ ਲਿਖਦੇ ਰਹੇ ਕਿ ਬਾਦਲ ਜੋ ਪੰਜਾਬ ਦਾ ਸੂਬੇਦਾਰ ਹੈ, ਉਸ ਤੋਂ ਪੈਸਾ ਲੈ ਕੇ ਬਾਦਲ ਨੂੰ ਸੂਬੇਦਾਰ ਬਣਾਉਣ ਲਈ ਕਾਂਸ਼ੀਰਾਮ ਕੰਮ ਕਰ ਰਹੇ ਹਨ। ਇਸ ਕਰਕੇ ਮੇਰਾ ਕਹਿਣਾ ਹੈ ਕਿ ਉਹਨਾਂ ਨੂੰ ਸੋਚਣਾ ਚਾਹੀਦਾ ਹੈ ਕਿ ਜੋ ਕਾਂਸ਼ੀ ਰਾਮ ਦੇਸ਼ ਦਾ ਮਾਲਕ ਬਣਨਾ ਚਾਹੁੰਦਾ ਹੈ, ਉਹ ਬਾਦਲ ਦੇ ਲੱਖ, ਦੋ ਲੱਖ ਜਾਂ ਕੁਝ ਕੁ ਕਰੋੜਾਂ ਦਾ ਕੀ ਕਰੇਗਾ ਅਤੇ ਉਸਨੂੰ ਪੰਜਾਬ ਦਾ ਸੂਬੇਦਾਰ ਕਿਉਂ ਦੇਖਣਾ ਚਾਹੇਗਾ। ਮੈਂ ਕੋਈ ਤੁਹਾਡੇ ਲੋਕਾਂ ਦਾ ਮਨੋਬਲ ਡੇਗਣ ਲਈ ਨਹੀਂ ਆਇਆ। ਮੈਂ ਤਾਂ ਉਤਰ ਪ੍ਰਦੇਸ਼ ਵਿਚ ਜਿਸ ਤਰ੍ਹਾਂ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਣ ਵਾਲੇ ਚਮਾਰ ਬਿਰਾਦਰੀ ਦੇ ਲੋਕ, ਜੋ ਉਠ ਕੇ ਖੜ੍ਹੇ ਹੋ ਗਏ ਹਨ, ਜਿਹਨਾਂ ਨੂੰ ਮਨੂੰਵਾਦੀ ਪਾਰਟੀਆਂ ਦੇ ਹਰ ਕਿਸਮ ਦੇ ਹੱਥਕੰਡੇ ਨਹੀਂ ਤੋੜ ਸਕੇ, ਉਹਨਾਂ ਦੇ ਸੰਗਠਨ ਨੂੰ ਨਹੀਂ ਤੋੜ ਸਕੇ, ਬਹੁਜਨ ਸਮਾਜ ਪਾਰਟੀ ਤੋਂ ਉਹਨਾਂ ਨੂੰ ਅਲੱਗ ਨਹੀਂ ਕਰ ਸਕੇ, ਅਜਿਹੇ ਉਤਰ ਪ੍ਰਦੇਸ਼ ਦੇ ਚਮਾਰ ਬਿਰਾਦਰੀ ਦੇ ਲੋਕਾਂ ਤੋਂ ਪ੍ਰੇਰਨਾ ਲੈ ਕੇ ਪੰਜਾਬ ਦੇ ਲੋਕਾਂ ਨੂੰ ਚੁਸਤ ਬਣਾਉਣ ਲਈ ਮੈਂ ਤੁਹਾਡੇ ਲੋਕਾਂ ਵਿਚਕਾਰ ਆਇਆ ਹਾਂ। ਬਾਬਾ ਸਾਹਿਬ ਡਾ. ਅੰਬੇਦਕਰ ਨੇ ਕਿਹਾ ਸੀ ਕਿ ਰਾਜਨੀਤਿਕ ਸ਼ਕਤੀ ਇਕ ਮਾਸਟਰ ਚਾਬੀ ਹੈ, ਜੇਕਰ ਇਸ ਮਾਸਟਰ ਚਾਬੀ ਨੂੰ ਤੁਸੀਂ ਲੋਕ ਆਪਣੇ ਹੱਥਾਂ ਵਿਚ ਲੈ ਲੈਂਦੇ ਹੋ ਤਾਂ ਇਸ ਮਾਸਟਰ ਚਾਬੀ ਦੇ ਜ਼ਰੀਏ ਹਰ ਕਿਸਮ ਦੀ ਸਮੱਸਿਆ ਰੂਪੀ ਜਿੰਦਰੇ ਨੂੰ ਖੋਲ੍ਹ ਸਕਦੇ ਹੋ। ਉਸਦਾ ਹੱਲ ਕੱਢ ਸਕਦੇ ਹੋ। ਇਸ ਰਾਜਨੀਤਿਕ ਤਾਕਤ ਦੀ ਮਾਸਟਰ ਚਾਬੀ ਦਾ ਅਹਿਸਾਸ ਅਸੀਂ ਉਤਰ ਪ੍ਰਦੇਸ਼ ਵਿਚ ਕੀਤਾ। ਉਤਰ ਪ੍ਰਦੇਸ਼ ਵਿਚ ਅਸੀਂ ਦੋ ਵਾਰ ਸਰਕਾਰ ਬਣਾਈ। 1995 ਵਿਚ ਲੱਗਭੱਗ ਸਾਢੇ ਚਾਰ ਮਹੀਨੇ ਦੇ ਲਈ ਅਤੇ 1997 ਵਿਚ ਛੇ ਮਹੀਨੇ ਦੇ ਲਈ। ਅਸੀਂ 1997 ਵਿਚ ਛੇ ਮਹੀਨੇ ਦੇ ਸ਼ਾਸਨ ਕਾਲ ਵਿਚ ਛੇ ਸਾਲ ਤੋਂ ਵੀ ਜ਼ਿਆਦਾ ਕੰਮ ਕਰਕੇ ਉਤਰ ਪ੍ਰਦੇਸ਼ ਵਿਚ ਦਿਖਾਇਆ ਅਤੇ ਬਹੁਜਨ ਸਮਾਜ ਦੇ ਲੋਕਾਂ ਨੂੰ ਹਰ ਖੇਤਰ ਵਿਚ ਸਵੈਮਾਣ ਦੀ ਜ਼ਿੰਦਗੀ ਜਿਊਣ ਦਾ ਮੌਕਾ ਦਿੱਤਾ। ਅਜਿਹੇ ਮਹਾਂ ਪੁਰਸ਼, ਸੰਤਾਂ ਅਤੇ ਗੁਰੂਆਂ, ਜਿਹਨਾਂ ਨੇ ਇਸ ਦੇਸ਼ ਵਿਚ ਸਮਾਜਿਕ ਤਬਦੀਲੀ ਅਤੇ ਆਰਥਿਕ ਮੁਕਤੀ ਦੇ ਲਈ ਸੰਘਰਸ਼ ਕੀਤਾ, ਜਿਹਨਾਂ ਨੇ ਮਨੁੱਖਤਾ ਅਤੇ ਇਨਸਾਨੀਅਤ ਦੇ ਲਈ ਸੰਘਰਸ਼ ਕੀਤਾ, ਅਜਿਹੇ ਮਹਾਂ ਪੁਰਸ਼ਾਂ, ਸੰਤਾਂ ਅਤੇ ਗੁਰੂਆਂ ਨੂੰ ਵੀ ਸਾਡੀ ਸਰਕਾਰ ਨੇ ਸਤਿਕਾਰ ਦਿੱਤਾ। ਸਾਡੀ ਸਰਕਾਰ ਨੇ ਮਹਾਤਮਾ ਜੋਤੀਰਾਓ ਫੂਲੇ, ਛਤਰਪਤੀ ਸ਼ਾਹੂ ਜੀ ਮਹਾਰਾਜ, ਬਾਬਾ ਸਾਹਿਬ ਡਾ. ਅੰਬੇਦਕਰ, ਗੌਤਮ ਬੁੱਧ, ਗੌਤਮ ਬੁੱਧ ਦੀ ਮਾਂ ਮਹਾਂਮਾਇਆ। ਸੰਤ ਗੁਰੂ ਰਵਿਦਾਸ, ਕਬੀਰ, ਸ਼ਹੀਦ ਊਧਮ ਸਿੰਘ, ਝਲਕਾਰੀ ਬਾਈ ਆਦਿ ਦੇ ਨਾਂ ਤੇ ਜ਼ਿਲ੍ਹੇ, ਸਰਕਾਰੀ ਸੰਸਥਾਵਾਂ, ਯੂਨੀਵਰਸਿਟੀਆਂ, ਸਕੂਲ ਅਤੇ ਯਾਦਗਾਰੀ ਥਾਵਾਂ ਦਾ ਨਿਰਮਾਣ ਕੀਤਾ। ਕੇਂਦਰ ਅਤੇ ਸੂਬਿਆਂ ਵਿਚ ਮਨੂੰਵਾਦੀ ਪਾਰਟੀਆਂ ਦੀ ਸਰਕਾਰ ਰਹੀ, ਜਿਹਨਾਂ ਨੇ ਨਾ ਤਾਂ ਸਵੈਮਾਣ ਦਾ ਧਿਆਨ ਰੱਖਿਆ ਅਤੇ ਨਾ ਹੀ ਤੁਹਾਡੇ ਮਹਾਂ ਪੁਰਸ਼ਾਂ, ਸੰਤਾਂ ਅਤੇ ਗੁਰੂਆਂ ਦਾ ਸਤਿਕਾਰ ਕੀਤਾ। *(ਧੰਨਵਾਦ ਸਹਿਤ ਬਹੁਜਨ ਸੰਗਠਕ)*

**ਅਨੁਵਾਦ-ਤਰਸੇਮ ਜਲੰਧਰੀ (ਸੰਪਾਦਕ)**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਨੇ ਗੁਰੂ ਘਰ ਨਾਲ ਦੀ ਪ੍ਰਾਪਰਟੀ ਖਰੀਦਣ 'ਚ ਦਾਨੀ ਸੱਜਣਾਂ ਦਾ ਕੀਤਾ ਕੋਟਿਨ ਕੋਟਿ ਧੰਨਵਾਦ



ਗੁਰਕਮਲਜੀਤ ਸਿੰਘ ਦਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਨਵੀਂ ਬਿਲਡਿੰਗ ਲਈ ਯੋਗਦਾਨ ਕਰਨ ਲਈ ਸਿਰੋਪੇ ਨਾਲ ਸਨਮਾਨ ਕਰਦੇ ਹੋਏ।



ਕਥਾਵਾਚਕ ਭਾਈ ਗੁਰਦੇਵ ਸਿੰਘ ਜੀ ਦਾ ਸਮੂਹ ਪਰਿਵਾਰ ਭਾਰਤ ਤੋਂ ਅਮਰੀਕਾ ਆਉਣ ਤੇ ਉਹਨਾਂ ਦੀ ਨੂੰਹ ਦਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਕਮੇਟੀ ਦੇ ਮੈਂਬਰ ਅਤੇ ਅਹੁਦੇਦਾਰ ਸਨਮਾਨ ਕਰਦੇ ਹੋਏ।



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਬਿਲਡਿੰਗ ਲਈ ਦਾਨ ਕਰਨ ਵਾਲੇ ਮਾਤਾ ਕਰਤਾਰ ਕੌਰ ਜੀ ਦਾ ਸਨਮਾਨ ਕਰਦੇ ਹੋਏ।

ਯੂਬਾ ਸਿਟੀ- (ਦਿਲਵਿੰਦਰ ਰੱਲ੍ਹ)- ਬੀਤੇ ਦਿਨੀਂ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ 17 ਅਗਸਤ ਦਿਨ ਐਤਵਾਰ ਨੂੰ ਸਮੂਹ ਸੰਗਤਾਂ ਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਰੈਗੂਲਰ ਕੀਰਤਨ ਦੀਵਾਨ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਜੀ ਨੇ ਜਿੱਥੇ ਸ਼ਬਦ ਗਾਇਨ ਕੀਤਾ, ਉਥੇ ਕਥਾਵਾਚਕ ਭਾਈ ਸਾਹਿਬ ਭਾਈ ਗੁਰਦੇਵ ਸਿੰਘ ਯੂਬਾ ਸਿਟੀ ਨੇ ਗੁਰਬਾਣੀ ਸ਼ਬਦਾਂ ਦੀ ਬਹੁਤ ਹੀ ਸਰਲ ਤਰੀਕੇ ਨਾਲ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਭਾਈ ਰਾਮ ਸੇਵਕ ਭਾਟੀਆ ਜੀ ਨੇ ਜਿੱਥੇ ਸਟੇਜ ਦਾ ਸੰਚਾਲਨ ਕੀਤਾ, ਉਥੇ ਉਹਨਾਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਅਣਥੱਕ ਯਤਨਾਂ ਤੇ ਸਮੂਹ ਪ੍ਰਮ ਸਤਿਕਾਰਯੋਗ ਗੁਰੂ ਰੂਪ ਪਿਆਰੀ ਸਾਧ ਸੰਗਤਾਂ ਦੇ ਸੰਪੂਰਨ ਸਹਿਯੋਗ ਸਦਕਾ ਮੌਜੂਦਾ ਗੁਰੂ ਘਰ ਦੇ ਨਾਲ ਲੱਗਦੀ ਨਵੀਂ ਜਗ੍ਹਾ ਖਰੀਦੇ






ਜਾਣ ਦੀ ਜਾਣਕਾਰੀ ਦਿੰਦਿਆਂ ਸਭਨਾਂ ਨੂੰ ਵਧਾਈ ਦਿੱਤੀ ਤੇ ਉਹਨਾਂ ਸਮੂਹ ਕਮੇਟੀ ਵੱਲੋਂ ਸਮੂਹ ਸੰਗਤ ਤੇ ਖਾਸ ਕਰਕੇ ਜਿਹਨਾਂ ਨੇ ਇਸ ਸ਼ੁਭ ਮੌਕੇ ਵੱਧ ਤੋਂ ਵੱਧ ਮਾਲੀ ਮਦਦ ਕੀਤੀ, ਦਾ ਕੋਟਿਨ ਕੋਟਿ ਧੰਨਵਾਦ ਕੀਤਾ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੁੰਦਿਆਂ ਸਮੂਹ ਕਮੇਟੀ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਇਸ ਤਰ੍ਹਾਂ ਗੁਰੂ ਘਰ ਦੀ ਉਸਾਰੀ 'ਚ ਯੋਗਦਾਨ ਪਾਉਣ ਲਈ ਬੇਨਤੀ ਕਰਦਿਆਂ ਸਭਨਾਂ ਪਰਿਵਾਰਾਂ ਦੀ ਸੁੱਖ ਸਾਂਦ, ਕੰਮਾਂ 'ਚ ਵਾਧਾ ਤੇ ਘਰਾਂ 'ਚ ਏਕਤਾ ਤੇ ਖੁਸ਼ਹਾਲੀ ਲਈ ਸਤਿਗੁਰੂ ਰਵਿਦਾਸ ਜੀ ਦੇ ਚਰਨਾਂ 'ਚ ਬੇਨਤੀ ਕੀਤੀ। ਆਉਣ ਵਾਲੇ ਸਮੇਂ 'ਚ ਦਾਨੀ ਸੱਜਣਾਂ ਬਾਰੇ ਜ਼ਿਕਰ ਕੀਤਾ ਜਾਵੇਗਾ। ਅੱਜ ਦੇ ਇਸ ਦੀਵਾਨ ਵਿਚ ਮਾਣਯੋਗ ਮਾਤਾ ਕਰਤਾਰ ਕੌਰ ਜੀ ਅਤੇ ਭਾਈ ਗੁਰਕਮਲਜੀਤ ਸਿੰਘ ਜੀ ਦਾ ਕਮੇਟੀ ਵੱਲੋਂ ਗੁਰੂ ਘਰ ਲਈ ਰਾਸ਼ੀ ਦਾਨ ਕਰਨ ਲਈ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਇਸ ਦੇ ਨਾਲ ਹੀ ਮਸ਼ਹੂਰ ਕਥਾਵਾਚਕ ਭਾਈ ਗੁਰਦੇਵ ਸਿੰਘ ਯੂਬਾ ਸਿਟੀ ਦਾ ਪਰਿਵਾਰ ਇੰਡੀਆ ਤੋਂ ਕੈਲੀਫੋਰਨੀਆ ਆਉਣ ਤੇ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।

ਇਸ ਉਪਰੰਤ ਗੁਰੂ ਦੇ ਕੜਾਅ ਪ੍ਰਸ਼ਾਦ ਤੇ ਅਤੁੱਟ ਲੰਗਰ ਵਰਤਾਰੇ ਗਏ।

## ਖੂਨਦਾਨ ਕੈਂਪ (ਬਲੱਡ ਡ੍ਰਾਈਵ) ਸਫਲਤਾ ਪੂਰਵਕ ਸੰਪੰਨ

ਨਿਊਯਾਰਕ- ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਗੁਰੂ ਘਰ 61-01 ਬਰਾਡਵੇ ਵਿਖੇ ਖੂਨਦਾਨ ਕੈਂਪ ਪਹਿਲੀ ਵਾਰ ਲਗਾਇਆ ਗਿਆ। ਜਿਸ ਵਿਚ ਲਾਗਲੈਂਡ ਬਲੱਡ ਸਰਵਿਸ ਦੀ ਪੂਰੀ ਟੀਮ ਆਪਣੀ ਬੱਸ ਨਾਲ ਪਹੁੰਚੀ ਸੀ। ਸੰਗਤਾਂ ਨੇ ਇਸ ਖੂਨਦਾਨ ਕੈਂਪ ਵਿਚ ਭਾਰੀ ਉਤਸ਼ਾਹ ਦਿਖਾਇਆ। ਸਵੇਰੇ 8 ਵਜੇ ਤੋਂ ਲੈ ਕੇ 3 ਵਜੇ ਤੱਕ ਇਹ ਕੈਂਪ ਗੁਰੂ ਘਰ ਵਿਖੇ ਚੱਲਿਆ। ਗੁਰੂ ਘਰ ਦੇ ਪ੍ਰਬੰਧਕਾਂ ਨੇ ਸਾਡੇ ਪੱਤਰਕਾਰ ਨਾਲ ਗੱਲ ਕਰਦਿਆਂ ਦੱਸਿਆ ਕਿ ਜਦੋਂ ਤੋਂ ਕਮੇਟੀ ਨੇ ਗੁਰੂ ਘਰ ਦੀ ਸੇਵਾ ਸੰਭਾਲੀ ਹੈ, ਉਦੋਂ ਤੋਂ ਹੀ



ਗੁਰੂ ਘਰ ਵਿਚ ਕੀਰਤਨ ਲੰਗਰ ਦੇ ਸਮਾਗਮ ਨਾਲ ਕਾਫੀ ਨਵੇਂ ਪ੍ਰੋਗਰਾਮ ਸਮੇਂ ਸਮੇਂ ਤੇ ਸੰਗਤ ਦੇ ਸਹਿਯੋਗ ਨਾਲ ਮਨੁੱਖਤਾ ਦੀ ਭਲਾਈ ਲਈ ਉਲੀਕੇ ਜਾਂਦੇ ਹਨ, ਉਸ ਵਿਚ ਇਕ ਇਹ ਮੌਜੂਦਾ ਖੂਨਦਾਨ ਕੈਂਪ ਹੈ। ਖੂਨਦਾਨ ਕੈਂਪ ਵਿਚ ਖੂਨਦਾਨ ਕਰਨ ਵਾਲੀਆਂ ਸੰਗਤਾਂ ਵੀ ਗੁਰੂ ਘਰ ਵੱਲੋਂ ਉਲੀਕੇ ਜਾਂਦੇ ਨਵੇਂ-ਨਵੇਂ ਪ੍ਰੋਗਰਾਮ ਦੀ ਪ੍ਰਸ਼ੰਸਾ ਕਰ ਰਹੀਆਂ ਹਨ।

ਗੁਰੂ ਘਰ ਵੱਲੋਂ ਖੂਨਦਾਨ ਕਰਨ ਵਾਲਿਆਂ ਲਈ ਵਿਸ਼ੇਸ਼ ਫਰੈਸ਼ ਜੂਸ ਵਗੈਰਾ ਦੇ ਪ੍ਰਬੰਧ ਕੀਤੇ ਸਨ। ਇਸ ਕੈ ਨੂੰ ਕਾਲਜ-ਸਕੂਲਾਂ ਦੇ ਬੱਚਿਆਂ ਨੇ ਦਿਲਚਸਪੀ ਨਾਲ ਸੰਪੰਨ ਕੀਤਾ। ਆਪਣਾ ਬਾਜ਼ਾਰ, ਕੈਸ਼ ਐਂਡ ਕਰੀ ਵੱਲੋਂ ਕੈਂਪ ਵਿਚ ਹਾਜ਼ਰੀ ਲਗਾਉਂਦਿਆਂ 5 ਹਜ਼ਾਰ ਡਾਲਰ ਗੁਰੂ ਘਰ ਦੇ ਕਾਰਜਾਂ ਲਈ ਦਿੱਤਾ, ਜਿਸ ਤੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਸਿਟੀ ਵੱਲੋਂ ਪਹੁੰਚੀ ਪੂਰੀ ਟੀਮ ਵੀ




ਗੁਰੂ ਘਰ ਵੱਲੋਂ ਪਲੈਕ ਦੇ ਕੇ ਸਨਮਾਨਿਤ ਕੀਤੀ ਗਈ।







# ਪੀ ਸੀ ਐਸ ਸੈਕਰਾਮੈਂਟੋ ਦੀਆਂ ਤੀਆਂ ਨੇ ਪੰਜਾਬ ਦੇ ਸਭਿਆਚਾਰ ਦੀ ਹੋਂਦ ਬਰਕਰਾਰ ਰੱਖੀ

## ਭਾਰੀ ਇਕੱਠ ਨੇ ਮੇਲੇ ਦਾ ਖੂਬ ਰੰਗ ਬੰਨ੍ਹਿਆ























Pictures by Bhupinder Rehal (916-320-4341)
Prem K. Chumber www.ambedkartimes.com

ਸੈਕਰਮੈਂਟੋ- ਮਿਹਨਤ ਲਗਨ ਤੇ ਰੂਹ ਨਾਲ ਜਦੋਂ ਕੋਈ ਕਿਸੇ ਕਾਰਜ ਵਿਚ ਜੁਟ ਜਾਵੇ ਤਾਂ ਦੇਖਣ ਸੁਣਨ ਵਾਲਿਆਂ ਦੇ ਦਿਲ ਵੀ ਖੁਸ਼ੀ ਨਾਲ ਨੱਚ ਉਠਦੇ ਨੇ। ਪੀ ਸੀ ਐਸ ਸੈਕਰਾਮੈਂਟੋ ਦੇ ਤੀਆਂ ਦੇ ਮੇਲੇ ਨੇ ਇਸ ਵਾਰ ਇਹ ਧਾਰਨਾ ਜੱਗ ਜ਼ਾਹਰ ਕਰ ਦਿਖਾਈ। ਉਹ ਰੰਗ ਬੰਨੇ, ਉਹ ਰਿਕਰਡ ਤੋੜ ਇਕਠ ਹੋਇਆ ਕਿ ਬਾਤਾਂ ਪਾਉਣ ਵਰਗੀ ਗਲ ਹੋ ਗਈ। ਕਿਤੇ ਰੰਗ ਬਰੰਗੇ ਪੰਜਾਬੀ ਸੂਟਾਂ , ਪਰਾਂਦੀਆਂ ਤੇ ਗਹਿਣਿਆ ਦੇ ਸਟਾਲ। ਕਿਧਰੇ ਚਾਹ ਪਕੌੜਿਆਂ ਤੇ ਛੋਲੇ ਭਟੂਰਿਆਂ ਦੀ ਮਹਿਕ। ਕਿਤੇ ਗਿਧਿਆਂ ਦੀ ਧਮਕ ਨਾਲ ਥਰਥਰਾਂਉਦੀ ਸਟੇਜ । ਚਾਵਾਂ ਨਾਲ ਤੀਆਂ ਦਾ ਅਨੰਦ ਮਾਨਣ ਆਈਆਂ ਬੀਬੀਆਂ ਦੇ ਚਿਹਰਿਆਂ ਤੇ ਖੁਸ਼ੀ ਦੇ ਰੰਗ ,ਟੁਣਕਦੇ ਹਾਸੇ; ਇਉਂ ਲਗਦਾ ਹੀ ਨਹੀ ਸੀ ਕੇ ਉਹ ਪੰਜਾਬ ਤੋਂ ਬਾਹਰ ਕਿਸੇ ਹੋਰ ਧਰਤੀ ਤੇ ਹੋਣ।

ਇਹ ਨਜ਼ਾਰਾ ਪੰਜਾਬੀ ਕਲਚਰਲ ਸੁਸਾਇਟੀ ਵਲੋਂ ਐਸ ਈ ਐਸ ਹਾਲ ਐਲਕ ਗਰੋਵ ਵਿਖੇ 17 ਅਗਸਤ ਨੂੰ ਕਰਵਾਈਆਂ ਤੀਆਂ ਦਾ ਸੀ। ਪਿਛਲੇ 25 ਸਾਲਾਂ ਤੋਂ ਲਗਾਤਾਰ ਵਿਸਾਖੀ ਦਾ ਮੇਲਾ ਕਰਵਾਉਂਦੀ ਆ ਰਹੀ ਇਸ ਸੰਸਥਾ ਦਾ ਇਹ 14 ਵਾਂ ਤੀਆਂ ਦਾ ਮੇਲਾ ਸੀ । ਦਪਹਿਰ ਦੇ ਇਕ ਵਜੇ ਤੋਂ ਸ਼ਾਮ ਦੇ 6 ਵਜੇ ਤੱਕ ਚਲੇ ਇਸ ਮੇਲੇ ਵਿਚ ਲਾਗਵੇਂ ਸ਼ਹਿਰਾਂ ਤੇ ਕਸਬਿਆਂ ਦੀਆਂ ਵਡੀ ਗਿਣਤੀ ਵਿਚ ਬੀਬੀਆਂ ਨੇ ਦਰਸ਼ਕਾਂ ਤੇ ਕਲਾਕਾਰਾਂ ਦੇ ਰੂਪ ਵਿਚ ਪਹੁੰਚ ਕੇ ਮੇਲੇ ਦੀ ਰੌਣਕ ਹੀ ਨਹੀਂ ਵਧਾਈ ਸਗੋਂ ਆਪਣੀਆਂ ਰੂਹਾਂ ਨੂੰ ਵੀ ਸੌਣ ਦੀਆਂ ਫੁਹਾਰਾਂ ਵਾਂਗ ਤਰੋਤਾਜ਼ਾ ਕੀਤਾ ।

ਉਲੀਕੇ ਪ੍ਰੋਗਰਾਮ ਅਨੁਸਾਰ ਇਸ ਦੇ ਪਹਿਲੇ ਹਿਸੇ ਵਿਚ ਸਮੂਹ ਬੀਬੀਆਂ ਨੇ ਵੀਰਾਂ ਤੇ ਬਾਬਲ ਦੇ ਗੀਤ ,ਘੋੜੀਆਂ ਤੇ ਸੁਹਾਗ ਰਲ ਕੇ ਗਾਏ। ਸਾਰਿਆਂ ਦੇ ਚਿਹਰਿਆਂ ਤੇ ਤੀਆਂ ਸ਼ੁਰੂ ਹੋਣ ਦਾ ਹੁਲਾਸ ਡਲਕ ਰਿਹਾ ਸੀ। ਛੋਟੀਆਂ ਬਚੀਆਂ ਤਾਂ ਇਸਨੂੰ ਹੋਰ ਵੀ ਉਤਸ਼ਾਹਤ ਹੋਕੇ ਮਾਣ ਰਹੀਆਂ ਸਨ। ਸਮਾਗਮ ਦਾ ਦੂਸਰਾ ਦੌਰ ਗੀਤ ਸੰਗੀਤ ਤੇ ਲੋਕ ਨਾਚਾਂ ਦਾ ਸੀ। ਇਸ ਵਿਚ ਸਕੂਲਾਂ ਕਾਲਜਾਂ ਦੀਆਂ ਆਈਆਂ ਵੱਖ ਵੱਖ ਟੀਮਾਂ ਵਲੋਂ ਗਰੁਪ ਸੌਂਗ, ਸੋਲੋ ਡਾਂਸ, ਗਿੱਧਾ ਮੁਟਿਆਰਾਂ ਦਾ, ਭੰਗੜਾ ਸ਼ੁਕੀਨਣਾ ਦਾ ,ਗਿੱਧਾ ਪੰਜਾਬਣਾਂ ਦਾ, ਸਕਿਟ , ਮਲਵਈ ਗਿੱਧਾ ਅਤੇ ਉਡਦੀਆਂ ਫੁਲਕਾਰੀਆਂ ਆਇਟਮਾਂ ਅਧੀਨ ਦਿਲਕਸ਼ ਪ੍ਰੋਗਰਾਮ ਪੇਸ਼ ਕੀਤੇ ਗਏ। ਸਾਰੀਆਂ ਆਈਟਮਾਂ ਹੀ ਇਕ ਤੋਂ ਵੱਧ ਇਕ ਕਮਾਲ ਦੀਆਂ ਤੇ ਚੜ੍ਹਵੀਆਂ ਸਨ , ਕਿ ਉਹਨਾਂ ਤੇ ਕੀਤੀ ਮਿਹਨੱਤ ਤੇ ਦਾਦ ਦੇਣ ਲਈ ਸ਼ਬਦ ਨਹੀਂ ਲੱਭਦੇ ਸਨ । ਬੈਠੇ ਖੜੋਤੇ ਦਰਸ਼ਕ ਝੂਮ ਝੂਮ ਕੇ ਇਸਦੀ ਦਾਦ ਦੇ ਰਹੇ ਸਨ।

ਪ੍ਰੋਗਰਾਮ ਦਾ ਤੀਜਾ ਹਿਸਾ ਲਾਈਵ ਬੋਲੀਆਂ ਦਾ ਸੀ, ਪੰਜਾਬੀ ਸਭਿਆਚਾਰ ਵਿਚ ਰੰਗੀਆਂ ਇਹਨਾਂ ਬੋਲੀਆਂ ਨੇ ਹਿਰਦਿਆਂ 'ਚ ਧੂਹਾਂ ਪਾ ਦਿਤੀਆਂ। ਪ੍ਰੋਗਰਾਮ ਦਾ ਚੌਥਾ ਹਿਸਾ ਡੀਜੇ ਡਾਂਸ ਦਾ ਸੀ। ਸਟੇਜ ਉਤੇ ਕਲਾਕਾਰਾਂ ਨੂੰ ਨਚਦਿਆਂ ਵੇਖ ਨੱਚਣ ਲਈ ਉਤਾਵਲੀਆ ਬੀਬੀਆਂ, ਮੁਟਿਆਰਾਂ ਤੇ ਬੱਚੀਆਂ ਨੇ ਦਿਲ ਖੋਲ੍ਹ ਕੇ ਗਿੱਧਾ ਪਾਇਆ। ਡੀ ਜੇ ਤੇ ਵੱਜਦੇ ਗੀਤਾਂ ਨੇ ਸਭ ਨੂੰ ਨੱਚਣ ਲਾ ਦਿਤਾ। ਲਗਾਤਾਰ ਪੰਜ ਘੰਟੇ ਚਲੇ ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਮਨਦੀਪ ਫਰਵਾਲਾ ਨੇ ਬੜੇ ਹੀ ਕਲਾਮਈ ਅੰਦਾਜ ਵਿਚ ਕੀਤਾ। ਮੇਲੇ ਨੂੰ ਕਾਮਯਾਬ ਕਰਨ ਲਈ ਰਛਪਾਲ ਪਰਹਾਰ, ਬਲਦੇਵ ਕੌਰ, ਪਰਦੀਪ ਪੂਨੀ ,ਪਰਮਜੀਤ ਔਲਖ, ਇੰਦਰਪਾਲ ਕਾਹਲੋਂ, ਭਵਨਦੀਪ ਕੌਰ , ਪਰਮਜੀਤ ਕੌਰ, ਰਾਣੀ ਸਰਹੱਦੀ, ਰਾਜਵਿੰਦਰ ਪੂਨੀ ਤੇ ਸਿਮਰਨ ਸਮੇਤ ਸਮੁਚੀ ਟੀਮ ਨੇ ਵਡਮੁੱਲਾ ਯੋਗਦਾਨ ਪਾਇਆ। ਮਨਦੀਪ ਫਰਵਾਲਾ ਨੇ ਸਟੇਜ ਤੋਂ ਆਪਣੇ ਦਿਲ ਦੇ ਵਲਵਲੇ ਸਾਂਝੇ ਕਰਦਿਆਂ ਦਸਿਆ ਕਿ ਕਿਤੇ ਵੀ ਅਜੇਹਾ ਸਭਿਆਚਾਰਕ ਪ੍ਰੋਗਰਾਮ ਜੋ ਮਨੋਰੰਜਨ ਦੇ ਨਾਲ ਨਾਲ ਉਸਾਰੂ ਵੀ ਹੋਵੇ ਉਹਨਾਂ ਨੂੰ ਅਤਿਅੰਤ ਖੁਸ਼ੀ ਦਿੰਦਾ ਹੈ। ਪਿਛਲੇ 25 ਸਾਲਾਂ ਤੋਂ ਇਸ ਸੰਸਥਾ ਨੇ ਮਿਲਦੇ ਅਥਾਹ ਪਿਆਰ ਤੇ ਸਤਿਕਾਰ ਸਦਕਾ ਹੀ ਇਕ ਲੰਮਾ ਸਫ਼ਰ ਤਹਿ ਕੀਤਾ ਹੈ। ਬੀਬੀ ਫਰਵਾਲਾ ਨੇ ਇਹ ਵੀ ਦਸਿਆ ਕਿ ਆਉਣ ਵਾਲਾ ਵਿਸਾਖੀ ਮੇਲਾ (18 ਅਪ੍ਰੈਲ 2015-ਦਿਨ ਸ਼ਨੀਚਰਵਾਰ) ਨੂੰ ਇਸੇ ਹਾਲ ਵਿਚ ਮਨਾਇਆ ਜਾਵੇਗਾ । ਅੰਤ ਉਤੇ ਉਹਨਾਂ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਅਤੇ ਸਪਾਂਸਰਾਂ ਦਾ ਵਿਸ਼ੇਸ ਤੌਰ ਤੇ ਧੰਨਵਾਦ ਕੀਤਾ।

**(ਹਰਜਿੰਦਰ ਪੰਧੇਰ :209-610-5055)**

# ਪੀ ਸੀ ਐਸ ਸੈਕਰਾਮੈਂਟੋ ਦੀਆਂ ਤੀਆਂ ਨੇ ਪੰਜਾਬ ਦੇ ਸਭਿਆਚਾਰ ਦੀ ਹੋਂਦ ਬਰਕਰਾਰ ਰੱਖੀ












Pictures by Bhupinder Rehal (916-320-4341)
Prem K. Chumber www.ambedkartimes.com












# ਡਾ: ਅੰਬੇਦਕਰ ਜੀ ਦੀ ਤਸਵੀਰ ਭਾਰਤੀ ਕੌਂਸਲੇਟ ਜਨਰਲ ਆਫਿਸ ਵਿਚ ਲਗਾਈ ਗਈ



























All pictures by Prem K. Chumber
www.ambedkartimes.com





ਸੈਕਰਾਮੈਂਟੋ (ਡੀ ਡੀ ਬੀ)- ਭਾਰਤੀ ਕੌਂਸਲੇਟ ਜਨਰਲ ਆਫਿਸ ਸੈਨਫਰਾਂਸਿਸਕੋ (ਕੈਲੇਫੋਰਨੀਆ) ਵਿਖੇ ਇਕ ਵਾਰ ਫਿਰ ਤੋਂ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੇਂਟੋ (ਕੈਲੇਫੋਰਨੀਆ ) ਤੇ ਹੋਰ ਸਭਾਵਾਂ ਦੇ ਯਤਨਾਂ ਸਦਕਾ ਭਾਰਤ ਰਤਨ ਬਾਬਾ ਸਾਹਿਬ ਭੀਮ ਰਾਓ ਰਾਮਜੀ ਅੰਬੇਦਕਰ ਜੀ ਦੀ ਤਸਵੀਰ 14 ਅਗਸਤ 2014 ਨੂੰ ਸੁਸ਼ੋਭਿਤ ਕੀਤੀ ਗਈ। ਡਾ. ਅੰਬੇਦਕਰ ਜੀਦੀ ਤਸਵੀਰ ਤੋਂ ਪਰਦਾ ਉਠਾਉਣ ਦੀ ਰਸਮ ਤੋਂ ਪਹਿਲਾਂ ਕੌਂਸਲ ਜਨਰਲ ਸ੍ਰੀ ਐਨ, ਪਾਰਥਾਸਾਰਥੀ ਜੀ ਨੇ ਸੰਖੇਪ ਅਤੇ ਵਿਸ਼ੇਸ਼ ਭਾਸ਼ਣ ਦੌਰਾਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਜੀਵਨ ਅਤੇ ਸੰਘਰਸ਼ ਨੂੰ ਦੁਹਰਾਉਂਦਿਆਂ ਕਿਹਾ ਕਿ ਡਾ. ਅੰਬੇਦਕਰ ਇਕ ਮਹਾਨ ਦੇਸ਼ ਭਗਤ, ਅਰਥ ਸ਼ਾਸਤਰੀ, ਸਮਾਜ ਸੁਧਾਰਕ, ਉਚੀ ਤੇ ਸੁੱਚੀ ਸੋਚ ਵਾਲੇ ਰਾਜਨੀਤੀਵਾਨ, ਭਾਰਤੀ ਸੰਵਿਧਾਨ ਦੇ ਨਿਰਮਾਤਾ ਆਦਿ ਅਨੇਕਾਂ ਪਹਿਲੂਆਂ ਤੇ ਚਾਨਣਾ ਪਾਉਂਦਿਆਂ ਕਿਹਾ ਕਿ ਭਾਰਤ ਜੇਕਰ ਅੱਜ ਦੁਨੀਆਂ ਵਿਚ ਜਨਸੰਖਿਆ ਦੇ ਮਾਮਲੇ ਵਿਚ ਦੂਜੇ ਸਥਾਨ ਤੇ ਹੈ, ਉਥੇ ਭਾਰਤ ਦੁਨੀਆਂ ਦਾ ਸਭ ਤੋਂ ਵੱਡੀ ਲੋਕਤੰਤਰ ਵਜੋਂ ਜਾਣਿਆ ਜਾਂਦਾ ਹੈ ਤਾਂ ਉਹ ਡਾ. ਅੰਬੇਦਕਰ ਦੁਆਰਾ ਲਿਖੇ ਸੰਵਿਧਾਨ ਕਰਕੇ ਹੀ ਹੈ। ਜੇਕਰ ਅਸੀਂ ਕਦੀ ਉਹਨਾਂ ਦੇ ਜਨਮ ਦਿਨ ਜਾਂ ਉਹਨਾਂ ਦੇ ਪ੍ਰੀਨਿਰਵਾਣ ਦਿਵਸ ਮੌਕੇ ਮਹਾਰਾਸ਼ਟਰ ਜਾਈਏ ਤਾਂ ਲੱਖਾਂ ਦੀ ਤਾਦਾਦ ਵਿਚ ਲੱਖਾਂ ਦੀ ਤਾਦਾਦ ਵਿਚ ਲੋਕ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਆਉਂਦੇ ਹਨ। ਸਾਨੂੰ ਅੱਜ ਬਾਬਾ ਸਾਹਿਬ ਦੀ ਤਸਵੀਰ ਕੌਂਸਲੇਟ ਆਫਿਸ ਵਿਚ ਲਗਾਉਣ ਤੇ ਬੜਾ ਮਾਣ ਮਹਿਸੂਸ ਹੋ ਰਿਹਾ ਹੈ। ਇਹਨਾਂ ਤੋਂ ਇਲਾਵਾ ਹੋਰ ਜਿਹਨਾਂ ਬੁਲਾਰਿਆਂ ਨੇ ਆਪੋ-ਆਪਣੇ ਵਿਚਾਰ ਰੱਖੇ, ਉਹਨਾਂ ਵਿਚ ਸਰਵ ਸ੍ਰੀ ਆਨੰਦ ਝਾਅ, ਟੀ ਭਾਸਕਰਨ,ਜੈਕ ਰਾਮ, ਜੱਸੀ ਬੰਗਾ, ਪ੍ਰੇਮ ਕੁਮਾਰ ਚੁੰਬਰ, ਰਾਮ ਸੇਵਕ ਭਾਟੀਆ, ਅਸ਼ੋਕ ਭੌਰਾ, ਸੁੱਚਾ ਰਾਮ ਭਾਰਟਾ, ਮਹਿੰਦਰ ਸਿੰਘ ਧਾਮੀ, ਜੀਵਨ ਰੱਤੂ ਆਦਿ ਨੇ ਜਿੱਥੇ ਆਪੋ ਆਪਣੇ ਵਿਚਾਰ ਰੱਖੇ, ਉਥੇ ਕੌਂਸਲੇਟ ਸ੍ਰੀ ਪਾਰਥਾਸਾਰਥੀ ਦਾ ਬਾਬਾ ਸਾਹਿਬ ਦੀ ਤਸਵੀਰ ਸੁਸ਼ੋਭਿਤ ਕਰਨ ਤੇ ਧੰਨਵਾਦ ਕੀਤਾ।

ਅੱਜ ਦੇ ਇਸ ਵਿਸ਼ੇਸ਼ ਸਮਾਗਮ ਦੀ ਸੇਵਾ ਕੌਂਸਲ ਸ੍ਰੀ ਆਨੰਦ ਝਾਅ ਨੇ ਬਾਖੂਬੀ ਨਾਲ ਨਿਭਾਈ। ਇਸ ਮੌਕੇ ਆਫਿਸ ਦਾ ਸਾਰਾ ਸਟਾਫ ਹਾਜ਼ਰ ਸੀ, ਜਿਹਨਾਂ ਨੇ ਬਹੁਤ ਦਿਲਚਸਪੀ ਨਾਲ ਬਾਬਾ ਸਾਹਿਬ ਬਾਰੇ ਬੁਲਾਰਿਆਂ ਦੇ ਵਿਚਾਰ ਸੁਣੇ। ਇਸ ਮੌਕੇ ਸ੍ਰੀ ਗੁਰੂ ਰਵਿਦਾਸ, ਭਗਵਾਨ ਵਾਲਮੀਕ ਅਤੇ ਡਾ. ਅੰਬੇਦਕਰ ਸਭਾਵਾਂ ਦੇ ਨੁਮਾਇੰਦਿਆਂ ਨੇ ਹਾਜ਼ਰੀ ਲਗਵਾਈ।

ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਸ੍ਰੀ ਪਾਰਥਾਸਾਰਥੀ ਨੂੰ ਸ੍ਰੀ ਗੁਰੂ ਰਵਿਦਾਸ ਸੋਵੀਨਾਰ 2014 ਦੀਆਂ ਕਾਪੀਆਂ ਭੇਂਟ ਕੀਤੀਆਂ। ਯਾਦ ਰਹੇ ਸ੍ਰੀ ਜੱਸੀ ਬੰਗਾ ਅਨਸਾਰ ਇਸ ਸਮਾਗਮ ਵਿਚ ਚੇਅਰਮੈਨ ਜਸਵਿੰਦਰ ਬੰਗਾ, ਉਪ ਚੇਅਰਮੈਨ ਦਰਸ਼ਨ ਵਿਰਕ, ਪ੍ਰਧਾਨ ਜੋਗਿੰਦਰ ਚੁੰਬਰ, ਉਪ ਪ੍ਰਧਾਨ ਸਤਨਾਮ ਮੰਡਾਲੀ ਤੇ ਬਲਵਿੰਦਰ ਰੱਲ੍ਹ, ਸਟੇਜ ਸੈਕਟਰੀ ਜੀਵਨ ਰੱਤੂ ਤੇ ਰਾਜ ਕੁਮਾਰ ਸੂਦ, ਆਫਿਸ ਸੈਕਟਰੀ ਰਾਜ ਸਿੰਘ ਬੱਧਨ, ਖਜਾਨਚੀ ਸੁਰਿੰਦਰ ਮੱਲ, ਸਹਾਇਕ ਖਜਾਨਚੀ ਇੰਦਰਜੀਤ ਪਡਵੱਗਾ, ਮਨਜੀਤ ਭਾਰਦਵਾਜ ਪੀ. ਆਰ. ਓ. ਮੀਡੀਆ ਜਸਵੰਤ ਸ਼ੀਮਾਰ, ਨਿਗਰਾਨ ਕਰਨੈਲ ਵਿਰਕ ਤੇ ਮਨਜੀਤ ਪਾਲ, ਰਸੋਈ ਮੈਨੇਜਰ ਮੋਹਿੰਦਰ ਧਾਮੀ ਤੇ ਚਮਨ ਲਾਲ ਦਾ ਵਿਸੇਸ ਯੋਗਦਾਨ ਰਿਹਾ।

# ਮਾਵਾਂ ਦੀ ਭੂਮਿਕਾ ਨਿਭਾਉਣ ਵਾਲੀਆਂ 'ਫਿਲਮੀ ਮਾਵਾਂ'



ਦੁਨੀਆਂ ਵਿੱਚ ਮਾਂ ਦਾ ਦਰਜਾ ਸਭ ਰਿਸ਼ਤਿਆਂ ਤੋਂ ਉੱਪਰ ਹੈ। ਉਸ ਦਾ ਆਪਣੀ ਸੰਤਾਨ ਨਾਲ ਜੋ ਭਾਵਨਾਤਮਕ ਰਿਸ਼ਤਾ ਹੁੰਦਾ ਹੈ ਉਸ ਨੂੰ ਲਫ਼ਜ਼ਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਮਾਂ ਆਪਣੀ ਔਲਾਦ ਲਈ ਸਭ ਕੁਝ ਕਰ ਸਕਦੀ ਹੈ। ਮਾਂ ਦੀ ਅਹਿਮੀਅਤ ਉਸ ਦੀ ਔਲਾਦ ਤੋਂ ਵੱਧ ਕੋਈ ਨਹੀਂ ਜਾਣਦਾ।

ਮਾਂ ਦੇ ਕਿਰਦਾਰ ਨੂੰ ਸਮੇਂ-ਸਮੇਂ ਦੇ ਨਿਰੇਦਸ਼ਕਾਂ ਨੇ ਫ਼ਿਲਮੀ ਦੁਨੀਆਂ ਦੇ ਪਰਦੇ 'ਤੇ ਬੜੀ ਸਾਰਥਿਕਤਾ ਨਾਲ ਪੇਸ਼ ਕੀਤਾ ਹੈ ਪਰ ਚੰਦ ਕੁ ਹੀ ਫ਼ਿਲਮੀ ਦੁਨੀਆਂ ਦੀਆਂ ਔਰਤਾਂ ਮਾਂ ਦੇ ਕਿਰਦਾਰ ਵਿੱਚ ਸਫ਼ਲ ਹੋਈਆਂ ਅਤੇ ਆਪਣੀ





ਦਮਦਾਰ ਅਦਾਕਾਰੀ ਦੀ ਬਦੌਲਤ ਦਰਸ਼ਕਾਂ ਦੇ ਮਨਾਂ 'ਤੇ ਅਮਿੱਟ ਛਾਪ ਛੱਡ ਗਈਆਂ।

ਸਭ ਤੋਂ ਪਹਿਲਾਂ ਨਿਰੂਪਾ ਰਾਏ ਦਾ ਜ਼ਿਕਰ ਕਰੀਏ ਤਾਂ ਨਿਰੂਪਾ ਰਾਏ ਬਲੈਕ ਐਂਡ ਵਾਈਟ ਫ਼ਿਲਮਾਂ ਦੀ ਨਾਇਕਾ ਸੀ ਪਰ ਬਤੌਰ ਨਾਇਕਾ ਉਸ ਨੂੰ ਫ਼ਿਲਮਾਂ ਵਿੱਚ ਜ਼ਿਆਦਾ ਸਫ਼ਲਤਾ ਨਾ ਮਿਲੀ। ਫਿਰ ਰੰਗਦਾਰ ਸਿਨੇਮੇ ਦੇ ਦੌਰ ਵਿੱਚ ਉਨ੍ਹਾਂ ਨੂੰ ਮਾਂ-ਭੈਣ ਦੇ ਰੋਲ ਮਿਲਣ ਲੱਗੇ। 'ਰਾਮ ਔਰ ਸ਼ਿਆਮ' ਵਿੱਚ ਉਹ ਦਲੀਪ ਕੁਮਾਰ ਦੀ ਭੈਣ ਬਣੀ ਤੇ ਇਹ ਫ਼ਿਲਮ ਸੁਪਰਹਿੱਟ ਰਹੀ। ਇਸ ਮਗਰੋਂ 'ਅਮਰ ਅਕਬਰ ਐਂਥਨੀ' ਵਿੱਚ ਸੁਪਰ ਸਟਾਰ ਅਮਿਤਾਭ ਬੱਚਨ ਦੀ ਮਾਂ ਦੇ ਰੋਲ ਵਿੱਚ ਦਿਖਾਈ ਦਿੱਤੀ ਨਿਰੂਪਾ ਵੱਲੋਂ ਮਾਂ ਦੇ ਨਿਭਾਏ ਕਿਰਦਾਰ ਨੇ ਦਰਸ਼ਕਾਂ ਨੂੰ ਕੀਲ ਲਿਆ। ਇਹ ਫ਼ਿਲਮ ਵੀ ਸੁਪਰ-ਡੁਪਰ ਹਿੱਟ ਰਹੀ। ਫਿਰ ਤਾਂ ਨਿਰੂਪਾ ਰਾਏ ਨੂੰ ਵੱਡੇ-ਵੱਡੇ ਸਟਾਰਾਂ ਦੀ ਮਾਂ ਦੇ ਕਿਰਦਾਰ ਦੀਆਂ ਪੇਸ਼ਕਸ਼ਾਂ ਹੋਣ ਲੱਗੀਆਂ।

ਅਮਿਤਾਭ ਬੱਚਨ ਦੀ ਮਾਂ ਦੇ ਰੋਲ ਵਿੱਚ ਜਿੱਥੇ ਨਿਰੂਪਾ ਰਾਏ ਨੇ ਇੱਕ ਦਰਜਨ ਫ਼ਿਲਮਾਂ ਕੀਤੀਆਂ, ਉੱਥੇ ਹੀ ਧਰਮਿੰਦਰ ਵਰਗੇ ਸਟਾਰ ਦੀ ਮਾਂ ਦੇ ਰੋਲ ਵਿੱਚ ਉਹ ਲਗਪਗ ਅੱਧਾ ਦਰਜਨ ਫ਼ਿਲਮਾਂ ਵਿੱਚ ਨਜ਼ਰ ਆਈ। ਧਰਮਿੰਦਰ ਨਾਲ ਉਨ੍ਹਾਂ ਨੇ ਮੈਂ ਇੰਤਕਾਮ ਲੂੰਗਾ, ਗੰਗਾ ਤੇਰੇ ਦੇਸ਼ ਮੇਂ, ਕਰਤੱਵਯ, ਆਸ-ਪਾਸ ਆਦਿ ਵਿੱਚ ਕੰਮ ਕੀਤਾ। ਸਭ ਫ਼ਿਲਮਾਂ ਸਫ਼ਲ ਰਹੀਆਂ। ਅਮਿਤਾਭ ਬੱਚਨ ਨਾਲ ਨਿਰੂਪਾ ਰਾਏ ਨੇ ਜਿਨ੍ਹਾਂ ਫ਼ਿਲਮਾਂ ਵਿੱਚ ਮਾਂ ਦਾ ਕਿਰਦਾਰ ਨਿਭਾਇਆ ਉਨ੍ਹਾਂ ਵਿੱਚੋਂ ਅਮਰ ਅਕਬਰ ਐਂਥਨੀ, ਮਰਦ, ਇਨਕਲਾਬ, ਗ੍ਰਿਫ਼ਤਾਰ, ਗੰਗਾ ਜਮਨਾ ਸਰਸਵਤੀ, ਸੁਹਾਗ, ਦੀਵਾਰ ਅਤੇ ਮੈਂ ਆਜ਼ਾਦ ਹੂੰ ਆਦਿ ਮੁੱਖ ਹਨ।

ਫ਼ਿਲਮ 'ਜੀਵਨ ਮ੍ਰਿਤੂ' ਨਾਲ ਬਤੌਰ ਨਾਇਕਾ ਆਪਣੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ ਕਰਨ ਵਾਲੀ ਰਾਖੀ ਵੀ ਚੰਦ ਕੁ ਹੋਰ ਸਫ਼ਲ ਫ਼ਿਲਮਾਂ ਨੂੰ ਛੱਡ ਕੇ ਬਤੌਰ ਨਾਇਕਾ ਲੰਮੀ ਪਾਰੀ ਨਾ ਖੇਡ ਸਕੀ ਤੇ ਉਸ ਨੇ ਵਿਆਹ ਕਰਵਾਉਣ ਮਗਰੋਂ ਕੁਝ ਅਰਸੇ ਬਾਅਦ ਦੁਬਾਰਾ ਫ਼ਿਲਮਾਂ ਵਿੱਚ ਕਦਮ ਰੱਖਿਆ ਪਰ ਢਲਦੀ ਉਮਰ ਕਾਰਨ ਰਾਖੀ ਗੁਲਜ਼ਾਰ ਨੂੰ ਮਾਂ ਦੇ ਕਿਰਦਾਰ ਲਈ ਪੇਸ਼ਕਸ਼ਾਂ ਹੋਣ ਲੱਗੀਆਂ। ਮਾਂ ਦੇ ਕਿਰਦਾਰ ਵਿੱਚ ਰਾਖੀ ਨੇ ਜ਼ਿਆਦਾਤਰ ਫ਼ਿਲਮਾਂ ਸ਼ਾਹਰੁਖ ਖ਼ਾਨ ਨਾਲ ਕੀਤੀਆਂ। ਇੱਕ ਦੌਰ ਅਜਿਹਾ ਵੀ ਆਇਆ ਜਦ ਮਾਂ ਦੇ ਕਿਰਦਾਰ ਵਾਲੀ ਹਰ ਫ਼ਿਲਮ ਦੀ ਰਾਖੀ ਨੂੰ ਪੇਸ਼ਕਸ਼ ਹੋਣ ਲੱਗੀ ਤੇ ਜਿਸ ਫ਼ਿਲਮ ਵਿੱਚ ਰਾਖੀ ਗੁਲਜ਼ਾਰ ਨੇ ਮਾਂ ਦਾ ਕਿਰਦਾਰ ਨਿਭਾਇਆ ਉਹ ਹਿੱਟ ਰਹੀ, ਜਿਵੇਂ- ਸੋਲਜ਼ਰ, ਅਨਾੜੀ, ਕਰਨ ਅਰਜੁਨ, ਬਾਜ਼ੀਗਰ, ਰਾਮ ਲਖਨ, ਸੌਗੰਧ, ਬਾਦਸ਼ਾਹ, ਕਸ਼ਤਰੀਆ ਤੇ ਹੋਰ ਕਈ। ਇਨ੍ਹਾਂ ਸਭ ਫ਼ਿਲਮਾਂ ਵਿੱਚ ਰਾਖੀ ਨੇ ਗੰਭੀਰ ਕਿਰਦਾਰ ਨਿਭਾਏ ਜੋ ਉਨ੍ਹਾਂ ਦੀ ਸ਼ਖ਼ਸੀਅਤ 'ਤੇ ਪੂਰੀ ਤਰ੍ਹਾਂ ਢੁਕਦੇ ਸਨ। ਇਨ੍ਹਾਂ ਤਮਾਮ ਫ਼ਿਲਮਾਂ ਦੀ ਸਫ਼ਲਤਾ ਪਿੱਛੇ ਜਿੱਥੇ ਨਾਇਕ ਤੇ ਖਲਨਾਇਕ ਦੀ ਅਦਾਕਾਰੀ ਦੀ ਸ਼ਲਾਘਾ ਹੋਈ, ਉੱਥੇ ਹੀ ਰਾਖੀ ਦੀ ਦਮਦਾਰ ਅਦਾਕਾਰੀ ਨੂੰ ਵੀ ਖ਼ੂਬ ਸਰਾਹਿਆ ਗਿਆ।

ਫ਼ਿਲਮਾਂ ਵਿੱਚ ਛੋਟੇ-ਮੋਟੇ ਕਿਰਦਾਰ ਨਿਭਾਉਣ ਵਾਲੀ ਰੀਮਾ ਲਾਗੂ ਨੂੰ ਸ਼ੁਰੂ ਵਿੱਚ ਕੋਈ ਪਛਾਣ ਨਾ ਮਿਲੀ। ਉਸ ਨੂੰ ਪਛਾਣ ਮਿਲੀ ਸੂਰਜ ਬੜਜਾਤੀਆ ਦੀ 'ਮੈਨੇਂ ਪਿਆਰ ਕੀਆ' ਰਾਹੀਂ।

ਇਸ ਫ਼ਿਲਮ ਵਿੱਚ ਰੀਮਾ ਲਾਗੂ ਦੇ ਬੇਟੇ ਦਾ ਕਿਰਦਾਰ ਅੱਜ ਦੇ ਸੁਪਰ-ਸਟਾਰ ਸਲਮਾਨ ਖ਼ਾਨ ਨੇ ਨਿਭਾਇਆ ਜਿਸ ਦੀ ਬਤੌਰ ਨਾਇਕ ਇਹ ਪਹਿਲੀ ਫ਼ਿਲਮ ਸੀ। ਇਹ ਫ਼ਿਲਮ ਸੁਪਰ-ਡੁਪਰ ਹਿੱਟ ਰਹੀ।

ਇਸ ਫ਼ਿਲਮ ਵਿੱਚ ਰੀਮਾ ਲਾਗੂ ਨੇ ਆਪਣੇ ਸਹਿਜ ਅਭਿਨੈ ਨਾਲ ਨਾ ਸਿਰਫ਼ ਨਵੀਂ ਪੀੜ੍ਹੀ ਦਾ ਦਿਲ ਜਿੱਤ ਲਿਆ, ਸਗੋਂ ਇਸ ਮਗਰੋਂ ਸਲਮਾਨ ਖ਼ਾਨ ਦੀ ਮਾਂ ਦੇ ਰੂਪ ਵਿੱਚ ਉਹ ਕਈ ਫ਼ਿਲਮਾਂ ਵਿੱਚ ਨਜ਼ਰ ਆਈ। ਇਨ੍ਹਾਂ ਵਿੱਚ ਹਮ ਸਾਥ ਸਾਥ ਹੈਂ, ਹਮ ਆਪਕੇ ਹੈਂ ਕੌਨ, ਜਾਗ੍ਰਿਤੀ, ਬਾਗ਼ੀ, ਕੁਛ ਕੁਛ ਹੋਤਾ ਹੈ ਆਦਿ ਮੁੱਖ ਹਨ।

ਅੱਜ ਦੇ ਸਫ਼ਲ ਨਾਇਕ ਅਜੈ ਦੇਵਗਨ, ਸੈਫ਼ ਅਲੀ ਖ਼ਾਨ, ਅਕਸ਼ੈ ਕੁਮਾਰ ਦੇ ਸ਼ੁਰੂਆਤੀ ਫ਼ਿਲਮੀ ਕਰੀਅਰ ਵਿੱਚ ਉਨ੍ਹਾਂ ਦੀ ਮਾਂ ਦੇ ਕਿਰਦਾਰ ਵਿੱਚ ਪਰਦੇ 'ਤੇ ਦਿਖਣ ਵਾਲੀ ਰੀਮਾ ਲਾਗੂ ਨੇ ਆਪਣੀ ਅਦਾਕਾਰੀ ਨਾਲ ਹਰ ਵਰਗ ਦਾ ਦਿਲ ਜਿੱਤਿਆ ਹੈ।


## ਪ੍ਰੋ: ਮੋਹਨ ਸਿੰਘ ਫਾਊਂਡੇਸ਼ਨ ਰਜਿ: ਯੂ. ਐਸ. ਏ. ਵੱਲੋਂ



### 36ਵਾਂ ਪ੍ਰੋ. ਮੋਹਨ ਸਿੰਘ ਯਾਦਗਾਰੀ ਅੰਤਰ ਰਾਸ਼ਟਰੀ ਪੰਜਾਬੀ ਪਰਿਵਾਰਕ ਮੇਲਾ ਮਿਤੀ 4 ਅਤੇ 5 ਅਕਤੂਬਰ ਨੂੰ ਲੈਥਰੋਪ ਹਾਈ ਸਕੂਲ ''ਸਿਟੀ ਲੈਥਰੋਪ'' ਕੈਲੀਫੋਰਨੀਆ ਵਿਖੇ ਕਰਵਾਇਆ ਜਾਵੇਗਾ।



ਜਿੱਥੇ ਪੰਜਾਬੀ ਸਭਿਆਚਾਰਕ ਮੇਲਿਆਂ ਦੇ ਬਾਬਾ ਬੋਹੜ, ਸ੍ਰੀਮਾਨ ਸਤਿਕਾਰਯੋਗ ''ਜਗਦੇਵ ਸਿੰਘ ਜੱਸੋਵਾਲ'' ਜੀ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ। ਇਹ ਮੇਲਾ ਅਮਰੀਕਾ ਦੀ ਧਰਤੀ 'ਤੇ ਪਹਿਲੀ ਵਾਰ ਸ਼ੁਰੂ ਕੀਤਾ ਜਾ ਰਿਹਾ ਹੈ। ਤੁਹਾਡੇ ਸਹਿਯੋਗ ਦੀ ਬੇਹੱਦ ਲੋੜ ਹੈ, ਤੁਸੀਂ ਇਸ ਮੇਲੇ ਲਈ 4 ਅਤੇ 5 ਅਕਤੂਬਰ ਦਿਨ ਰਾਖਵੇਂ ਰੱਖਣੇ ਹਨ, ਉਥੇ ਹੀ ਪ੍ਰਬੰਧਕੀ ਕਾਰਜਾਂ ਵਿਚ ਵੀ ਤੁਹਾਡੇ ਸਹਿਯੋਗ ਦੀ ਬੇਹੱਦ ਲੋੜ ਹੈ। ਆਸ ਕਰਦੇ ਹਾਂ ਕਿ ਤੁਸੀਂ ਤਨ, ਮਨ, ਧਨ ਨਾਲ ਅੱਗੇ ਹੋ ਕੇ ਸਹਿਯੋਗ ਦੇਵੋਗੇ।

**4 ਅਕਤੂਬਰ ਦਿਨ ਸ਼ਨੀਵਾਰ**

ਕਵੀ ਦਰਬਾਰ ਅਤੇ ਸਾਕਰ, ਵਾਲੀਵਾਲ ਅਤੇ ਢਾਡੀ ਗੁਰਦੇਵ ਸਿੰਘ ਸਾਹੋਕੇ ਦਾ ਜੱਥਾ, ਗੱਤਕਾ, ਰੱਸਾ ਕਸੀ, ਰੈਸਲਿੰਗ, ਕਬੱਡੀ, ਸ਼ੋਅ ਮੈਚ ਅੰਡਰ 21 ਅਤੇ ਹੋਰ ਵੀ ਬਹੁਤ ਸਾਰੀਆਂ ਖੇਡਾਂ ਹੋਣਗੀਆਂ।

**5 ਅਕਤੂਬਰ ਦਿਨ ਐਤਵਾਰ**

ਸਵੇਰੇ 10 ਵਜੇ ਮੇਲੇ ਦਾ ਉਦਘਾਟਨ ਸ੍ਰੀ ਮਾਨ ਕਮਿਊਨਿਟੀ ਦੇ ਸਿਰਕੱਢ ਆਗੂ ਵੱਲੋਂ ਕੀਤਾ ਜਾਵੇਗਾ। ਰੇਨੂ ਦੇ ਇਕ ਸੱਭਿਆਚਾਰਕ ਗੀਤ ਤੋਂ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਜਾਵੇਗੀ 10 ਵਜੇ ਤੋਂ 3 ਵਜੇ ਤੱਕ ਗਿੱਧਾ, ਭੰਗੜਾ ਚੋਟੀ ਦੀਆਂ ਟੀਮਾਂ ਵੱਲੋਂ ਪੇਸ਼ ਕੀਤਾ ਜਾਵੇਗਾ। 3 ਵਜੇ ਤੋਂ 8 ਵਜੇ ਤੱਕ ਗੀਤ, ਸੰਗੀਤ ਪ੍ਰੋਗਰਾਮ ਜਿਸ ਵਿਚ ਪੰਜਾਬੀਆਂ ਦੀ ਸ਼ਾਨ ਚੋਟੀ ਦੇ ਸਿੰਗਰ ਹਿੱਸਾ ਲੈਣਗੇ।

### ਹੋਰ ਜਾਣਕਾਰੀ ਲਈ ਕਾਲ ਕਰੋ

ਜਸਵੰਤ ਸਿੰਘ ਸੈਦੋਕੇ
209-271-5212
ਰਵਿੰਦਰਜੀਤ ਸਿੰਘ ਗੋਗੀ
661-978-0183

ਗਿੱਧਾ ਭੰਗੜਾ
ਮਨਜੀਤ ਕੌਰ
209-242-1356
ਵੀਰਪਾਲ ਕੌਰ ਸੈਦੋਕੇ
209-688-9032

ਸਾਕਰ:
ਸਰਬਜੀਤ ਸਿੰਘ ਮਾਹਲ
209-230-3132

ਵਾਲੀਬਾਲ:
ਪਾਲ ਸਿੰਘ
209-887-2196

# ਬਾਬਾ ਸਾਹਿਬ ਦੇ ਮਿਸ਼ਨ, ਧੰਮ ਦੀ ਦਿਸ਼ਾ



ਹਰਬੰਸ ਵਿਰਦੀ, ਲੰਡਨ
07903839047

ਭਾਰਤ ਦੇ ਆਖਰੀ ਬੁਧਿੱਸਟ ਸਮਰਾਟ ਹਰਸ਼ ਵਰਧਨ ਅਤੇ 1235 ਵਿੱਚ ਨਾਲੰਦਾ ਯੂਨੀਵਰਸਿਟੀ ਦੀ ਬ੍ਰਬਾਦੀ ਤੋਂ ਬਾਦ ਬੁੱਧ ਧੰਮ ਭਾਰਤ ਵਿੱਚੋਂ ਗਿਰਾਵਟ ਵਲ ਹੀ ਚਲਦਾ ਰਿਹਾ। ਪੰਜਾਬ ਵਿੱਚ ਵੀ ਤ੍ਹੇਰਵੀਂ ਸਦੀ ਤੱਕ ਬੁੱਧ ਧੰਮ ਵਧਦਾ ਫੁਲਦਾ ਰਿਹਾ। ਬੁੱਧ ਤੋਂ ਬਾਦ, ਸਿੱਧ, ਨਾਥ ਅਤੇ ਸੰਤ ਮੱਤ ਇਹ ਤਿੰਨ ਬੁੱਧ ਧੰਮ ਦੀ ਵਿਚਾਰ ਧਾਰਾ ਹੀ ਸੀ। ਬ੍ਰਾਮਣਾਂ ਨੇ ਬੋਧੀਆਂ ਦੇ ਵਿਹਾਰਾਂ ਨੂੰ ਜਾਂ ਤਾਂ ਨਸ਼ਟ ਕਰਕੇ ਉਨ੍ਹਾਂ ਉਪਰ ਆਪਣੇ ਮੰਦਰ ਬਣਾ ਲਏ ਜਾਂ ਜਿਵੇਂ ਅੱਜ ਤਾਮਿਲਨਾਡੂ ਦੇ ਸ਼ਹਿਰ ਕਾਂਜੀਪੁਰਮ ਜਿਸਦਾ ਅਸਲੀ ਨਾਂਅ ਕਾਂਚੀਵਰਮ ਸੀ, ਇਸ ਸ਼ਹਿਰ ਵਿੱਚ ਬੋਧੀਆਂ ਦੇ ਇੱਕ ਮਹਾ ਵਿਹਾਰ ਦੀਆਂ ਕੁਝ ਮੰਜਲਾਂ ਰੱਖਕੇ ਉੱਪਰ ਆਪਣਾ ਬ੍ਰਾਮਣਾਂ ਨੇ ਮੰਦਰ ਬਣਾ ਲਿਆ, ਅੱਜ ਵੀ ਇਸ ਏਕਰਮਬਾਰਨਾਤਾਰਾ ਮੰਦਰ ਜਿੱਥੇ ਬ੍ਰਾਮਣ ਸ਼ੰਕਰਚਾਰੀਆ ਬੈਠਾ ਹੈ, ਬਾਹਰ ਦੀਵਾਰ ਨਾਲ ਭਗਵਾਨ ਬੁੱਧ ਦੇ ਸਟੈਚੂ ਪਏ ਹਨ। ਇਸ ਤਰ੍ਹਾਂ ਸਾਰੇ ਭਾਰਤ ਵਿੱਚ (ਬ੍ਰਾਮਣਾਂ ਦਾ ਰਾਮ, ਜੋ ਪੈਦਾ ਹੀ ਨਹੀ ਹੋਇਆ ! ਉਸ ਦੀ ਜਨਮ ਭੂਮੀ, ਅਯੁਧਿੱਆ ਦੇ ਇੱਕ ਮੰਦਰ ਦੀ ਗੱਲ ਦੀ ਕਰਦੇ ਹਨ, ਜ਼ਰਾ ਅੰਦਾਜ਼ਾ ਲਗਾਓ ਕਿ ਬੋਧੀਆਂ ਨੇ ਆਪਣੇ ਤਕਰੀਬਨ ਇੱਕ ਹਜ਼ਾਰ ਸਾਲ ਦੌਰਾਨ ਸਾਰੇ ਭਾਰਤ ਵਿੱਚ ਕਿੰਨੇ ਬੁੱਧ ਵਿਹਾਰ ਬਣਾਏ ਹੋਣਗੇ ? ਅੱਜ ਉਹ ਬੁੱਧ ਵਿਹਾਰ ਕਿੱਥੇ ਹਨ ? ਅਸੀਂ ਇਹ ਸਵਾਲ ਬ੍ਰਾਮਣਾਂ ਨੂੰ ਪੁੱਛਦੇ ਹਾਂ) ਸਾਡੇ ਬੋਧੀਆਂ ਦੇ ਹਜ਼ਾਰਾਂ ਦੀ ਗਿਣਤੀ ਦੇ ਬੁੱਧ ਵਿਹਾਰਾਂ ਦਾ ਹਿਸਾਬ ਕਿਤਾਬ ਦੇਣ ਲਈ ਬ੍ਰਾਮਣ ਤਿਆਰ ਰਹਿਣ !

ਸਮਰਾਟ ਹਰਸ਼ ਵਰਧਨ ਤੋਂ ਬਾਦ ਤਕਰੀਬਨ 1300 ਸਾਲ ਦੇ ਅੰਧਕਾਰ, ਕੰਗਾਲੀ, ਜ਼ੁਲਮ, ਅਨਪੜਤਾ, ਗਰੀਬੀ, ਜਹਾਲਤ ਆਦਿ ਬ੍ਰਾਮਣਾਂ ਦੇ ਕਲਯੁਗ ਦੇ ਕਿਲੇ ਨੂੰ ਢਾਹਕੇ ਮਹਾਨ ਯੋਧੇ ਭੀਮ ਰਾਓ ਅੰਬੇਡਕਰ ਜੀ ਨੇ 14 ਅਕਤੂਬਰ 1956 ਨੂੰ ਸਾਰੇ ਭਾਰਤ ਵਾਸੀਆਂ ਨੂੰ ਬੁੱਧ ਧੰਮ ਇੱਕ ਨਵਾਂ ਮਹਿਲ (ਸੱਤਯੁਗ) ਬਣਾਕੇ ਦਿੱਤਾ। ਬਾਬਾ ਸਾਹਿਬ ਨੇ ਆਪਣੀ ਉੱਚ ਕੋਟੀ ਦੀ ਵਿੱਦਿਆ ਅਤੇ ਸਿਆਅਣਪ ਨਾਲ ਭਾਰਤ ਦੇ ਝੰਡੇ ਵਿੱਚ ਬੋਧੀਆਂ ਦਾ ਚਿੱਟਾ ਰੰਗ ਅਤੇ ਧੰਮ ਚੱਕਰ ਲਗਵਾ ਦਿੱਤਾ, ਮਹਾਨ ਅਸ਼ੋਕ ਦਾ ਚਾਰ ਸ਼ੇਰਾਂ ਦਾ ਚਿੰਨ, ਭਾਰਤ ਦਾ ਰਾਸ਼ਟਰ ਨਿਸ਼ਾਨ ਬਣਾ ਦਿੱਤਾ। ਰਾਸ਼ਟਰਪਤੀ ਭਵਨ ਦੇ ਅਸ਼ੋਕ ਹਾਲ ਵਿੱਚ ਹਰ ਰਾਸ਼ਟਰਪਤੀ ਭਗਵਾਨ ਬੁੱਧ ਦੇ ਇੱਕ ਵਿਸ਼ਾਲ ਸਟੈਚੂ ਹੇਠ ਰਾਸ਼ਟਰਪਤੀ ਬਣਨ ਸਮੇਂ ਭਾਰਤ ਦੇ ਸੰਵਿਧਾਨ ਦੀ ਸੁੰਹ ਚੁੱਕਦਾ ਹੈ।

ਸਾਰੀ ਦੁਨੀਆ ਦੇ ਇਤਹਾਸ ਵਿੱਚ ਕੋਈ ਵੀ ਉਦਾਰਣ ਨਹੀ ਮਿਲਦੀ ਕਿ ਇੱਕ ਹੀ ਸਮੇਂ ਕਿਸੇ ਇੱਕ ਵਿਅਕਤੀ ਦੇ ਕਹਿਣ ਤੇ ਪੰਜ ਲੱਖ ਲੋਕਾਂ ਨੇ ਧਰਮ ਸਵਿਕਾਰ ਕਰ ਲਿਆ ਹੋਵੇ ਪਰ ਵਿਸ਼ਵ ਰਤਨ ਬਾਬਾ ਸਾਹਿਬ ਡਾ: ਅੰਬੇਡਕਰ ਜੀ ਦੇ ਇੱਕ ਇਸ਼ਾਰੇ ਤੇ 14 ਅਕਤੂਬਰ 1956 ਨੂੰ ਨਾਗਪੁਰ ਵਿਖੇ ਉਨ੍ਹਾਂ ਦੇ ਪੰਜ ਲੱਖ ਅਨੁਆਈਆਂ ਨੇ ਆਪਣੇ ਬਜ਼ੁਰਗਾਂ ਦੇ ਬੁੱਧ ਧੰਮ ਵਿੱਚ ਦੀਕਸ਼ਾ ਲਈ। ਬਾਬਾ ਸਾਹਿਬ ਨੇ ਕਿਹਾ ਸੀ ਕਿ "ਅਗਰ ਮੈਂ ਪੰਜ ਸਾਲ ਜਿਉਂਦਾ ਰਿਹ ਗਿਆ ਤਾਂ ਮੈਂ ਭਾਰਤ ਨੂੰ ਬੁੱਧਮਈ ਦੇਸ਼ ਬਣਾ ਦਿਆਂਗਾ"। ਹੋਸ਼ ਸੰਭਾਲਣ ਤੋਂ ਬਾਦ ਜਿਸ ਇਨਸਾਨ ਦੇ ਦਿਮਾਗ ਵਿੱਚ ਹਰ ਵਕਤ ਇੱਕ ਹੀ ਗੱਲ ਰਹੇ ਕਿ ਮੇਰੇ ਲੋਕ ਇਹ ਪਸ਼ੂਆਂ ਤੋਂ ਵੀ ਭੈੜੀ ਜਿੰਦਗੀ ਕਿਉਂ ਜਿਉਂਦੇ ਹਨ ? ਮੇਰੀਆਂ ਮਤਾਵਾਂ ਅਤੇ ਭੈਣਾ ਫਟੇ ਪੁਰਾਣੇ ਅਤੇ ਗੰਦੇ-ਮੰਦੇ ਹੀ ਕੱਪੜੇ ਪਹਿਨਕੇ ਕਿਉਂ ਰਹਿੰਦੀਆਂ ਹਨ?

ਸਾਡੇ ਮਰਦ ਅਤੇ ਔਰਤਾਂ ਹੱਡੀਆਂ ਦੇ ਪਿੰਜਰ ਕਿਉਂ ਹਨ ? ਉਨ੍ਹਾਂ ਦੀ ਜ਼ਮੀਰ ਕਿਉਂ ਮਰੀ ਹੋਈ ਹੈ ਕਿ ਉਹ ਆਪਣੀ ਇਸ ਜਿੰਦਗੀ ਦੇ ਖਿਲਾਫ ਬਗਾਵਤ ਹੀ ਨਹੀ ਕਰਦੇ? ਉਹ ਅਨਪੜ ਪੈਦਾ ਹੁੰਦੇ ਹਨ ਅਤੇ ਅਨਪੜ ਹੀ ਮਰ ਜਾਂਦੇ ਹਨ ? ਜੋ ਜਾਨਵਰ ਨਾ ਜਾਣੇ ਕਿਸ ਬੀਮਾਰੀ ਕਾਰਨ ਮਰਿਆ, ਉਸਦਾ ਮਾਸ ਕਿਉਂ ਖਾਂਦੇ ਹਨ? ਬਾਕੀ ਇਨਸਾਨਾਂ ਦੀ ਤਰ੍ਹਾਂ ਇਹ ਵੀ ਇਨਸਾਨ ਹਨ ਪਰ ਫਿਰ ਵੀ ਇਨ੍ਹਾਂ ਨੂੰ ਤਾਂ ਮਰਨ ਤੋਂ ਬਾਦ ਅਲੱਗ ਸਿਵਿਆਂ ਵਿੱਚ ਜਲਾਇਆ ਜਾਂਦਾ ਹੈ ?

ਇਹੋ ਜਿਹੇ ਸਵਾਲ ਜਿਸ ਜਿਸਮ ਅਤੇ ਦਿਮਾਗ ਉੱਤੇ ਕਾਲੇ ਬੱਦਲਾਂ ਵਾਂਗ ਛਾਏ ਰਹਿਣ ਤਾਂ ਉਸ ਇਨਸਾਨ ਦੇ ਸ਼ਰੀਰ ਦਾ ਕੀ ਹਾਲ ਹੋਵੇਗਾ ? ਬਾਬਾ ਸਾਹਿਬ ਨੂੰ ਬਹੁਤ ਛੋਟੀ ਉਮਰ ਵਿੱਚ ਹੀ ਕਈ ਬੀਮਾਰੀਆਂ ਨੇ ਘੇਰਾ ਪਾ ਲਿਆ ਅਤੇ 65 ਸਾਲ ਦੀ ਉਮਰ ਵਿੱਚ ਹੀ ਬਾਬਾ ਸਾਹਿਬ ਸਾਨੂੰ ਸਦੀਵੀ ਵਿਛੋੜਾ ਦੇ ਗਏ। ਜਦੋਂ ਬਾਬਾ ਸਾਹਿਬ ਨੇ 14 ਅਕਤੂਬਰ 1956 ਨੂੰ ਨਾਗਪੁਰ ਵਿਖੇ ਦੀਕਸ਼ ਲੈਣ ਦਾ ਐਲਾਨ ਕੀਤਾ ਸੀ ਤਾਂ ਨਾਗਪੁਰ ਦੀ ਦੀਕਸ਼ਾ ਤੋਂ ਬਾਦ 18 ਦਸੰਬਰ ਨੂੰ ਬੰਬਈ ਦੇ ਰੇਸ ਕੋਰਸ ਵਿੱਚ ਦੀਕਸ਼ਾ ਲੈਣ ਦਾ ਵੀ ਐਲਾਨ ਕੀਤਾ ਸੀ ਪਰ ਬਾਬਾ ਸਾਹਿਬ ਸਾਡੇ ਤੋਂ 6 ਦਸੰਬਰ ਨੂੰ ਹੀ ਹਮੇਸ਼ਾਂ ਲਈ ਵਿਛੜ ਗਏ ਤਾਂ ਇਹ ਦੀਕਸ਼ ਦਾ ਪ੍ਰੋਗਰਾਮ ਅਧੂਰਾ ਹੀ ਰਹਿ ਗਿਆ ਪਰੰਤੂ ਮਹਾਰਾਸ਼ਟਰ ਦੇ ਮਾਤੰਗ ਸਮਾਜ ਦੇ ਸੂਝਵਾਨ ਅੰਬੇਡਕਰੀਆਂ ਨੇ ਬਾਬਾ ਸਾਹਿਬ ਦੀ ਇਹ ਇੱਛਾ 6 ਦਸੰਬਰ 2006 ਦੀਕਸ਼ਾ ਗੋਲਡ ਜੁਬਲੀ ਸਾਲ ਵਿੱਚ, ਖਾਸ ਨੇਤਾ ਸੁਰੇਸ਼ ਮਾਣੇ ਅਤੇ ਹੋਰ ਵਿਦਵਾਨਾਂ ਨੇ ਆਪਣੇ ਸਾਰੇ ਸਮਾਜ ਨੂੰ ਆਪਣੇ ਬਜ਼ੁਰਗਾਂ ਦੇ ਬੁੱਧ ਧੰਮ ਵਿੱਚ ਪ੍ਰਵੇਸ਼ ਕਰਕੇ ਪੂਰੀ ਕਰ ਦਿੱਤੀ।

ਦੀਕਸ਼ਾ ਗੋਲਡਨ ਜੁਬਲੀ ਦੇ ਸਾਲ ਹੀ ਪੰਜਾਬ ਦੇ ਲੁਧਿਆਣਾ ਸ਼ਹਿਰ ਵਿੱਚ ਦਿੱਲੀ ਤੋਂ ਅੰਮ੍ਰਿਤਸਰ ਵਾਲੇ ਹਾਈਵੇ ਉੱਤੇ ਬੁੱਧ ਧੰਮ ਦੇ ਪ੍ਰਚਾਰਕ ਭਿੱਖੂ ਤਿਆਰ ਕਰਨ ਲਈ ਤਕਸ਼ਸਿਲਾ ਮਹਾ ਵਿਹਾਰ ਅਤੇ ਸੀਮਾ ਦਾ ਉਦਘਾਟਨ ਕੀਤਾ। ਫਗਵਾੜੇ ਤੋਂ ਮਹਿਲਪੁਰ ਨੂੰ ਜਾਈਏ ਬਲਾਕੀਪੁਰ ਵਿੱਚ ਇੱਕ ਵਿਸ਼ਾਲ ਅੰਬੇਡਕਰ ਰੀਸੋਰਸ ਸੈਂਟਰ ਵੀ ਇਨ੍ਹਾਂ ਦਿਨਾਂ ਵਿੱਚ ਹੀ ਖੋਲਿਆ ਗਿਆ। 14 ਅਕਤੂਬਰ 2006 ਨੂੰ ਹੀ ਅੰਬੇਡਕਰ ਮਿਸ਼ਨ ਦੇ ਗੜ੍ਹ ਫਗਵਾੜਾ, ਦੇ ਨਜ਼ਦੀਕ ਚੱਕ ਹਕੀਮ ਵਿੱਚ ਲੱਗਭੱਗ ਇੱਕ ਹਜ਼ਾਰ ਨੌਜਵਾਨਾਂ ਨੇ "ਅਖਿਲ ਭਾਰਤੀਯ ਭਿੱਖੂ ਸੰਘ" ਦੀ ਅਸ਼ੀਰਵਾਦ ਨਾਲ ਦੀਕਸ਼ਾ ਲਈ। ਅੱਜ ਕੱਲ ਪੰਜਾਬ ਵਿੱਚ ਤਕਰੀਬਨ 20-25 ਬੁੱਧ ਵਿਹਾਰ ਹਨ।

ਕਦੀ ਸਮਾਂ ਸੀ ਕਿ ਪੰਜਾਬ ਵਿੱਚ ਬੁੱਧ ਧੰਮ ਨਾਲ ਰੀਤੀ ਰਿਵਾਜ਼ ਕਰਾਉਣ ਲਈ ਭਿੱਖੂ ਦਿੱਲੀ ਤੋਂ ਬੁਲਾਏ ਜਾਂਦੇ ਸੀ ਪਰ ਅੱਜ ਦੀ ਤਾਰੀਕ ਵਿੱਚ ਪੰਜਾਬ ਵਿੱਚ 10-15 ਬੁੱਧ ਭਿੱਖੂ ਹਰ ਵਕਤ ਪੱਕੇ ਤੌਰ ਤੇ ਪੰਜਾਬ ਵਿੱਚ ਰਹਿ ਰਹੇ ਹਨ। ਜਿਨ੍ਹਾਂ ਵਿੱਚ ਮਹਾ ਵਿਦਵਾਨ ਥੇਰੋ ਪ੍ਰਗਿਆ ਬੋਧੀ ਜੀ ਦਾ ਖਾਸ ਨਾਂਅ ਹੈ। ਸਾਲ 2003-4 ਤੱਕ ਪ੍ਰੋਗਰਾਮਾਂ ਉੱਤੇ ਕਿਤਾਬਾਂ ਅਤੇ ਹੋਰ ਆਟਿਮਾਂ ਦਾ ਸਟੌਲ ਲਾਉਣ ਲਈ ਦਿੱਲੀ ਤੋਂ ਸਟੌਲ ਵਾਲੇ ਨੂੰ ਸੱਦਿਆ ਜਾਂਦਾ ਸੀ, ਅੱਜ ਪੰਜਾਬ ਵਿੱਚ 5-6 ਨੌਜਵਾਨ ਸਟੌਲ ਲਗਾ ਰਹੇ ਹਨ ਅਤੇ ਲੁਧਿਆਣੇ ਤੋ ਰਜਿੰਦਰ ਕੁਮਾਰ ਅਤੇ ਉਨ੍ਹਾਂ ਦੀ ਪਤਨੀ ਪੱਕੇ ਤੌਰ ਤੇ ਦੋਨੋਂ ਫੁਲ ਟਾਈਮ ਸਟੌਲ ਲਾਉਣ ਦਾ ਕੰਮ ਕਰ ਰਹੇ ਹਨ।

ਕੁਝ ਸਾਲ ਪਹਿਲਾਂ ਬੁੱਧ ਗਯਾ ਦੇ ਆਲੇ-ਦੁਆਲੇ ਰਹਿਣ ਵਾਲੇ ਸਾਰੇ ਰਵਿਦਾਸੀਆ ਸਮਾਜ ਨੇ ਬੁੱਧ ਧੰਮ ਵਿੱਚ ਦੀਕਸ਼ਾ ਲਈ ਸੀ।

ਅਸ਼ੋਕ ਵਿਜੇ ਦਸ਼ਮੀ (ਦੁਸਹਿਰਾ) 2013 ਨੂੰ ਜੂਨਾਗੜ੍ਹ, ਗੁਜਰਾਤ ਵਿੱਚ ਤਕਰੀਬਨ ਇੱਕ ਲੱਖ ਲੋਕਾਂ ਨੇ ਬੁੱਧ ਧੰਮ ਸਵੀਕਾਰ ਕੀਤਾ ਤਾਂ ਮੋਦੀ ਸਾਹਿਬ ਨੇ ਇਨਕੁਆਰੀ ਸ਼ੁਰੂ ਕਰਾ ਦਿੱਤੀ, ਜਦੋਂ ਕਿ ਹਰ ਦੀਕਸ਼ ਲੈਣ ਵਾਲੇ ਨੇ ਵਿਸ਼ਵ ਰਤਨ ਬਾਬਾ ਸਾਹਿਬ ਅੰਬੇਡਕਰ ਜੀ ਵਲੋਂ ਦਿੱਤੀਆਂ ਗਈਆਂ 22 ਪ੍ਰਤਿੱਗਿਆਂਵਾ ਵਾਲਾ ਫਾਰਮ ਭਰਨ ਤੋਂ ਬਾਦ ਬੁੱਧ ਧੰਮ ਨੂੰ ਸਵੀਕਾਰ ਕੀਤਾ ਸੀ। ਇਸ ਤਰ੍ਹਾਂ ਬਾਬਾ ਸਾਹਿਬ ਦੀ ਧੰਮ ਕ੍ਰਾਂਤੀ ਤੋਂ ਬਾਦ ਸਾਰੇ ਭਾਰਤ ਲਈ ਕੋਈ ਵੀ ਅੰਬੇਡਕਰ ਮਿਸ਼ਨ ਦਾ ਆਗੂ ਨਾ ਹੋਣ ਦੇ ਵਾਵਯੂਦ ਵੀ ਬਾਬਾ ਸਾਹਿਬ ਦੀ ਧੰਮ ਕ੍ਰਾਂਤੀ ਦੀ ਲਹਿਰ ਆਪਣੇ ਸੱਚ ਦੇ ਜ਼ੋਰ ਤੇ ਚੱਲ ਰਹੀ ਹੈ।

ਇਸ ਸਾਲ ਮਾਰਚ ਦਾ ਮਹੀਨਾ ਮੈਂ ਪੰਜਾਬ, ਅਪ੍ਰੈਲ ਮਹੀਨਾ ਮਹਾਰਾ-ਸ਼ਟਰ, ਮਈ ਦਾ ਇੱਕ ਹਫਤਾ ਤਾਮਿਲ ਨਾਡ ਅਤੇ ਪੌਂਡਾਚੈਰੀ ਰਹਿਕੇ, 16 ਮਈ ਨੂੰ ਵਾਪਸ ਲੰਡਨ ਆਇਆ। ਪੰਜਾਬ ਵਿੱਚ ਜੋ ਨੌਜਵਾਨਾਂ ਵਿੱਚ ਬੁੱਧ ਧੰਮ ਪ੍ਰਤੀ ਲਗਨ ਅਤੇ ਜੋਸ਼ ਦੇਖਕੇ ਦਿਲ ਹੌਸਲੇ ਨਾਲ ਬੁਲੰਦ ਹੋ ਜਾਂਦਾ ਹੈ। ਕਈ ਨੌਜਵਾਨ ਸ਼ਾਮ ਨੂੰ ਆਪਣੇ ਕੰਮਾਂ ਤੋਂ ਬਾਦ ਸਮਾਨ ਦੀ ਗਠੜੀ ਪਿੱਛੇ ਬੰਨਕੇ ਪਿੰਡਾਂ ਪਿੰਡਾਂ ਵਿੱਚ ਜਾਕੇ ਸਾਡੇ ਇਤਹਾਸ, ਮੌਜੂਦਾ ਅਤੇ ਭਵਿੱਖ ਵਾਲੇ ਲੋਕਾਂ ਨੂੰ ਫਿਲਮਾਂ, ਕਿਤਾਬਾਂ, ਭਾਸ਼ਣਾਂ ਆਦਿ ਰਾਹੀਂ ਜਗਰੁਕ ਕਰ ਰਹੇ ਹਨ।


ਮਹਾਰਾਸ਼ਟਰ ਵਿੱਚ ਜਦੋਂ ਮੈਂ ਪਿਛਲੇ ਸਾਲ ਦਸੰਬਰ ਵਿੱਚ ਗਿਆ ਸੀ ਤਾਂ 6 ਦਸੰਬਰ ਨੂੰ ਬਾਬਾ ਸਾਹਿਬ ਦੀ ਚੈਅਯ ਭੂਮੀ ਵਿੱਚ ਮੇਰੀ ਮੁਲਾਕਾਤ ਹਨੂਮੰਤ ਉਪਰੇ ਜੀ ਨਾਲ ਹੋਈ ਤਾਂ ਉਨ੍ਹਾਂ ਨੇ ਮੈਨੂੰ ਦੱਸਿਆ ਕਿ 2016 ਵਿੱਚ ਮੈਂ ਆਪਣੇ ਓ, ਬੀ, ਸੀ, ਸਮਾਜ (ਕੱਪੜਾ ਰੰਗਣ ਵਾਲੇ) ਨਾਲ 2016 ਵਿੱਚ ਨਾਗਪੁਰ ਜਾਕੇ ਆਪਣੇ 5 ਲੱਖ ਲੋਕਾਂ ਨਾਲ ਆਪਣੇ ਬਜੁਰਗਾਂ ਦੇ ਬੁੱਧ ਧੰਮ ਵਿੱਚ ਦੀਕਸ਼ਾ ਲਵਾਂਗਾ। ਇਸ ਸਾਲ ਅਪ੍ਰੈਲ ਵਿੱਚ ਮੈਂ ਉਪਰੇ ਜੀ ਨਾਲ ਕਈ ਸਟੇਜਾਂ ਉੱਤੇ ਬੋਲਿਆ, ਉਹ ਹਫਤੇ ਵਿੱਚ ਘੱਟੋ ਘੱਟ 5 ਫੰਗਸ਼ਨ ਕਰਕੇ ਲੋਕਾਂ ਨੂੰ 2016 ਦੀ ਦੀਕਸ਼ਾ ਲਈ ਤਿਆਰ ਕਰ ਹਰੇ ਹਨ। ਉਪਰੇ ਜੀ ਨੇ ਇੱਕ ਵਾਰ ਸਟੇਜ ਤੋਂ ਸਰੋਤਿਆਂ ਨੂੰ ਸਵਾਲ ਕੀਤਾ ਕਿ ਓ, ਬੀ ਸੀ ਦਾ ਕੀ ਮਤਲਵ ਹੈ? ਤਾਂ ਸਾਮ੍ਹਣੇ ਬੈਠੇ ਕੁਝ ਲੋਕਾਂ ਨੇ ਕਿਹਾ ਕਿ "ਅਦਰ ਬੈਕਵਡ ਕਲਾਸਜ਼" ਉਪਰੇ ਜੀ ਨੇ ਕਿਹਾ ਕਿ ਨਹੀਂ, ਇਸ ਤੋਂ ਭਾਵ ਹੈ "ਔਰਿਜਨਲ ਬੁਧਿੱਸਟ ਕਮਿਉਨਟੀ"।

ਉਨ੍ਹਾਂ ਦੇ ਆਖਰੀ ਫੰਗਸ਼ਨ ਤੇ ਮੇਰੀ ਮੁਲਾਕਾਤ ਯੂਪੀ ਤੋਂ ਇੱਕ ਐਡਵੋਕੇਟ ਓਮਪ੍ਰਕਾਸ਼ ਮੋਰੀਆ ਨਾਲ ਹੋਈ, ਉਨ੍ਹਾਂ ਨੇ ਮੈਨੂੰ ਦੱਸਿਆ ਕਿ 2017 ਵਿੱਚ ਅਸੀਂ ਯੂਪੀ ਦੇ

(ਬਾਕੀ ਸਫਾ 17 ਤੇ)


# StopItKids Parental

## and Cyber control mobile app



**How do you keep your child and computer safe from online dangers?**

* Protect your child by restricting them from accessing inappropriate websites, remotely, through mobile devices
* Protect their computer by monitoring sensitive information collection requests and inappropriate software downloads.
* Block and unblock websites, webpages or the whole browser remotely through mobile devices, in real time
* Manage the amount of time that your kids spend online
* View a website snapshot
* Get notification alerts when visiting "bad" or sensitive information collecting web sites
* Send message to the browser to remind kid to concentrate on the study etc.
* Daily report to the customer for inappropriate website usages.
* Remote deletion of the StopItKids browser extension.
* If rules and regulations allow then employers can keep watch on employees and use all above mentioned features.

**Vijay Kumar**
Managing Director
859-282-1400, 859-912-0941, 603-954-3098

H3 Technologies, LLC

Please visit
www.stopitkids.com
web site for more information including installation and usage information.







Certified Minority and women owned company
Fastest 30 growing company award from NKY Chamber
Fastest 55 growing company award from Business Courier

71 Cavalier Blvd., Suite 205, Florence, KY 41042, USA

# ਭਾਰਤ ਦੀ ਗੰਦੀ ਰਾਜਨੀਤੀ ਵਿਚ ਉਥਲ-ਪੁਥਲ ਕਰਨ ਆਏ ਸਨ ਕਾਂਸ਼ੀ ਰਾਮ

ਭਾਰਤ ਵਰਗੇ ਵਿਸ਼ਾਲ ਦੇਸ਼ ਦੀ ਗੰਦੀ ਚੱਲਦੀ ਰਾਜਨੀਤੀ ਵਿਚ ਭਾਰੀ ਉਥਲ-ਪੁਥਲ ਕਰਨ ਵਾਸਤੇ ਪ੍ਰਮਾਤਮਾ ਨੇ ਸਿੱਖ ਰਾਮਦਾਸੀਆ ਅਨੁਸੂਚਿਤ ਪਰਿਵਾਰ ਵਿਚ ਇਕ ਕੋਹਿਨੂਰ ਹੀਰਾ ਰੋਪੜ ਦੇ ਨਜ਼ਦੀਕ ਪਿੰਡ ਖਵਾਸਪੁਰਾ ਦੀ ਧਰਤੀ ਤੇ 1934 ਨੂੰ ਭੇਜਿਆ, ਜਿਸਨੂੰ ਪ੍ਰਮਾਤਮਾ ਨੇ ਇਹ ਆਸ਼ੀਰਵਾਦ ਬਖਸ਼ਿਆ ਸੀ ਕਿ ਪੁੱਤਰਾ ਜਾਹ ਭਾਰਤ ਵਰਗੇ ਵੱਡੇ, ਰਿਸ਼ੀਆਂ, ਮੁਨੀਆਂ, ਗੁਰੂਆਂ, ਪੈਗੰਬਰਾਂ ਦੇ ਦੇਸ਼ ਵਿਚ ਜੋ ਜਾਤੀ ਪ੍ਰਥਾ ਚਲਦੀ ਹੈ, ਗਰੀਬ ਲੋਕਾਂ ਲਈ ਭੱਦਾ ਮਜ਼ਾਕ ਗਰੀਬੀ ਤੋਂ ਵੀ ਭੈੜਾ ਰਿਵਾਜ਼ ਬਣ ਗਈ ਹੈ, ਨੂੰ ਜਾ ਕੇ ਮਿਹਨਤ ਕਰਕੇ ਗਰਬ ਲੋਕਾਂ ਦੀ ਅਣਖ ਜਗਾ ਕੇ ਉਸ ਰੀਤੀ ਨੂੰ ਬੰਦ ਕਰੋ।

ਪ੍ਰਮਾਤਮਾ ਦਾ ਖਾਸ ਆਸ਼ੀਰਵਾਦ ਪ੍ਰਾਪਤ ਹੋਣ ਕਰਕੇ ਤੇ ਗੋਰਾ ਨਿਛੋਹ ਰੰਗ ਹੋਣ ਕਰਕੇ ਪ੍ਰਮਾਤਮਾ ਦਾ ਦੂਤ ਸਮਝਣ ਵਿਚ ਕਿਸੇ ਨੂੰ ਵੀ ਉਸ ਲੰਮੇ ਮਹਾਂਪੁਰਸ਼ ਬਾਰੇ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ। ਦੁਨੀਆਂ ਵਿਚ ਗਰੀਬ ਪਰਿਵਾਰ ਵਿਚ ਜਨਮ ਲੈ ਕੇ ਉਸ ਬਾਲਕ ਨੂੰ ਵੀ ਇਕ ਨਾਮ ਦੇਣ ਦੀ ਰੀਤੀ ਵਿਚੋਂ ਗੁਜ਼ਰਨਾ ਪਿਆ, ਜਿਸ ਵਿਚ ਉਸ ਦਾ ਨਾਂ 'ਕਾਂਸ਼ੀ ਰਾਮ' ਰੱਖਿਆ ਗਿਆ। ਕਾਂਸ਼ੀ ਰਾਮ ਪੜ੍ਹਾਈ ਵਿਚ ਬਾਕੀ ਬੱਚਿਆਂ ਨਾਲੋਂ ਬਹੁਤ ਜ਼ਿਆਦਾ ਹੁਸ਼ਿਆਰ ਸੀ ਤੇ ਸਦਾ ਹੁਸ਼ਿਆਰ ਬੱਚਿਆਂ ਵਿਚ ਗਿਣਿਆ ਜਾਣ ਲੱਗਾ। ਆਪਣੀ ਕਾਬਲੀਅਤ ਦੇ ਸਿਰ ਉਤੇ ਤੇ ਆਪਣੀ ਇਮਾਨਦਾਰੀ ਕਰਕੇ ਕਾਂਸ਼ੀ ਰਾਮ ਨੇ 1956 ਵਿਚ ਬੀ. ਐਸ. ਸੀ. ਦੀ ਡਿਗਰੀ ਹਾਸਲ ਕੀਤੀ। ਜੋ ਉਸ ਸਮੇਂ ਗਰੀਬ ਪਰਿਵਾ ਵਿਚ ਉਸੇ ਗਰੀਬ ਬੱਚੇ ਲਈ ਇਕ ਬਹੁਤ ਵੱਡੀ ਉਪਲਬਧੀ ਸੀ। ਡਿਗਰੀ ਲੈਣ ਤੋਂ ਬਾਅਦ ਕਾਂਸ਼ੀ ਰਾਮ 1957 ਵਿਚ 'ਸਰਵੇ ਆਫ ਇੰਡੀਆ' ਦੇ ਮੁਕਾਬਲੇ ਵਿਚ ਬੈਠੇ ਤੇ ਉਸ ਵਿਚ ਸਫਲ ਵੀ ਹੋਏ।

ਇਸ ਉਪਰੰਤ ਜਦੋਂ ਉਹਨਾਂ ਨੂੰ ਨੌਕਰੀ ਦੌਰਾਨ ਬਾਂਡ ਭਰਨ ਦੀ ਸ਼ਰਤ ਰੱਖੀ ਤੇ ਉਹਨਾਂ ਨੌਕਰੀ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਪੂਨਾ ਦੇ ਐਕਸਪਲੋਸਿਵ ਰਿਸਰਚ ਅਤੇ ਡਿਵੈਲਪਮੈਂਟ ਲੈਬਰ ਵਿਚ ਸਹਾਇਕ ਵਿਗਿਆਨਕ ਦੀ ਨੌਕਰੀ ਪ੍ਰਾਪਤ ਕੀਤੀ। ਇਸ ਨੌਕਰੀ ਦੌਰਾਨ ਹੀ ਉਹਨਾਂ ਦਾ ਰੁਝਾਨ ਰਾਜਨੀਤਿਕ ਅਤੇ ਸਮਾਜਿਕ ਗਤੀਵਿਧੀਆਂ ਵੱਲ ਹੋਇਆ। ਇਸ ਨੌਕਰੀ ਦੌਰਾਨ ਹੀ ਉਹਨਾਂ ਦਾ ਵਾਸਤਾ ਛੋਟੀ ਜਾਤੀ ਵਾਲਿਆਂ ਨਾਲ ਅਭੱਦਰ ਵਿਹਾਰ ਵੱਲ ਹੋਇਆ।

ਨੌਕਰੀ ਕਰਦਿਆਂ ਫੈਟਟਰੀ ਵਾਲਿਆਂ ਨੇ ਬੁੱਧ ਜੈਅੰਤੀ ਤੇ ਡਾ. ਅੰਬੇਦਕਰ ਜੈਅੰਤੀ ਦੀਆਂ ਛੁੱਟੀਆਂ ਰੱਦ ਹੋਣ ਨਾਲ ਕਾਂਸ਼ੀ ਰਾਮ ਨੇ ਜ਼ਿੰਦਗੀ ਵਿਚ ਪਹਿਲਾ ਸਫਲ ਸੰਘਰਸ਼ ਕੀਤਾ, ਜਿਸ ਨਾਲ ਰੱਦ ਹੋਈਆਂ ਛੁੱਟੀਆਂ ਮੁੜ ਬਹਾਲ ਹੋ ਗਈਆਂ। ਇਸ ਸਮੇਂ ਦੌਰਾਨ ਕਾਂਸ਼ੀ ਰਾਮ ਨੂੰ ਗਰੀਬ ਕਰਮਚਾਰੀਆਂ ਦੀ ਮਦਦ ਕੋਰਟ ਤੱਕ ਕਰਕੇ ਇਕ ਅਨੋਖਾ ਅਨੁਭਵ ਮਹਿਸੂਸ ਹੋਇਆ, ਜਿਸਨੂੰ ਉਹ ਸਾਰੀ ਜ਼ਿੰਦਗੀ ਨਹੀਂ ਭੁੱਲ ਸਕੇ। ਕਿਉਂਕਿ ਫੈਕਟਰੀ ਦੇ ਵੱਡੀ ਜਾਤ ਵਾਲੇ ਅਧਿਕ-ਾਰੀਆਂ ਨੇ ਉਸ ਗਰੀਬ ਮਜ਼ਦੂਰ ਨੂੰ ਜਿਸਦੀ ਖਾਤਰ ਕਾਂਸ਼ੀ ਰਾਮ ਨੇ ਜ਼ਿੰਦਗੀ ਵਿਚ ਪਹਿਲਾ ਸੰਘਰਸ਼ ਕਰਕੇ ਜਿੱਤ ਹਾਸਲ ਕੀਤੀ ਸੀ, ਨੂੰ ਨੌਕਰੀਉਂ ਕੱਢੇ ਹੋਣ ਦੇ ਬਾਵਜੂਦ ਮੁੜ ਬਹਾਲ ਕਰਵਾ ਦਿੱਤਾ। ਇਸ ਸਮੇਂ ਕਾਂਸ਼ੀ ਰਾਮ ਨੂੰ ਅਹਿਸਾਸ ਹੋਇਆ ਕਿ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕਰਕੇ ਇਨਸਾਫ ਹਾਸਲ ਕੀਤਾ ਜਾ ਸਕਦਾ ਹੈ।

ਇਸ ਸਮੇਂ ਦੌਰਾਨ ਉਹਨਾਂ ਦੀ ਜ਼ਿੰਦਗੀ ਵਿਚ ਵੱਡੀ ਉਥਲ ਪੁਥਲ ਸ਼ੁਰੂ ਹੋ ਗਈ ਕਿਉਂਕਿ ਦਲਿਤ ਮਸੀਹਾ ਕਰੋੜਾਂ ਦਿਲਾਂ ਵਿਚ ਉਪਜਲੇ ਜਾਂਦੇ ਡਾਕਟਰ ਬੀ. ਆਰ. ਅੰਬੇਦਕਰ ਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ। ਡਾ. ਅੰਬੇਦਕਰ ਨੇ ਕਾਂਸ਼ੀ ਰਾਮ ਦੀ ਜ਼ਿੰਦਗੀ ਵਿਚ ਅਜਿਹਾ ਅਸਰ ਕੀਤਾ ਕਿ ਉਹਨਾਂ 1965 ਵਿਚ ਨੌਕਰੀ ਤੋਂ ਤਿਆਗ ਪੱਤਰ ਦੇ ਦਿੱਤਾ ਤੇ ਇਕ ਹੋਰ ਠੋਕਰ ਵੱਜਣ ਨਾਲ ਉਹਨਾਂ ਜ਼ਿੰਦਗੀ ਵਿਚ ਕਦੇ ਵੀ ਵਿਆਹ ਨਾ ਕਰਨ ਵਾਲਾ ਕਠੋਰ ਫੈਸਲਾ ਲਿਆ।

ਇਸ ਤੋਂ ਬਾਅਦ ਕਾਂਸ਼ੀ ਰਾਮ ਦਾ ਝੁਕਾਅ ਰਾਜਨੀਤਿਕ ਪਾਰਟੀ 'ਰਿਪਬਲਿਕਨ ਪਾਰਟੀ ਆਫ ਇੰਡੀਆ' ਵੱਲ ਹੋਇਆ ਤੇ ਨਾਲ ਹੀ ਡਾ. ਅੰਬੇਦਕਰ ਵੱਲੋਂ ਸਥਾਪਤ 'ਪੀਪਲਜ਼ ਐਜੂਕੇਸ਼ਨ ਸੁਸਾਇਟੀ' ਵੱਲ ਮੂੰਹ ਕੀਤਾ। ਇਹਨਾਂ ਦੋਹਾਂ ਤੋਂ ਹੀ ਜਲਦੀ ਕਾਂਸ਼ੀ ਰਾਮ ਦਾ ਮਨ ਭਰ ਗਿਆ। ਕਾਂਸ਼ੀ ਰਾਮ ਕਿਹਾ ਕਰਦੇ ਸਨ ਕਿ ਮੈਂ ਜੋ 4 ਸਾਲਾਂ ਵਿਚ ਕੰਮ ਕਰਨ ਤੋਂ ਬਾਅਦ ਇੱਥੇ ਵੇਖਿਆ ਕਿ ਇਹਨਾਂ ਵਿਚ ਆਪਣੇ ਹੀ ਇੰਨੇ ਝਗੜੇ ਹਨ ਕਿ ਇਹ ਲੋਕ ਕਿਸੇ ਦਾ ਕੀ ਸੰਵਾਰਨਗੇ।

ਇਸ ਸਮੇਂ ਦੌਰਾਨ ਹੀ ਰਿਪਬਲਿਕਨ ਪਾਰਟੀ ਵਿਚ ਟੁੱਟ ਭੱਜ ਸ਼ੁਰੂ ਹੋ ਗਈ, ਕਈ ਨਾਮਵਰ ਲੋਕਾਂ ਦੇ ਪਾਰਟੀ ਛੱਡਣ ਨਾਲ ਪਾਰਟੀ ਸਾਹ ਸੱਤਹੀਣ ਹੋ ਗਈ। ਇਸ ਉਪਰੰਤ ਕਾਂਸ਼ੀ ਰਾਮ ਦਾ ਧਿਆਨ ਸਰਕਾਰੀ ਤੇ ਜਨਤਕ ਖੇਤਰਾਂ ਵਿਚ ਕੰਮ ਕਰਨ ਵਾਲੇ ਲੱਗਭੱਗ 20 ਲੱਖ ਲੋਕਾਂ ਵੱਲ ਗਿਆ। ਇਹਨਾਂ ਲੱਖਾਂ ਮੁਲਾਜ਼ਮਾਂ, ਅਧਿਕਾਰੀਆਂ ਨੂੰ ਇਕ ਪਲੇਟਫਾਰਮ ਤੇ ਇਕੱਠਾ ਕਰਕੇ ਇਹਨਾਂ ਦੇ ਦਰ ਉਤੇ ਰਾਜਨੀਤੀ ਵਿਚ ਆਉਣ ਦੀ ਦੂਰੇਡੀ ਯੋਜਨਾ ਤਿਆਰ ਕੀਤੀ। ਇਸ ਯੋਜਨਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਾਂਸ਼ੀ ਰਾਮ ਨੇ 1973 ਵਿਚ ਬਾਮਸੇਫ ਦਾ ਗਠਨ ਕੀਤਾ। 5 ਸਾਲ ਲੱਗੇ ਰਹੇ, ਮਿਹਨਤ ਕਰਨ ਤੋਂ ਬਾਅਦ 6 ਦਸੰਬਰ 1978 ਨੂੰ ਉਹਨਾਂ ਨੇ ਦਿੱਲੀ ਵਿਚ ਬਾਮਸੇਫ ਦੇ ਅਖਿਲ ਭਾਰਤੀ ਸਵਰੂਪ ਦੀ ਘੋਸ਼ਣਾ ਕਰ ਦਿੱਤੀ। ਉਸ ਵੇਲੇ ਉਹਨਾਂ ਐਲਾਨ ਕੀਤਾ ਸੀ ਕਿ ਇਹ ਸੰਗਠਨ ਸਰਕਾਰੀ ਕਰਮਚਾਰੀਆਂ, ਅਧਿਕਾਰੀਆਂ ਦਾ ਹੋਣ ਕਰਕੇ ਰਾਜਨੀਤੀ ਵਿਚ ਕੋਈ ਹਿੱਸੇਦਾਰੀ ਨਹੀਂ ਕਰੇਗਾ। ਪਰ ਉਹਨਾਂ ਦੀ ਅਸਲੀ ਮਨਸ਼ਾ ਤਾਂ ਰਾਜਨੀਤੀ ਦੇ ਉਪਰ ਆਪਣੀ ਪਕੜ ਬਣਾਉਣਾ ਹੀ ਸੀ। ਇਸ ਸੰਗਠਨ ਨੂੰ ਅੱਗੇ ਵਧਾਉਣ ਲਈ ਉਹਨਾਂ ਆਰਥਿਕ ਮਦਦ ਦੇ ਰੂਪ ਵਿਚ ਹਰ ਬਣੇ ਮੈਂਬਰ ਨੂੰ ਆਪਣੀ ਤਨਖਾਹ ਵਿਚੋਂ ਇਕ ਪ੍ਰਤੀਸ਼ਤ ਦੇਣ ਦਾ ਵਾਅਦਾ ਕਰਨ ਲਈ ਪ੍ਰੇਰਿਤ ਕੀਤਾ ਤੇ ਇਸ ਤਰ੍ਹਾਂ ਉਹਨਾਂ ਦੇ ਦੁਆਰਾ ਬਣਾਏ ਗਏ ਨਵੇਂ ਸੰਗਠਨ ਨੂੰ ਸਾਲ ਵਿਚ ਢਾਈ ਕਰੋੜ ਰੁਪਏ ਮਿਲਣੇ ਸ਼ੁਰੂ ਹੋ ਗਏ। ਸੱਤਾ ਦੀ ਸੁਪਰੀਮ ਪਾਵਰ ਬਣਨ ਵਾਸਤੇ ਕਾਂਸ਼ੀ ਰਾਮ ਬਿਨਾਂ ਕਿਸੇ ਵੱਲ ਕਿਸੇ ਤੋਂ ਆਪਣੀ ਗੱਲ ਕਰਿਆ ਕਰਦੇ ਸਨ ਤੇ ਉਹ ਕਹਿੰਦੇ ਸਨ ਕਿ ''ਰਾਜਨੀਤੀ ਸੱਤਾ ਸੁਖ ਪ੍ਰਾਪਤ ਕਰਨ ਲਈ ਹੁੰਦੀ ਹੈ ਤੇ ਸੱਤਾ ਸੁਖ ਕਦੇ ਵੀ ਬਿਨਾਂ ਸੰਘਰਸ਼ ਤੋਂ ਨਹੀਂ ਮਿਲ ਸਕਦਾ। ਉਹ ਇਸ ਮੈਦਾਨ ਵਿਚ ਆਉਣ ਤੋਂ ਪਹਿਲਾਂ ਹੀ ਇਹ ਕਿਹਾ ਕਰਦੇ ਸਨ ਕਿ 15 ਪ੍ਰਤੀਸ਼ਤ ਸਵਰਨ 85 ਪ੍ਰਤੀਸ਼ਤ ਪੱਛੜੀ ਜਾਤੀਆਂ ਉਪਰ ਸ਼ਾਸਨ ਕਰਕੇ ਉਹਨਾਂ ਦਾ ਸ਼ੋਸ਼ਣ ਕਰਕੇ ਮਨੋਬਲ ਤੇ ਅਣਖ ਖਤਮ ਕਰ ਰਹੇ ਹਨ।

ਕਾਂਸ਼ੀ ਰਾਮ ਨੇ ਆਪਣੀ ਰਾਜਨੀਤਿਕ ਲਾਲਸਾ ਪੂਰੀ ਕਰਨ ਤੇ ਗਰੀਬ ਸਮਾਜ ਦੀ ਗਰੀਬੀ ਦੂਰ ਕਰਨ ਖਾਤਰ 1981 ਵਿਚ ਡੀ. ਐਸ. ਫੋਰ ਦਾ ਗਠਨ ਕਰ ਦਿੱਤਾ। ਇਸ ਸੰਗਠਨ ਦੇ ਬੈਨਰ ਹੇਠ ਉਹਨਾਂ ਨੇ 6 ਦਸੰਬਰ 1983 ਤੋਂ ਅੰਦੋਲਨਾਂ ਦੀ ਸ਼ੁਰੂਆਤ ਕਰ ਦਿੱਤੀ।

ਇਸ ਅੰਦੋਲਨ ਨੂੰ ਉਹਨਾਂ ਨੇ ਬਰਾਬਰ ਤੇ ਬਰਾਬਰਤਾ ਦੇ ਸੰਘਰਸ਼ ਦਾ ਨਾਮ ਦਿੱਤਾ। ਦੇਸ਼ ਦੇ ਹਰੇਕ ਕੋਨੇ, ਕੰਨਿਆ ਕੁਮਾਰੀ, ਕੋਹਿਮਾ, ਕਾਰਗਿਲ, ਪੁਰੀ ਤੇ ਪੋਰਬੰਦਰ ਤੋਂ ਉਹਨਾਂ ਨੇ ਦੋ ਦੋ ਦਿਨਾਂ ਦੇ ਵਕਫੇ ਦੌਰਾਨ ਸਾਈਕਲ ਯਾਤਰਾਵਾਂ ਦਾ ਆਯੋਜਨ ਕੀਤਾ। ਜਿਸ ਨਾਲ ਉਹਨਾਂ ਦਾ ਪੂਰੇ ਦੇਸ਼ ਵਿਚ ਪ੍ਰਚਾਰ ਹੋ ਗਿਆ।

ਇਸ ਨਾਲ ਕਾਂਸ਼ੀ ਰਾਮ ਦੁਆਰਾ ਚਲਾਏ ਜਾ ਰਹੇ ਸੰਘਰਸ਼ ਦੀ ਗੂੰਜ ਪੂਰੇ ਦੇਸ਼ ਵਿਚ ਗੂੰਜ ਦਿੱਤੀ। ਡਾ. ਅੰਬੇਦਕਰ ਨੇ ਇਕ ਸੁਸਾਇਟੀ ਬਣਾਈ ਸੀ ਸ਼ਡਿਊਲਡ ਕਾਸਟ ਫੈਡਰੇਸ਼ਨ ਆਫ ਅੰਬੇਦਕਰ। ਕਾਂਸ਼ੀ ਰਾਮ ਨੇ ਇਸੇ ਤਰਜ਼ ਉਤੇ ਡੀ. ਐਸ. ਫੋਰ ਦਾ ਗਠਨ ਕਰ ਦਿੱਤਾ।

ਇਹ ਹੀ ਨਹੀਂ ਅੰਬੇਦਕਰ ਦੁਆਰਾ ਬਣਾਈ 'ਬੁੱਧਿਸਟ ਸੁਸਾਇਟੀ ਆਫ ਇੰਡੀਆ ਸੁਸਾਇਟੀ' ਦੀ ਤਰਜ਼ ਤੇ 'ਬੁੱਧਿਸਟ ਰਿਸਰਚ ਸੈਂਟਰ' ਨਾਮ ਦੇ ਸੰਗਠਨ ਨੂੰ ਬਰਾਬਰ ਹੋਂਦ ਵਿਚ ਲਿਆਂਦਾ। ਇਸ ਵੇਲੇ ਹੀ ਲੱਗਭੱਗ ਉਹਨਾਂ ਨੇ 1981 ਵਿਚ 'ਬਹੁਜਨ ਸੰਗਠਕ' ਨਾਮੀ ਪੱਤਰਿਕਾ' ਨਾਂ ਦੀ ਅਖਬਾਰ ਵੀ ਕੱਢਣੀ ਸ਼ੁਰੂ ਕਰ ਦਿੱਤੀ। 13 ਭਾਸ਼ਾਵਾਂ ਵਿਚ ਛਪਣ ਵਾਲੀ ਇਸ ਅਖਬਾਰ ਦੇ ਕਾਂਸ਼ੀ ਰਾਮ ਖੁਦ ਹੀ ਸੰਪਾਦਕ ਸਨ। ਅਖੀਰ ਇਹ ਅਖਬਾਰ ਹੀ ਉਹਨਾਂ ਦੁਆਰਾ ਬਣਾਈ ਪਾਰਟੀ ਦੀ ਮੁੱਖ ਅਖਬਾਰ ਬਣ ਗਈ। 14 ਅਪ੍ਰੈਲ 1984 ਵਿਚ ਉਹਨਾਂ ਨੇ ਬਹੁਜਨ ਸਮਾਜ ਪਾਰਟੀ ਨਾਂ ਦੀ ਰਾਜਨੀਤਿਕ ਪਾਰਟੀ ਬਣਾਉਣ ਦਾ ਐਲਾਨ ਕਰ ਦਿੱਤਾ। ਬਹੁਜਨ ਸਮਾਜ ਪਾਰਟੀ ਬਣਾ ਕੇ ਉਹਨਾਂ ਨੇ ਡੀ. ਐਸ. ਫੋਰ ਨੂੰ ਵੀ ਇਸ ਵਿਚ ਹੀ ਮਿਲਾ ਦਿੱਤਾ। ਇਸ ਬਹੁਜਨ ਸਮਾਜ ਪਾਰਟੀ ਨੇ ਹਰ ਕੋਨੇ ਵਿਚ ਅਜਿਹੀ ਹਨੇਰੀ ਲਿਆਂਦੀ ਕਿ ਦੁਸ਼ਮਣ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਣੀ ਸ਼ੁਰੂ ਹੋ ਗਈ।



ਸਤਨਾਮ ਸਿੰਘ ਸਹੂੰਗੜ੍ਹਾ
94170-71532

ਇਸ ਨਾਲ ਗਰੀਬ ਸਮਾਜ ਦੀ ਗੱਲ ਹਰ ਗਲੀ-ਕੂਚੇ ਵਿਚ ਸ਼ੁਰੂ ਹੋ ਗਈ ਤੇ ਕਾਂਸ਼ੀ ਰਾਮ ਦੀ ਹਨੇਰੀ ਨੇ ਦੁਸ਼ਮਣ ਦੇ ਕਿੰਗਰੇ ਢਾਹੁਣੇ ਸ਼ੁਰੂ ਕਰ ਦਿੱਤੇ। ਤੇ ਪਹਿਲਾ ਕਿਲਾ ਉਤਰ ਪ੍ਰਦੇਸ਼ ਦੇ ਰੂਪ ਵਿਚ ਮਾਇਆਵਤੀ ਨੇ ਫਤਿਹ ਕੀਤਾ। ਪੰਜਾਬ ਵਿਚ ਜੋ ਆਸ ਕਾਂਸ਼ੀ ਰਾਮ ਨੇ ਜਗਾਈ ਸੀ, ਉਸ ਆਸ ਨੂੰ ਬੂਰ ਪੈਣ ਤੋਂ ਪਹਿਲਾਂ ਉਸਦੇ ਵਾਰਿਸ ਨੇਸਤੋ ਨਾਬੂਦ ਕਰਕੇ ਅੱਜ ਦੀ ਟੁੱਟੀ-ਫੁੱਟੀ ਬਹੁਜਨ ਸਮਾਜ ਪਾਰਟੀ ਦੇ ਰੂਪ ਵਿਚ ਖੜ੍ਹੀ ਕਰ ਦਿੱਤਾ। ਜਿਸ ਬਹੁਜਨ ਸਮਾਜ ਪਾਰਟੀ ਨੂੰ ਪੰਜਾਬ ਵਿਚ ਕਾਂਸ਼ੀ ਰਾਮ ਨੇ ਆਪਣੇ ਖੂਨ ਪਸੀਨੇ ਨਾਲ ਸਿੰਜਿਆ ਸੀ, ਉਸ ਬਹੁਜਨ ਸਮਾਜ ਪਾਰਟੀ ਵਿਚ ਲੋਕ ਆਉਣਾ ਵੀ ਆਪਣੀ ਬੇਇਜ਼ਤੀ ਸਮਝਦੇ ਹਨ ਤੇ ਜੋ ਇਸ ਵਿਚ ਹਨ, ਉਹ ਧੜਾਧੜ ਨਲਾਇਕ ਲੀਡਰਸ਼ਿਪ ਦੇ ਕਾਰਨ ਹੋਰ ਸੰਗਠਨਾਂ ਵੱਲ ਚਾਹੇ (ਕਿਸੇ ਵੀ ਲਾਲਚ ਵੱਸ) ਹੋਣ, ਵੱਲ ਜਾ ਰਹੇ ਹਨ।


ਜੇਕਰ ਪੰਜਾਬ ਦੀ ਮੌਜੂਦਾ ਲੀਡਰਸ਼ਿਪ ਹੀ ਇਸ ਤੇ ਕਾਬਜ ਰਹੀ ਤਾਂ ਜਲਦੀ ਹੀ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਨਕਸ਼ੇ ਵਿਚੋਂ ਸਦਾ ਲਈ ਅਲੋਪ ਹੋ ਜਾਵੇਗੀ ਤੇ ਇਕ ਦਿਨ ਕਾਂਸ਼ੀ ਰਾਮ ਦੀ ਰੂਹ ਵੀ ਤੜਫ ਤੜਫ ਕੇ ਇਹਨਾਂ ਨਲਾਇਕ ਲੀਡਰਾਂ ਨੂੰ ਲਾਹਨਤਾਂ ਪਾਵੇਗੀ।

ਖੁਸ਼ਖਬਰੀ ਕੈਲੇਫੋਰਨੀਆ ਵਿਚ ਰਹਿੰਦੇ ਕਲਾਕਾਰਾਂ ਲਈ ਖੁਸ਼ਖਬਰੀ ਖੁਸ਼ਖਬਰੀ

ARMAAN MUSIC PRODUCTION STUDIO

ਖੁੱਲ੍ਹ ਗਿਆ ਹੈ ਸਟਾਕਟਨ ਵਿਚ

ਹੁਣ ਇੰਡੀਆ ਜਾ ਕੇ ਆਪਣੀ ਸੀ ਡੀ ਦੀ ਰਿਕਾਰਡਿੰਗ ਕਰਵਾਉਣ ਦੀ ਬਜਾਏ AMP, Studio ਵਿਚ ਹੀ ਸਾਰਾ ਕੰਮ ਕਰ ਸਕਦੇ ਹੋ



ਸਾਡੇ ਕੋਲ ਪੂਰੇ ਹੈ ਹਾਈਟੈਕ Equipment ਅਸੀਂ PROTOOL, LOGIC ਤੇ ਰਿਕਾਰਡਿੰਗ ਕਰਦੇ ਹਾਂ।


ਹੋਰ ਜਾਣਕਾਰੀ ਲਈ ਸੰਪਰਕ ਕਰੋ

209-242-3642

Email:-
NEWZINDGI@GMAIL.COM

# ਵਿਸ਼ਵ 'ਚ ਛਾਈ ਖਤਰਨਾਕ ਬਿਮਾਰੀ 'ਇਬੋਲਾ'

## ਦੁਨੀਆਂ 'ਚ 15 ਵਾਰ ਹੋ ਚੁੱਕਾ ਹੈ ਇਸ ਬਿਮਾਰੀ ਦਾ ਹਮਲਾ, 90 ਫੀਸਦੀ ਬਿਮਾਰ ਲੋਕ ਜਾ ਚੁੱਕੇ ਹਨ ਮੌਤ ਦੇ ਮੂੰਹ 'ਚ, ਪੱਛਮੀ ਅਫਰੀਕੀ ਦੇਸ ਬਿਮਾਰੀ ਦੀ ਲਪੇਟ 'ਚ




ਲੰਡਨ-ਇਨ੍ਹੀਂ ਦਿਨੀਂ ਮਹਾਮਾਰੀ ਦਾ ਰੂਪ ਧਾਰ ਚੁੱਕੇ 'ਇਬੋਲਾ ਵਾਇਰਸ ਡਿਜ਼ੀਜ਼' (ਈ. ਵੀ. ਡੀ.) ਜਾਂ 'ਇਬੋਲਾ ਹੈਮੋਰੇਜਿਕ ਫੀਵਰ' (ਈ. ਐੱਚ. ਐੱਫ.) ਤੋਂ ਦੁਨੀਆ ਬੁਰੀ ਤਰ੍ਹਾਂ ਡਰ ਗਈ ਹੈ। 'ਇਬੋਲਾ' ਸਭ ਤੋਂ ਪਹਿਲਾਂ 1976 'ਚ ਸੂਡਾਨ ਤੇ ਕਾਂਗੋ 'ਚ ਇਕੋ ਸਮੇਂ 'ਤੇ ਫੈਲਿਆ ਸੀ।

ਉਦੋਂ ਤੋਂ ਦੁਨੀਆ 'ਚ 15 ਵਾਰ ਇਸ ਦਾ ਹਮਲਾ ਹੋ ਚੁੱਕਾ ਹੈ ਤੇ ਇਸ ਦੀ ਇਨਫੈਕਸ਼ਨ ਨਾਲ 90 ਫੀਸਦੀ ਲੋਕ ਮੌਤ ਦੇ ਮੂੰਹ 'ਚ ਜਾ ਚੁੱਕੇ ਹਨ। ਇਸ ਸਾਲ ਮਾਰਚ ਤੋਂ ਹੁਣ ਤਕ 932 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ 2000 ਲੋਕ ਅਜੇ ਵੀ ਇਸ ਇਨਫੈਕਸ਼ਨ ਤੋਂ ਪ੍ਰਭਾਵਿਤ ਹਨ।

ਇਸ ਸਮੇਂ ਸਿਰਫ ਪੱਛਮੀ ਅਫਰੀਕੀ ਦੇਸ਼ ਗਿੰਨੀ, ਸਿਅਰਾ ਲਿਓਨ ਅਤੇ ਲਾਇਬੇਰੀਆ ਇਸ ਦੀ ਲਪੇਟ 'ਚ ਹਨ ਪਰ ਤੇਜ਼ੀ ਨਾਲ ਫੈਲ ਰਿਹਾ ਇਹ ਮਹਾਰੋਗ ਨਾਈਜੀਰੀਆ ਨੂੰ ਵੀ ਆਪਣੀ ਲਪੇਟ 'ਚ ਲੈਣ ਤੋਂ ਬਾਅਦ ਹੁਣ ਉਸ ਤੋਂ ਅਗਾਂਹ ਵਾਲੇ ਦੇਸ਼ਾਂ ਵੱਲ ਵਧ ਰਿਹਾ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਇਸ ਰੋਗ ਦੀ ਸ਼ੁਰੂਆਤ ਇਸ ਵਾਰ ਗਿੰਨੀ ਤੋਂ ਹੋਈ ਹੈ, ਜਿਥੇ ਇਸ ਤੋਂ ਪਹਿਲਾਂ ਇਸ ਰੋਗ ਦਾ ਕੋਈ ਸੰਕੇਤ ਨਹੀਂ ਸੀ।

ਇਸ ਦਾ ਵਾਇਰਸ ਚਮਗਿੱਦੜ, ਬਾਂਦਰ ਤੇ ਸੂਰ ਦੀਆਂ ਅੰਤੜੀਆਂ 'ਚ ਪਾਇਆ ਜਾਂਦਾ ਹੈ। ਚਮਗਿੱਦੜ ਇਸ ਰੋਗ ਦੇ 'ਵਾਇਰਸ' ਦਾ ਵਾਹਕ ਹੋਣ ਦੇ ਬਾਵਜੂਦ ਖੁਦ ਇਸ ਦੇ 'ਵਾਇਰਸ' ਦੀ ਇਨਫੈਕਸ਼ਨ ਤੋਂ ਪ੍ਰਭਾਵਿਤ ਨਹੀਂ ਹੁੰਦਾ। ਇਸ ਦੀ ਇਨਫੈਕਸ਼ਨ ਨੂੰ ਮਨੁੱਖੀ ਸਰੀਰ 'ਚ ਫੈਲਣ ਵਿਚ 2 ਤੋਂ 21 ਦਿਨ ਲੱਗਦੇ ਹਨ। ਆਮ ਤੌਰ 'ਤੇ ਇਸ ਰੋਗ ਦੀ ਇਨਫੈਕਸ਼ਨ ਹੋਣ ਤੋਂ ਬਾਅਦ ਪੀੜਤ ਵਿਅਕਤੀ ਦੀ ਮੌਤ 'ਚ ਵੱਧ ਤੋਂ ਵੱਧ ਤਿੰਨ ਹਫਤਿਆਂ ਦਾ ਸਮਾਂ ਲੱਗਦਾ ਹੈ।

ਜਾਨਵਰਾਂ ਰਾਹੀਂ ਇਨਸਾਨਾਂ ਨੂੰ ਇਨਫੈਕਸ਼ਨ ਹੋਣ ਤੋਂ ਬਾਅਦ ਇਹ ਰੋਗ ਇਨਸਾਨਾਂ ਤੋਂ ਇਨਸਾਨਾਂ 'ਚ ਛੂਹਣ, ਪਸੀਨੇ, ਛਿੱਕਣ, ਵੀਰਜ ਅਤੇ ਖੂਨ ਦੇ ਜ਼ਰੀਏ ਫੈਲਦਾ ਹੈ। ਜਿਵੇਂ-ਜਿਵੇਂ ਇਸ ਦਾ 'ਵਾਇਰਸ' ਸਰੀਰ ਵਿਚ ਵਿਕਸਿਤ ਹੁੰਦਾ ਜਾਂਦਾ ਹੈ, ਚਮੜੀ 'ਤੇ ਛੋਟੇ-ਛੋਟੇ ਜਾਂ ਲਾਲ ਧੱਬੇ ਪੈਣ ਲੱਗਦੇ ਹਨ ਤੇ ਚਮੜੀ ਗਲਣ ਲੱਗਦੀ ਹੈ। ਗਲੇ ਤੇ ਅੱਖਾਂ 'ਚ ਜਲਨ, ਪੇਟ 'ਚ ਦਰਦ, ਉਲਟੀਆਂ, ਸਿਰਦਰਦ, ਥਕਾਵਟ, ਬੁਖਾਰ, ਮਾਸਪੇਸ਼ੀਆਂ 'ਚ ਬਹੁਤ ਜ਼ਿਆਦਾ ਦਰਦ ਹੋਣ ਲੱਗਦੀ ਹੈ।

ਰੋਗੀ ਬੇਹੱਦ ਕਮਜ਼ੋਰ ਹੋ ਜਾਂਦਾ ਹੈ, ਚਿੱਟੇ ਤੇ ਲਾਲ ਧੱਬੇ ਬਾਅਦ ਵਿਚ ਫਟਣ ਲੱਗਦੇ ਹਨ ਅਤੇ ਇਨ੍ਹਾਂ 'ਚੋਂ ਖੂਨ ਨਿਕਲਣ ਲੱਗਦਾ ਹੈ, ਜੀਭ ਬਾਹਰ ਲਟਕ ਜਾਂਦੀ ਹੈ ਜਾਂ ਗਲੇ ਵੱਲ ਮੁੜ ਜਾਂਦੀ ਹੈ ਤੇ ਇਸ ਦੀ ਉਪਰਲੀ ਸਤ੍ਹਾ ਬਿਲਕੁਲ ਲਾਲ ਹੋ ਜਾਂਦੀ ਹੈ।

'ਇਬੋਲਾ' ਤੋਂ ਪੀੜਤ ਰੋਗੀ ਦਾ ਸਭ ਤੋਂ ਦੁਖਦਾਈ ਪਲ ਉਹ ਹੁੰਦਾ ਹੈ, ਜਦੋਂ ਨਸਾਂ 'ਚ ਖੂਨ ਜੰਮਣ ਨਾਲ ਉਸ ਦਾ ਰੰਗ ਕਾਲਾ ਹੋਣ ਲੱਗਦਾ ਹੈ। ਜਿਗਰ, ਫੇਫੜੇ, ਦਿਮਾਗ ਅਤੇ ਅੰਤੜੀਆਂ ਸਮੇਤ ਕਈ ਅੰਗਾਂ ਤਕ ਖੂਨ ਦਾ ਪ੍ਰਵਾਹ ਰੁਕਣ ਕਾਰਨ ਇਹ ਕੰਮ ਕਰਨਾ ਬੰਦ ਕਰ ਦਿੰਦੇ ਹਨ ਤੇ ਆਖਿਰ 'ਚ ਰੋਗੀ ਦੀ ਮੌਤ ਹੋ ਜਾਂਦੀ ਹੈ। ਇਹ ਰੋਗ ਐੱਚ. ਆਈ. ਵੀ./ਏਡਜ਼ ਤੋਂ ਵੀ ਖਤਰਨਾਕ ਹੈ ਕਿਉਂਕਿ ਏਡਜ਼ ਵਾਇਰਸ ਦੇ ਫੈਲਣ 'ਚ ਤਾਂ ਤਿੰਨ ਹਫਤਿਆਂ ਤੋਂ ਤਿੰਨ ਮਹੀਨੇ ਅਤੇ ਐੱਚ. ਆਈ. ਵੀ. ਦੇ ਏਡਜ਼ ਵਿਚ ਬਦਲਣ 'ਚ 9 ਮਹੀਨਿਆਂ ਤੋਂ 20 ਸਾਲ ਤਕ ਦਾ ਸਮਾਂ ਲੱਗ ਜਾਂਦਾ ਹੈ, ਜਦਕਿ 'ਇਬੋਲਾ ਵਾਇਰਸ' ਬਹੁਤ ਘੱਟ ਮਿਆਦ 'ਚ ਰੋਗੀ ਨੂੰ ਇਨਫੈਕਸ਼ਨ ਕਰਕੇ ਮੌਤ ਦੇ ਮੂੰਹ 'ਚ ਪਹੁੰਚਾ ਦਿੰਦਾ ਹੈ। ਅਜੇ ਤਕ ਇਸ ਰੋਗ ਦਾ ਕੋਈ ਪੱਕਾ ਇਲਾਜ ਨਹੀਂ ਨਿਕਲਿਆ।

ਹੁਣ ਭਾਰਤ ਵਿਚ ਵੀ ਇਸ ਰੋਗ ਦਾ ਖਤਰਾ ਪੈਦਾ ਹੋ ਗਿਆ ਹੈ। 'ਇਬੋਲਾ' ਦੀ ਇਨਫੈਕਸ਼ਨ ਵਾਲੇ ਦੇਸ਼ਾਂ 'ਚ 44,700 ਭਾਰਤੀ ਰਹਿ ਰਹੇ ਹਨ। ਇਨ੍ਹਾਂ ਵਿਚੋਂ 300 ਸੀ. ਆਰ. ਪੀ. ਐੱਫ. ਦੇ ਅਧਿਕਾਰੀ ਹਨ, ਜੋ ਸੰਯੁਕਤ ਰਾਸ਼ਟਰ ਦੀ ਸ਼ਾਂਤੀ ਫੌਜ ਦੇ ਮੈਂਬਰਾਂ ਵਜੋਂ ਲਾਇਬੇਰੀਆ 'ਚ ਤਾਇਨਾਤ ਹਨ। ਭਾਰਤ ਵਿਚ ਇਸ ਤੋਂ ਬਚਾਅ ਲਈ ਸਰਕਾਰ ਕਈ ਕਦਮ ਚੁੱਕ ਰਹੀ ਹੈ। ਇਨ੍ਹਾਂ 'ਚ 'ਇਬੋਲਾ' ਤੋਂ ਪ੍ਰਭਾਵਿਤ ਦੇਸ਼ਾਂ ਤੋਂ ਆਏ ਮੁਸਾਫਿਰਾਂ ਦੀ ਹਵਾਈ ਅੱਡਿਆਂ 'ਤੇ ਡੂੰਘਾਈ ਨਾਲ ਸਿਹਤ ਸੰਬੰਧੀ ਜਾਂਚ, ਹਸਪਤਾਲਾਂ 'ਚ ਵੱਖਰੇ ਵਾਰਡ ਬਣਾਉਣਾ, ਡਾਕਟਰਾਂ ਨੂੰ ਇਲਾਜ ਸੰਬੰਧੀ ਪ੍ਰੋਟੋਕੋਲ ਦੀ ਜਾਣਕਾਰੀ ਦੇਣਾ ਤੇ ਇਨਫੈਕਸ਼ਨ ਵਾਲੇ ਦੇਸ਼ਾਂ ਦੀ ਬੇਲੋੜੀ ਯਾਤਰਾ 'ਤੇ ਰੋਕ ਲਗਾਉਣਾ ਆਦਿ ਸ਼ਾਮਲ ਹਨ।



ਪ੍ਰੋ. ਕਰਮਜੀਤ ਕੌਰ ਕਿਸ਼ਾਂਵਲ

# ਨਾਬਾਲਗ ਅਪਰਾਧੀਆਂ ਲਈ ਕਾਨੂੰਨ ਸਖ਼ਤ ਹੋਣ

ਨਾਬਾਲਗ ਅਪਰਾਧੀਆਂ ਦੇ ਸੰਬੰਧ ਵਿੱਚ ਭਾਰਤ ਦਾ ਜਾਗ੍ਰਿਤ ਤੇ ਬੌਧਿਕ ਤਬਕਾ ਜਿਸ ਜੁਵੇਨਾਈਲ ਜਸਟਿਸ ਐਕਟ ਵਿੱਚ ਸੋਧਾਂ ਕਰਨ ਦੀ ਮੰਗ ਕਰ ਰਿਹਾ ਸੀ, ਕੇਂਦਰ ਦੀ ਮੋਦੀ ਸਰਕਾਰ ਨੇ ਆਪਣੀ ਕੈਬਨਿਟ ਦੀ ਬੈਠਕ ਵਿੱਚ ਇਸ ਵਿੱਚ ਜ਼ਰੂਰੀ ਸੋਧਾਂ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਕੇਂਦਰੀ ਕੈਬਨਿਟ ਵੱਲੋਂ ਮਨਜ਼ੂਰ ਕੀਤੇ ਗਏ ਜੁਵੇਨਾਈਲ ਜਸਟਿਸ ਐਕਟ ਸੋਧ ਬਿੱਲ ਰਾਹੀਂ ਹੁਣ ਨਾਬਾਲਗ ਅਪਰਾਧੀਆਂ ਦੀ ਉਮਰ 18 ਸਾਲ ਤੋਂ ਘਟਾ ਕੇ 16 ਸਾਲ ਕਰ ਦਿੱਤੀ ਗਈ ਹੈ। ਅਰਥਾਤ ਹੁਣ ਉਨ੍ਹਾਂ 'ਤੇ ਅਪਰਾਧਾਂ ਦੇ ਮਾਮਲੇ 'ਚ ਵੱਡੇ ਅਪਰਾਧੀਆਂ ਦੀ ਤਰ੍ਹਾਂ ਭਾਰਤੀ ਕਾਨੂੰਨ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਹੋਵੇਗਾ, ਪਰ ਮੁਕੱਦਮਾ ਚਲਾਉਣ ਦਾ ਆਖ਼ਰੀ ਫ਼ੈਸਲਾ ਜੁਵੇਨਾਈਲ ਜਸਟਿਸ ਬੋਰਡ ਲਵੇਗਾ। ਪਰ ਹੈਰਾਨੀ ਇਸ ਗੱਲ ਦੀ ਹੈ ਕਿ ਇਸ ਸੋਧ ਬਿਲ ਵਿੱਚ ਨਾਬਾਲਗ ਅਪਰਾਧੀਆਂ ਨੂੰ ਉਮਰ ਕੈਦ ਜਾਂ ਫਾਂਸੀ ਦੀ ਸਜ਼ਾ ਦੇਣ ਦੀ ਕੋਈ ਮੱਦ ਨਹੀਂ ਹੈ। ਜਦ ਕਿ ਨਾਬਾਲਗ ਅਪਰਾਧੀਆਂ ਦੇ ਜੁਰਮਾਂ ਨੂੰ ਠੱਲ੍ਹ ਪਾਉਣ ਲਈ ਇਹ ਸਜ਼ਾਵਾਂ ਅਤਿਅੰਤ ਜ਼ਰੂਰੀ ਸਨ। ਪਰ ਇਸ ਨਵੇਂ ਬਿਲ ਅਨੁਸਾਰ ਗੰਭੀਰ ਅਪਰਾਧਾਂ ਦੇ ਮਾਮਲਿਆਂ ਵਿੱਚ ਨਾਬਾਲਗਾਂ 'ਤੇ ਬਾਲਗ ਅਪਰਾਧੀਆਂ ਦੀ ਤਰ੍ਹਾਂ ਮੁਕੱਦਮਾ ਚੱਲ ਸਕੇਗਾ। ਯਾਦ ਰਹੇ ਕਿ ਇਹ ਬਿਲ ਅਜੇ ਸੰਸਦ ਦੇ ਦੋਵਾਂ ਸਦਨਾਂ ਵਿੱਚ ਪਾਸ ਹੋਣਾ ਵੀ ਬਾਕੀ ਹੈ। ਇਸ ਸੋਧ ਬਿਲ 'ਬਹੁਚਰਚਿਤ ਨਿਰਭਯਾ ਗੈਂਗਰੇਪ ਕਾਂਡ' ਦੇ ਪਿਛੋਕੜ ਨਾਲ ਜੁੜਿਆ ਹੈ। ਦਸੰਬਰ 2012 'ਚ 23 ਸਾਲਾ ਫਿਜ਼ੀਓਥੈਰੇਪਿਸਟ ਵਿਦਿਆਰਥਣ ਦੇ ਨਾਲ ਕੀਤੇ ਗਏ ਉਸ ਸਮੂਹਿਕ ਬਲਾਤਕਾਰ ਵਿੱਚ ਇੱਕ ਅਜਿਹਾ ਨਾਬਾਲਿਗ ਦੋਸ਼ੀ ਵੀ ਸ਼ਾਮਲ ਸੀ, ਜਿਸ ਦੀ ਉਮਰ 17 ਸਾਲ ਸੀ। ਇਸ ਕਾਰਨ ਅਦਾਲਤ ਉਸ ਨੂੰ ਇਸ ਅਪਰਾਧ ਨਾਲ ਜੁੜੇ ਹੋਣ ਦੇ ਬਾਵਜੂਦ ਹੋਰਨਾਂ ਦੋਸ਼ੀਆਂ ਵਾਂਗ ਮੌਤ ਦੀ ਸਜ਼ਾ ਨਹੀਂ ਦੇ ਸਕੀ। ਸਾਡੇ ਵਰਤਮਾਨ ਕਾਨੂੰਨੀ ਨਿਯਮਾਂ ਅਨੁਸਾਰ 17 ਸਾਲ ਤੱਕ ਦੀ ਉਮਰ ਦੇ ਲੋਕਾਂ ਨੂੰ ਨਾਬਾਲਗ ਮੰਨਿਆ ਜਾਂਦਾ ਹੈ। ਇਸੇ ਕਾਨੂੰਨੀ ਨਿਯਮ ਤਹਿਤ ਉਸ ਨੂੰ ਤਿੰਨ ਸਾਲ ਲਈ ਸੁਧਾਰ ਘਰ 'ਚ ਭੇਜ ਦਿੱਤਾ ਗਿਆ। ਲੋਕਾਂ ਨੇ ਇਸ ਨਾਬਾਲਗ ਅਪਰਾਧੀ ਨੂੰ ਸਜ਼ਾ ਦਿਵਾਉਣ ਲਈ ਅੰਦੋਲਨ ਵੀ ਕੀਤਾ ਸੀ। ਇਸ ਤੋਂ ਇਲਾਵਾ ਭਾਜਪਾ ਨੇਤਾ ਸੁਬਰਾਮਨੀਅਮ ਸੁਆਮੀ ਨੇ ਸੁਪਰੀਮ ਕੋਰਟ ਵਿੱਚ ਇਸ ਕਾਨੂੰਨ ਖ਼ਿਲਾਫ਼ ਰਿਟ ਵੀ ਕੀਤੀ ਸੀ। ਕੋਰਟ ਨੇ ਇਸ ਸਾਲ ਮਾਰਚ ਵਿੱਚ ਇਸ ਅਰਜ਼ੀ ਨੂੰ ਖਾਰਜ ਕਰ ਦਿੱਤਾ ਸੀ। ਲੋਕਾਂ ਦੇ ਰੋਸ ਕਾਰਨ ਸਰਕਾਰ ਨੂੰ ਇਸ ਕਾਨੂੰਨ 'ਚ ਸੋਧ ਕਰਨ ਦੀ ਜ਼ਰੂਰਤ ਪੈ ਗਈ। ਪਰ ਸਰਕਾਰ ਨੂੰ ਇਹ ਸਮਝਣਾ ਪਵੇਗਾ ਕਿ ਕੀ ਸਿਰਫ਼ ਉਮਰ ਘਟਾ ਦੇਣ ਨਾਲ ਬਲਾਤਕਾਰਾਂ 'ਤੇ ਰੋਕ ਲੱਗ ਜਾਵੇਗੀ? ਦਰਅਸਲ ਸਮਾਜ ਦੇ ਜਿਸ ਖ਼ਤਰਨਾਕ ਮਾਹੌਲ ਕਾਰਨ ਬਲਾਤਕਾਰ ਦੀਆਂ ਵਾਰਦਾਤਾਂ ਵੱਧ ਰਹੀਆਂ ਹਨ, ਉਸ ਨੂੰ ਵੀ ਸੁਧਾਰਨ ਦੀ ਜ਼ਰੂਰਤ ਹੈ, ਨਹੀਂ ਤਾਂ ਇਸ ਕਾਨੂੰਨ ਵਿੱਚ ਸੋਧ ਵੀ ਬਲਾਤਕਾਰਾਂ 'ਤੇ ਨਕੇਲ ਨਹੀਂ ਕੱਸ ਸਕੇਗੀ। ਮਹਿਲਾ ਤੇ ਬਾਲ ਵਿਕਾਸ ਮੰਤਰੀ ਮੇਨਕਾ ਗਾਂਧੀ ਦਾ ਕਹਿਣਾ ਹੈ ਕਿ ਸਾਰੇ ਯੌਨ ਅਪਰਾਧੀਆਂ 'ਚੋਂ 50 ਫ਼ੀਸਦੀ ਅਪਰਾਧਾਂ ਦੇ ਦੋਸ਼ੀ 16 ਸਾਲ ਜਾਂ ਇਸੇ ਉਮਰ ਦੇ ਨੇੜੇ-ਤੇੜੇ ਦੇ ਹੁੰਦੇ ਹਨ ਅਤੇ ਜ਼ਿਆਦਾਤਰ ਦੋਸ਼ੀ ਨਾਬਾਲਗ ਨਿਆਂ ਕਾਨੂੰਨ ਦੇ ਨਿਯਮ ਬਾਰੇ ਜਾਣਦੇ ਹਨ।

ਇਸੇ ਕਰਕੇ ਉਨ੍ਹਾਂ ਨੂੰ ਕਾਨੂੰਨ ਦਾ ਜ਼ਿਆਦਾ ਡਰ ਨਹੀਂ ਹੁੰਦਾ। ਇਸ ਲਈ ਜੇਕਰ ਉਨ੍ਹਾਂ ਨੂੰ ਸਾਜ਼ਿਸ਼ ਤਹਿਤ ਹੱਤਿਆ ਅਤੇ ਬਲਾਤਕਾਰ ਵਰਗੇ ਗੰਭੀਰ ਅਪਰਾਧਾਂ ਲਈ ਵੱਡੀ ਉਮਰ ਦੇ ਦੋਸ਼ੀਆਂ ਵਾਂਗ ਸਜ਼ਾ ਮਿਲਣ ਲੱਗ ਜਾਵੇ, ਤਾਂ ਉਨ੍ਹਾਂ ਵਿੱਚ ਕਾਨੂੰਨ ਦਾ ਡਰ ਪੈਦਾ ਹੋਵੇਗਾ। ਜਦੋਂ ਕਾਨੂੰਨ ਦਾ ਡਰ ਪੈਦਾ ਹੋਵੇਗਾ, ਤਾਂ ਇਹ ਜੁਰਮ ਕਰਨ ਤੋਂ ਡਰਨਗੇ। ਉਂਝ ਵੀ ਭਾਰਤ ਵਿੱਚ ਨਾਬਾਲਗ ਵੱਲੋਂ ਕੀਤੇ ਅਪਰਾਧਾਂ ਦੇ ਜਿੰਨੇ ਮਾਮਲੇ ਦਰਜ ਹੁੰਦੇ ਹਨ, ਉਨ੍ਹਾਂ 'ਚੋਂ 64 ਫ਼ੀਸਦੀ 'ਚ ਦੋਸ਼ੀ 16 ਤੋਂ 18 ਸਾਲ ਦੀ ਉਮਰ ਦੇ ਨਾਬਾਲਗ ਹੀ ਹੁੰਦੇ ਹਨ। ਹਰ ਸਾਲ ਭਾਰਤ 'ਚ ਨਾਬਾਲਗਾਂ ਦੇ ਵਿਰੁੱਧ ਤਕਰੀਬਨ 34 ਹਜ਼ਾਰ ਮਾਮਲੇ ਦਰਜ ਹੋ ਰਹੇ ਹਨ, ਉਨ੍ਹਾਂ 'ਚੋਂ 22 ਹਜ਼ਾਰ ਮਾਮਲਿਆਂ 'ਚ ਦੋਸ਼ੀ 16 ਤੋਂ 18 ਸਾਲ ਦੇ ਹਨ। ਹਾਲਾਂਕਿ ਦੁਨੀਆਂ ਭਰ 'ਚ ਬਾਲਿਗ ਅਤੇ ਨਾਬਾਲਿਗਾਂ ਲਈ ਅਪਰਾਧਿਕ ਦੰਡ ਪ੍ਰਣਾਲੀ ਵੱਖ-ਵੱਖ ਹੈ, ਪਰ ਕਈ ਵਿਕਸਿਤ ਦੇਸਾਂ 'ਚ ਅਪਰਾਧ ਦੀ ਪ੍ਰਕਿਰਤੀ ਨੂੰ ਧਿਆਨ 'ਚ ਰੱਖਦੇ ਹੋਏ ਨਾਬਾਲਗ ਨਿਆਂ ਕਾਨੂੰਨ ਵਜੂਦ 'ਚ ਲਿਆਂਦੇ ਗਏ ਹਨ। ਕੋਈ ਨਾਬਾਲਗ ਜੇਕਰ ਹੱਤਿਆ ਅਤੇ ਬਲਾਤਕਾਰ ਵਰਗੇ ਅਪਰਾਧਾਂ 'ਚ ਸ਼ਮੂਲੀਅਤ ਹੁੰਦੀ ਹੈ, ਤਾਂ ਉਸ ਦੇ ਨਾਲ ਉਮਰ ਦੇ ਆਧਾਰ 'ਤੇ ਕੋਈ ਛੋਟ ਨਹੀਂ ਵਰਤੀ ਜਾਂਦੀ। ਕਈ ਦੇਸਾਂ 'ਚ ਨਾਬਾਲਿਗ ਦੀ ਉਮਰ ਵੀ 18 ਸਾਲ ਤੋਂ ਹੇਠਾਂ ਹੈ। ਅਸਲ ਵਿੱਚ ਨਾਬਾਲਗਾਂ ਦਾ ਨਵੀਂ ਸਦੀ ਵਿੱਚ ਜੁਰਮਾਂ 'ਚ ਵੱਡੀ ਪੱਧਰ 'ਤੇ ਸ਼ਾਮਲ ਹੋਣ ਦਾ ਕਾਰਨ ਸਾਡੀ ਖਪਤਕਾਰੀ ਸੱਭਿਅਤਾ ਹੈ ਜੋ ਮਨੁੱਖ ਨੂੰ ਸਮਾਜ, ਨੈਤਿਕਤਾ ਤੇ ਅਸੂਲਾਂ ਤੋਂ ਤੋੜ ਰਹੀ ਹੈ ਅਤੇ ਹੈਵਾਨ ਬਣਾ ਰਹੀ ਹੈ।ਅੱਜ ਦਾ ਸਾਮਾਜਿਕ ਖੁੱਲ੍ਹਾਪਣ ਅਤੇ ਵਿਸ਼ਵੀਕਰਨ ਦਾ ਵਰਤਾਰਾ ਨੌਜਵਾਨ ਪੀੜ੍ਹੀ ਨੂੰ ਵੀ ਭਰਮਾ ਰਿਹਾ ਹੈ।

ਇਹ ਬੱਚੇ ਛੋਟੀ ਉਮਰ ਵਿੱਚ ਹੀ ਅਸ਼ਲੀਲ ਸਾਹਿਤ ਪੜ੍ਹਨ ਅਤੇ ਫ਼ਿਲਮਾਂ ਦੇਖਣ ਲੱਗ ਜਾਂਦੇ ਹਨ, ਕਿਉਂਕਿ ਇਨ੍ਹਾਂ ਕੋਲ ਉੱਚ ਗੁਣਵੱਤਾ ਦੇ ਮੋਬਾਈਲ ਫੋਨ ਸਹਿਜ ਹੀ ਮੌਜੂਦ ਰਹਿੰਦੇ ਹਨ। ਇਸ ਕਾਰਨ ਉਹ ਇਹੋ ਜਿਹੇ ਜੁਰਮ ਦੀ ਦੁਨੀਆਂ ਵਿੱਚ ਪ੍ਰਵੇਸ਼ ਕਰ ਜਾਂਦੇ ਹਨ। ਲੋੜ ਹੈ ਕਿ ਨਾਬਾਲਗਾਂ ਲਈ ਅਧਿਆਪਕ ਮਾਂ-ਬਾਪ ਨੈਤਿਕਤਾ ਦਾ ਮਾਹੌਲ ਪੈਦਾ ਕਰਨ ਤੇ ਨਾਲ ਉਨ੍ਹਾਂ ਵਿੱਚ ਕਾਨੂੰਨ ਦਾ ਵੀ ਡਰ ਹੋਵੇ।

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਕਾਨੂੰਨ ਦਾ ਨਿਰਮਾਣ ਦੇਸ ਤੇ ਸਮਾਜ ਦੇ ਸੱਭਿਅਕ ਵਿਕਾਸ ਤੇ ਅਰਾਜਕਤਾ ਦੇ ਮਾਹੌਲ ਨੂੰ ਕੰਟਰੋਲ ਕਰਨ ਦੇ ਲਈ ਹੁੰਦਾ ਹੈ। ਪਰ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਬਣੇ ਕਾਨੂੰਨ ਵਿੱਚ ਵਰਤੀ ਗਈ ਜ਼ਰਾ ਜਿਹੀ ਛੁੱਟ ਕਿਸੇ ਅਪਰਾਧੀ ਲਈ ਸਹਾਇਕ ਸਿੱਧ ਹੁੰਦੀ ਹੈ ਅਤੇ ਉਹ ਉਸ ਦਾ ਫਾਇਦਾ ਉਠਾਉਂਦੇ ਹੋਏ ਸਮਾਜ ਤੇ ਸਰਕਾਰ ਦੇ ਲਈ ਦੋਹਰੀ ਮੁਸੀਬਤਾਂ ਖੜ੍ਹੀਆਂ ਕਰਦੇ ਦਿਖਾਈ ਦਿੰਦੇ ਹਨ। ਮੌਜੂਦਾ ਜੁਵੇਨਾਈਲ ਜਸਟਿਸ ਐਕਟ ਇਸ ਦਾ ਵੱਡਾ ਉਦਾਹਰਨ ਹੈ, ਜਿਸ ਦੀ ਆੜ ਵਿੱਚ ਅੱਜ ਸਮਾਜ ਵਿੱਚ ਹੱਤਿਆ, ਲੁੱਟ ਤੇ ਬਲਾਤਕਾਰ ਵਰਗੇ ਗੰਭੀਰ ਅਪਰਾਧ ਹੋ ਰਹੇ ਹਨ, ਪਰ ਸਖ਼ਤ ਕਾਨੂੰਨ ਹੋਣ ਕਾਰਨ ਅਪਰਾਧੀਆਂ ਨੂੰ ਸਖ਼ਤ ਸਜ਼ਾਵਾਂ ਨਹੀਂ ਹੋ ਰਹੀਆਂ ਤੇ ਨਾ ਹੀ ਸਮੇਂ ਸਿਰ ਇਨਸਾਫ਼ ਮਿਲ ਰਿਹਾ ਹੈ। ਗੰਭੀਰ ਅਪਰਾਧਾਂ ਦੇ ਮਾਮਲੇ ਅਦਾਲਤਾਂ ਵਿੱਚ ਲਟਕ ਰਹੇ ਹਨ। ਇਸ ਕਾਨੂੰਨ ਦੇ ਮੁਤਾਬਕ ਜੇਕਰ ਕਿਸੇ ਅਪਰਾਧੀ ਦੀ ਉਮਰ ਅਠਾਰ੍ਹਾਂ ਤੋਂ ਇੱਕ ਦਿਨ ਵੀ ਘੱਟ ਹੈ, ਤਾਂ ਬਲਾਤਕਾਰ ਅਪਰਾਧ ਦੇ ਬਾਵਜੂਦ ਨਾਬਾਲਿਗ ਹੋਣ ਕਾਰਨ ਉਸ ਦੀ ਪਛਾਣ ਜਨਤਕ ਨਹੀਂ ਕੀਤੀ ਜਾ ਸਕਦੀ ਤੇ ਉਸ ਦੇ ਖ਼ਿਲਾਫ਼ ਬਾਲਗ ਅਪਰਾਧੀਆਂ ਦੀ ਤਰ੍ਹਾਂ ਨਾ ਮੁਕੱਦਮਾ ਚੱਲੇਗਾ, ਨਾ ਜੇਲ੍ਹ ਵਿੱਚ ਰੱਖਿਆ ਜਾਵੇਗਾ। ਸੁਧਾਰ ਘਰ ਵਿੱਚ ਉਸ ਨੂੰ ਇਸ ਤਰ੍ਹਾਂ ਦੇ ਵਾਤਾਵਰਨ ਵਿੱਚ ਰੱਖਿਆ ਜਾਵੇਗਾ ਤਾਂ ਕਿ ਉਹ ਭਵਿੱਖ ਵਿੱਚ ਇਹ ਜ਼ਿੰਮੇਵਾਰ ਨਾਗਰਿਕ ਬਣ ਸਕਣ। ਪਰ ਇਸ ਛੋਟ ਕਾਰਨ ਨਾਬਾਲਗ ਵੱਡੇ ਅਪਰਾਧੀ ਬਣ ਰਹੇ ਹਨ। ਇਸ ਲਈ ਇਨ੍ਹਾਂ ਛੋਟਾਂ ਨੂੰ ਖ਼ਤਮ ਕਰਨ ਦੀ ਜ਼ਰੂਰਤ ਹੈ। ਨਾਬਾਲਗ ਅਪਰਾਧੀ ਨਾਲ ਵੀ ਉਹੋ ਜਿਹਾ ਵਿਹਾਰ ਹੋਣਾ ਚਾਹੀਦਾ ਹੈ, ਜਿਹੋ ਜਿਹਾ ਉਸ ਦਾ ਗੰਭੀਰ ਅਪਰਾਧ ਹੋਵੇ। ਪੀੜਤ ਨੂੰ ਤੁਰੰਤ ਇਨਸਾਫ਼ ਤੇ ਦੋਸ਼ੀ ਨੂੰ ਸਖਤ ਸਜ਼ਾ ਦਾ ਪ੍ਰਬੰਧ ਹੋਣਾ ਚਾਹੀਦਾ ਹੈ, ਤਾਂ ਹੀ ਅਜਿਹੇ ਜੁਰਮ ਘੱਟ ਸਕਦੇ ਹਨ।

# ਹਥਿਆਰਾਂ ਦੀ ਦੌੜ 'ਚ ਤਬਾਹੀ ਵੱਲ ਵਧ ਰਹੀ ਦੁਨੀਆਂ

ਪ੍ਰੋ. ਬਲਵਿੰਦਰਪਾਲ ਸਿੰਘ

98157-00916



ਅੱਜ ਪੂਰਾ ਵਿਸ਼ਵ ਜਿਸ ਅਜਮਾਇਸ਼ੀ ਦੌਰ ਵਿੱਚੋਂ ਗੁਜ਼ਰ ਰਿਹਾ ਹੈ ਅਤੇ ਹਰ ਪਾਸੇ ਨਫ਼ਰਤ ਤੇ ਅੱਤਵਾਦ ਦਾ ਵਾਤਾਵਰਨ ਛਾ ਰਿਹਾ ਹੈ, ਉਸ ਤੋਂ ਜਾਪਦਾ ਹੈ ਕਿ ਅਸੀਂ ਤਬਾਹੀ ਵੱਲ ਵੱਧ ਰਹੇ ਹਾਂ। ਜੇਕਰ ਅਜੋਕੀ ਸਥਿਤੀ 'ਤੇ ਨਜ਼ਰ ਮਾਰੀ ਜਾਵੇ, ਤਾਂ ਅਮਰੀਕਾ, ਚੀਨ ਸਮੇਤ ਕੁਝ ਯੂਰਪੀ ਦੇਸ ਜਿਨ੍ਹਾਂ ਨੀਤੀਆਂ 'ਤੇ ਚੱਲ ਰਹੇ ਹਨ, ਉਸ ਤੋਂ ਪਤਾ ਲੱਗਦਾ ਹੈ ਕਿ ਵਿਸ਼ਵ ਯੁੱਧ ਦੀਆਂ ਪ੍ਰਸਥਿਤੀਆਂ ਵਾਲੇ ਪੁਰਾਤਨ ਇਤਿਹਾਸ ਨੂੰ ਇੱਕ ਵਾਰ ਫਿਰ ਦੁਹਰਾਇਆ ਜਾ ਰਿਹਾ ਹੈ, ਜਿਨ੍ਹਾਂ ਦੀ ਰਚਨਾ 20ਵੀਂ ਸਦੀ ਦੇ ਮੁੱਢਲੇ ਦਹਾਕੇ 'ਚ ਬ੍ਰਿਟੇਨ, ਫਰਾਂਸ, ਜਾਪਾਨ ਅਤੇ ਜਰਮਨੀ ਨੇ ਕੀਤੀ ਸੀ। ਅੱਜ ਤਾਕਤਵਰ ਦੇਸਾਂ ਦੇ ਰਾਜ ਮੱਦ ਕਾਰਨ ਅੱਤਵਾਦ ਦੀ ਸਮੱਸਿਆ ਹੋਰ ਵੀ ਖ਼ਤਰਨਾਕ ਹੋ ਚੁੱਕੀ ਹੈ, ਜਿਸ ਨੇ ਇਰਾਕ, ਮੱਧ-ਪੂਰਬ ਦੇ ਜ਼ਿਆਦਾਤਰ ਦੇਸਾਂ, ਉੱਤਰੀ ਅਫ਼ਰੀਕੀ ਦੇਸਾਂ ਦੇ ਨਾਲ-ਨਾਲ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਨੂੰ ਵੀ ਆਪਣੇ ਚੱਕਰਵਿਊ ਵਿੱਚ ਫਸਾ ਲਿਆ ਹੈ। ਇਸ ਭਿਅੰਕਰ ਸਥਿਤੀ ਕਾਰਨ ਦੁਨੀਆਂ ਆਤਮ-ਹੱਤਿਆ ਵੱਲ ਵਧ ਰਹੀ ਹੈ। ਇਹ ਸਭ ਵਿਸ਼ਵ ਸ਼ਕਤੀ ਭਰਪੂਰ ਦੇਸਾਂ ਦੇ ਨਿੱਜੀ ਮੁਫਾਦਾਂ ਦੇ ਕਾਰਨ ਵਾਪਰ ਰਿਹਾ ਹੈ।

ਵਿਸ਼ਵੀਕਰਨ ਦੇ ਯੁੱਗ ਦੌਰਾਨ ਮਨੁੱਖਤਾ ਯੁੱਧ ਦੇ ਸੰਕਟ 'ਚ ਇਸ ਲਈ ਘਿਰਦੀ ਨਜ਼ਰ ਆ ਰਹੀ ਹੋਵੇ, ਕਿਉਂਕਿ ਦੁਨੀਆਂ ਦੇ ਸ਼ਕਤੀਸ਼ਾਲੀ ਦੇਸ ਕਦੇ ਸ਼ਾਂਤੀ ਅਤੇ ਕਦੇ ਲੋਕਤੰਤਰ ਦੇ ਨਾਂ 'ਤੇ ਆਜ਼ਾਦੀ ਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੇ ਹਨ। ਇਸ ਦ੍ਰਿਸ਼ਟੀ ਤੋਂ ਅਮਰੀਕਾ ਸਭ ਤੋਂ ਅੱਗੇ ਹੈ। ਅਮਰੀਕਾ ਕਾਰਨ ਹੀ ਪਾਕਿਸਤਾਨ, ਅਫ਼ਗਾਨਿਸਤਾਨ, ਇਰਾਕ ਤੇ ਹੋਰ ਅਰਬ ਦੇਸਾਂ ਵਿੱਚ ਅੱਤਵਾਦ ਪਸਰਿਆ ਹੈ, ਪਰ ਅੱਜ ਅਮਰੀਕਾ ਤੋਂ ਵੀ ਜ਼ਿਆਦਾ ਚਿੰਤਤ ਕਰਨ ਵਾਲੀਆਂ ਚੀਨ ਦੀਆਂ ਮਹੱਤਵਪੂਰਨ ਇੱਛਾਵਾਂ ਹਨ, ਜੋ ਹਥਿਆਰਾਂ ਦੀ ਅੰਨ੍ਹੀ ਦੌੜ ਵਿੱਚ ਸਭ ਲਈ ਚੈਲਿੰਜ ਬਣਿਆ ਹੋਇਆ ਹੈ। ਆਰਥਿਕ ਸ਼ਕਤੀ ਵਿੱਚ ਵੀ ਉਹ ਅਮਰੀਕਾ ਨੂੰ ਮਾਤ ਦੇ ਰਿਹਾ ਹੈ। ਯੂਰਪ ਵੀ ਇਸ ਤੋਂ ਬਚਿਆ ਨਹੀਂ ਹੈ ਤੇ ਉਹ ਵੀ ਅਮਰੀਕਾ ਦੇ ਨਾਲ ਖੜ੍ਹਾ ਹੈ। ਅੱਜ ਦੇ ਦੌਰ 'ਚ ਕੁਝ ਉਹੋ ਜਿਹੀਆਂ ਸਾਜ਼ਿਸ਼ਾਂ ਵਾਪਰ ਰਹੀਆਂ ਹਨ, ਜੋ ਪਹਿਲੇ ਵਿਸ਼ਵ ਯੁੱਧ ਦੇ ਪਹਿਲੇ ਬ੍ਰਿਟੇਨ, ਫਰਾਂਸ, ਜਰਮਨੀ ਅਤੇ ਜਾਪਾਨ ਰਾਹੀਂ ਵਾਪਰੀਆਂ ਸਨ। ਹੁਣ ਅਮਰੀਕਾ ਤੇ ਉਸ ਦੇ ਸਹਿਯੋਗੀਆਂ ਦੇ ਨਾਲ-ਨਾਲ ਚੀਨ ਤੇ ਰੂਸ ਦੇ ਧੜੇ ਬਣ ਰਹੇ ਹਨ। ਸਾਜ਼ਿਸ਼ਾਂ ਦਾ ਦੌਰ ਜਾਰੀ ਹੈ।

ਜੇਕਰ ਅੱਜ ਸਾਰੀ ਦੁਨੀਆਂ 'ਤੇ ਨਜ਼ਰ ਮਾਰੀ ਜਾਵੇ, ਤਾਂ ਹਥਿਆਰਾਂ ਨੂੰ ਇਕੱਠੇ ਕਰਨ ਦੀ ਦੌੜ ਪੁਰਾਤਨ ਸਮੇਂ ਤੋਂ ਜ਼ਿਆਦਾ ਵੱਧ ਚੁੱਕੀ ਹੈ। ਅੱਜ ਸਿਰਫ਼ ਤਾਕਤਵਰ ਦੇਸ ਹੀ ਨਹੀਂ, ਸਗੋਂ ਵਿਕਾਸਸ਼ੀਲ ਦੇਸ ਵੀ ਵੱਧ ਤੋਂ ਵੱਧ ਮਨੁੱਖਤਾ ਮਾਰੂ ਖ਼ਤਰਨਾਕ ਹਥਿਆਰ ਇਕੱਠੇ ਕਰਨ ਲਈ ਸਰਗਰਮ ਹਨ। ਪਰ ਇਨ੍ਹਾਂ ਦੇਸਾਂ ਦਾ ਧਿਆਨ ਆਪਣੇ ਅਵਾਮ ਦੀ ਸਿੱਖਿਆ, ਸਿਹਤ. ਵਾਤਾਵਰਨ, ਭੋਜਨ ਅਤੇ ਪਾਣੀ ਦੀ ਮੁੱਢਲੀਆਂ ਜ਼ਰੂਰਤਾਂ ਵੱਲ ਨਹੀਂ ਹੈ। ਇਤਿਹਾਸ ਗਵਾਹ ਹੈ ਕਿ ਵੀਹਵੀਂ ਸਦੀ ਦੇ ਸ਼ੁਰੂ 'ਚ ਪ੍ਰਮਾਣੂ ਹਥਿਆਰਾਂ ਨਾਲ ਲੈਸ ਤਾਕਤਵਰ ਦੇਸਾਂ ਨੇ ਪੂਰੀ ਦੁਨੀਆਂ 'ਤੇ ਕਬਜ਼ਾ ਜਮਾਉਣ ਦੀ ਲਾਲਸਾ ਨੇ ਪਹਿਲੇ ਵਿਸ਼ਵ ਯੁੱਧ ਨੂੰ ਜਨਮ ਦਿੱਤਾ ਸੀ। ਵਿਸ਼ਵ ਦੇ ਸਮੁੱਚੇ ਦੇਸ ਹਥਿਆਰ ਖ਼ਰੀਦਣ ਲਈ ਇੱਕ-ਦੂਸਰੇ ਨੂੰ ਪਛਾੜਦੇ ਨਜ਼ਰ ਆ ਰਹੇ ਹਨ। ਉਦਾਹਰਨ ਦੇ ਤੌਰ 'ਤੇ ਸਾਲ 2003 ਤੋਂ 2010 ਦੇ ਵਿਚਾਲੇ ਵਿਕਾਸਸ਼ੀਲ ਦੇਸਾਂ 'ਚ ਹਥਿਆਰਾਂ ਦੀ ਖ਼ਰੀਦ ਦੇ ਮਾਮਲੇ 'ਚ ਸਾਊਦੀ ਅਰਬ ਪਹਿਲੇ ਸਥਾਨ 'ਤੇ ਰਿਹਾ ਹੈ ਅਤੇ ਭਾਰਤ ਦੂਜੇ ਅਤੇ ਚੀਨ, ਮਿਸਰ ਅਤੇ ਇਜ਼ਰਾਈਲ ਉਸ ਤੋਂ ਬਾਅਦ। ਮਹੱਤਵਪੂਰਨ ਗੱਲ ਇਹ ਹੈ ਕਿ 2007 ਤੋਂ 2010 ਦੇ ਸਮੇਂ ਦੌਰਾਨ ਅਲਜੀਰੀਆ, ਬਹਿਰੀਨ, ਮਿਸਰ,ਇਰਾਨ. ਇਜਰਾਈਲ, ਜਾਰਡਨ, ਕੁਵੈਤ, ਲੈਬਨਾਨ, ਲੀਬੀਆ, ਮੋਰੱਕੋ, ਓਮਾਨ, ਕਤਰ, ਸਾਊਦੀ ਅਰਬ, ਸੀਰੀਆ, ਟਿਊਨੀਸ਼ੀਆ, ਯੂਨਾਈਟਿਡ ਅਰਬ ਅਮੀਰਾਤ ਅਤੇ ਯਮਨ ਆਉਂਦੇ ਹਨ ਜਿਨ੍ਹਾਂ ਨੇ ਖ਼ਤਰਨਾਕ ਹਥਿਆਰਾਂ ਦੀ ਖਰੀਦੋ-ਫਰੋਖ਼ਤ ਕਰਕੇ 51.3 ਪ੍ਰਤੀਸ਼ਤ (91.3 ਅਰਬ ਡਾਲਰ) ਦੇ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਹ ਉਹੀ ਖੇਤਰ ਹੈ ਜਿੱਥੇ ਜਾਸਮਿਨ ਕ੍ਰਾਂਤੀ ਹੋਈ ਤੇ ਇਸੇ ਖੇਤਰ ਵਿੱਚ ਅਲਕਾਇਦਾ ਇਸਲਾਮੀ ਮਗਰਿਬ, ਬੋਕੋ ਹਰਾਮ, ਅਲ-ਸ਼ਬਾਬ ਤੇ ਇਸਲਾਮਕ ਸਟੇਟ ਆਫ ਇਰਾਕ ਐਂਡ ਦਿ ਲੈਵੇਂਟ ਵਰਗੇ ਅੱਤਵਾਦੀ ਜੱਥੇਬੰਦੀਆਂ ਨੇ ਤਾਕਤ ਪ੍ਰਾਪਤ ਕੀਤੀ। ਅੱਜ ਇਹ ਸੰਗਠਨ ਦੁਨੀਆਂ ਦੀ ਵਿਵਸਥਾ ਨੂੰ ਚੁਣੌਤੀ ਦੇ ਰਹੇ ਹਨ ਤੇ ਵਿਸ਼ਵ ਯੁੱਧ ਦੀਆਂ ਸੰਭਾਵਨਾਵਾਂ ਪੈਦਾ ਕਰ ਰਹੇ ਹਨ। ਸਵਾਲ ਇਹ ਹੈ ਕਿ ਇਨ੍ਹਾਂ ਅੱਤਵਾਦੀ ਜੱਥੇਬੰਦੀਆਂ ਕੋਲ ਏਨੇ ਹਥਿਆਰ ਕਿੱਥੋਂ ਤੇ ਕਿਵੇਂ ਆਏ? ਇਹ ਉਹੀ ਸ਼ਕਤੀਸ਼ਾਲੀ ਦੇਸ ਹਨ, ਜੋ ਹਥਿਆਰਾਂ ਦੇ ਸੌਦਾਗਰ ਬਣੇ ਹੋਏ ਹਨ ਤੇ ਦੂਸਰੇ ਦੇਸਾਂ ਵਿੱਚ ਦਖ਼ਲਅੰਦਾਜ਼ੀ ਕਰਨਾ ਉਨ੍ਹਾਂ ਦਾ 'ਕਲਚਰ' ਹੈ। ਇਸੇ ਦਖ਼ਲਅੰਦਾਜ਼ੀ ਵਿੱਚੋਂ ਹੀ ਅੱਤਵਾਦ ਤੇ ਹਥਿਆਰਾਂ ਦੀ ਮਨੁੱਖਤਾ ਮਾਰੂ ਦੁਨੀਆਂ ਵਿਕਸਤ ਹੋਈ। ਇਸ ਸੰਬੰਧ ਵਿੱਚ ਅਮਰੀਕਾ ਦੀ ਦਖਲਅੰਦਾਜ਼ੀ ਇਸ ਸੰਬੰਧ ਵਿੱਚ ਪ੍ਰਤੱਖ ਉਦਾਹਰਨ ਹੈ। ਦੂਜੇ ਪਾਸੇ ਦੇਖੋ ਤਾਂ ਹਿਰੋਸ਼ਿਮਾ ਅਤੇ ਨਾਗਾਸਾਕੀ ਤੋਂ ਬਾਅਦ ਨਿਸ਼ਸਤਰੀਕਰਨ ਲਈ ਪ੍ਰਤੀਬੱਧਤਾ ਪ੍ਰਗਟਾਉਣ ਵਾਲੇ ਪਰਮਾਣੂ ਕਲੱਬ ਦੇ ਸਾਰੇ ਦੇਸਾਂ ਨੇ 1945 ਤੋਂ ਲੈ ਕੇ 1998 ਤੱਕ ਔਸਤਨ 38 ਜਾਂ 39 ਪਰਮਾਣੂ ਧਮਾਕਿਆਂ ਦੇ ਪ੍ਰਯੋਗ ਹਰ ਸਾਲ ਕੀਤੇ। ਇਸੇ ਦਾ ਨਤੀਜਾ ਹੈ ਕਿ ਦੁਨੀਆਂ ਇੱਕ ਪਾਸੇ ਹਥਿਆਰਾਂ ਦੇ ਖਾਤਮੇ ਅਤੇ ਸ਼ਾਂਤੀ ਦਾ ਰਾਗ ਗਾ ਰਹੀ, ਉੱਥੇ ਦੂਜੇ ਪਾਸੇ ਇੱਕ ਰਿਪੋਰਟ ਅਨੁਸਾਰ ਦੁਨੀਆਂ ਕੋਲ 23,000 ਜਾਂ ਇੱਕ ਹੋਰ ਰਿਪੋਰਟ ਅਨੁਸਾਰ 23,375 ਪਰਮਾਣੂ ਬੰਬ ਮੌਜੂਦ ਹਨ। ਸੁਆਲ ਇਹ ਉੱਠਦਾ ਹੈ ਕਿ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਹੀ ਖ਼ਤਰਨਾਕ ਹਥਿਆਰ ਖ਼ਤਮ ਕਰਨ ਦੇ ਯਤਨ ਸ਼ੁਰੂ ਹੋਏ, ਐਨਪੀਟੀ ਅਤੇ ਸੀਟੀਬੀਟੀ ਵਰਗੀਆਂ ਸੰਧੀਆਂ ਵੀ ਇਸੇ ਉਦੇਸ਼ ਨਾਲ ਲਿਆਂਦੀਆਂ ਗਈਆਂ। ਫਿਰ ਅਖੀਰ ਦੁਨੀਆਂ ਬਾਰੂਦ ਦੇ ਢੇਰ ਤੱਕ ਕਿਵੇਂ ਪਹੁੰਚ ਗਈ? ਇਹ ਸੁਆਲ ਉਦੋਂ ਹੋਰ ਮਹੱਤਵਪੂਰਨ ਹੋ ਜਾਂਦਾ ਹੈ, ਜਦੋਂ ਇਹ ਬੰਬ ਦੀ ਤਕਨੀਕ ਅਤੇ ਫਿਸਾਈਲ ਮਟੀਰੀਅਲ ਪੀ-5 ਦੇ ਦੇਸਾਂ ਕੋਲ ਹੀ ਹੋਵੇ। ਸਵਾਲ ਇਹ ਉੱਠਦਾ ਹੈ ਕਿ ਇਸ ਦਾ ਪਸਾਰ ਹੋਇਆ ਕਿਵੇਂ ਅਤੇ ਕਿਉਂ ਹੋਇਆ? ਪਾਕਿਸਤਾਨ, ਉੱਤਰ ਕੋਰੀਆ, ਇਰਾਨ ਪਰਮਾਣੂ ਪ੍ਰੋਗਰਾਮ ਨੂੰ ਵਿਕਸਤ ਕਰਨ 'ਚ ਸਫ਼ਲ ਕਿਵੇਂ ਹੋ ਗਏ?

ਫੈਡਰੇਸ਼ਨ ਆਫ ਅਮਰੀਕਨ ਸਾਇੰਟਿਸਟ ਵੱਲੋਂ ਜਾਰੀ ਇੱਕ ਰਿਪੋਰਟ ਅਨੁਸਾਰ ਵਰਲਡ ਦੇ ਨੌਂ ਦੇਸਾਂ ਕੋਲ ਕੁਲ 23,395 ਨਿਊਕਲੀਅਰ ਹਥਿਆਰ ਹਨ। ਰਿਪੋਰਟ 'ਚ ਇਹ ਵੀ ਦੱਸਿਆ ਗਿਆ ਹੈ ਕਿ ਪਾਕਿਸਤਾਨ ਦੇ ਨਿਊਕਲੀਅਰ ਹਥਿਆਰਾਂ ਦੀ ਗਿਣਤੀ ਹੁਣ ਭਾਰਤ ਦੇ ਨਿਊਕਲੀਅਰ ਭੰਡਾਰ ਤੋਂ ਵੱਧ ਹੈ। ਖ਼ੁਦ ਨੂੰ ਦੁਨੀਆਂ ਦਾ ਠਾਣੇਦਾਰ ਸਦਵਾਉਣ ਵਾਲਾ ਅਮਰੀਕਾ ਹੈਰਾਨੀਜਨਕ ਢੰਗ ਨਾਲ ਇਸ ਸੂਚੀ 'ਚ ਦੂਜੀ ਥਾਂ 'ਤੇ ਹੈ। ਰੂਸ ਦਾ ਪ੍ਰਮਾਣੂ ਜਖੀਰਾ 13,000 ਨਿਊਕਲੀਅਰ ਬੰਬਾਂ ਨਾਲ ਸਭ ਤੋਂ ਵੱਡਾ ਹੈ। ਅਮਰੀਕਾ ਕੋਲ 9400 ਨਿਊਕਲੀਅਰ ਹਥਿਆਰ ਹਨ। ਚੀਨ ਕੋਲ 300 ਨਿਊਕਲੀਅਰ ਹਥਿਆਰ ਹਨ ਤੇ ਉਹ ਤੀਜੀ ਥਾਂ 'ਤੇ ਹੈ। 240 ਨਿਊਕਲੀਅਰ ਹਥਿਆਰਾਂ ਨਾਲ ਫਰਾਂਸ ਚੌਥੀ ਥਾਂ 'ਤੇ ਹੈ। ਜਦਕਿ ਬ੍ਰਿਟੇਨ ਪੰਜਵੀਂ ਥਾਂ 'ਤੇ ਹੈ ਅਤੇ ਉਸ ਕੋਲ 185 ਨਿਊਕਲੀਅਰ ਹਥਿਆਰ ਹਨ। ਇਸ ਤਰ੍ਹਾਂ ਸੁਰੱਖਿਆ ਪ੍ਰੀਸ਼ਦ

(ਬਾਕੀ ਸਫਾ 17 ਤੇ)

## ਇਤਿਹਾਸ ਦੇ ਝਰੋਖੇ 'ਚੋਂ

# ਇਤਿਹਾਸ ਬਣਾਉਣ ਦੀ ਚਾਹਤ ਰੱਖਣ ਵਾਲਿਆਂ ਨੂੰ ਇਤਿਹਾਸ ਤੋਂ ਸਿੱਖਿਆ ਲੈਣੀ ਜ਼ਰੂਰੀ ਹੈ: ਕਾਂਸ਼ੀ ਰਾਮ

ਬਹੁਜਨ ਸਮਾਜ ਜਿਸਨੂੰ ਕਿ ਸਦੀਆਂ ਤੋਂ ਬ੍ਰਾਹਮਣਵਾਦੀ ਸਮਾਜ ਵਿਵਸਥਾ ਦੇ ਤਹਿਤ ਦਬਾਇਆ ਗਿਆ ਹੈ, ਉਸਦਾ ਸ਼ੋਸ਼ਣ ਕੀਤਾ ਗਿਆ ਹੈ ਅਤੇ ਜੀਵਨ ਦੇ ਹਰ ਖੇਤਰ ਵਿਚ ਪਛਾੜਿਆ ਗਿਆ ਹੈ। ਅੱਜ ਉਸ ਨੂੰ ਜਰੂਰਤ ਇਸ ਗੱਲ ਦੀ ਹੈ ਕਿ ਉਹ ਆਪਣੇ ਮਹਾਂਪੁਰਸ਼ਾਂ ਦੁਆਰਾ ਇਸ ਸੜੀ ਹੋਈ ਮਨੂੰਵਾਦੀ ਸਮਾਜਿਕ ਵਿਵਸਥਾ ਦੇ ਖਿਲਾਫ ਸਮੇਂ-ਸਮੇਂ ਤੇ ਛੇੜੇ ਗਏ ਸੰਘਰਸ਼ਾਂ ਦੇ ਬਾਰੇ ਜਾਨਣ ਦੀ ਕੋਸ਼ਿਸ਼ ਕਰੇ ਅਤੇ ਉਹਨਾਂ ਦੇ ਸੰਘਰਸ਼, ਸਫਲਤਾਵਾਂ-ਅਸਫਲਤਾਵਾਂ ਤੋਂ ਸਬਕ ਸਿੱਖਦੇ ਹੋਏ ਆਪਣੇ ਸੰਘਰਸ਼ ਨੂੰ ਅੱਗੇ ਵਧਾਵੇ। ਜੋ ਲੋਕ ਅੱਜ ਇਕ ਨਵੇਂ ਇਤਿਹਾਸ ਦੇ ਨਿਰਮਾਣ ਦਾ ਟੀਚਾ ਲੈ ਕੇ ਨਿਕਲੇ ਹਨ, ਉਹਨਾਂ ਦੇ ਲਈ ਇਹ ਜ਼ਰੂਰੀ ਹੈ ਕਿ ਉਹ ਅਸਲੀ ਇਤਿਹਾਸ ਦੇ ਬਾਰੇ ਜਾਣਕਾਰੀ ਹਾਸਲ ਕਰਨ ਅਤੇ ਉਸ ਤੋਂ ਸਿੱਖਿਆ ਲੈਂਦੇ ਹੋਏ ਆਪਣੇ ਸੰਘਰਸ਼ਾਂ ਅਤੇ ਟੀਚੇ ਨੂੰ ਦਿਸ਼ਾ ਦੇਣ।

ਇਹ ਗੱਲਾਂ ਬਹੁਜਨ ਸਮਾਜ ਪਾਰਟੀ ਦੇ ਕੌਮੀ ਪ੍ਰਧਾਨ ਮਾਣਯੋਗ ਕਾਂਸ਼ੀ ਰਾਮ ਨੇ 27 ਮਈ 1999 ਨੂੰ ਦਿੱਲੀ ਦੇ ਆਈ. ਐਸ. ਆਈ. ਹਾਲ ਵਿਚ ਪਹਿਲੀ ਦਲਿਤ ਹਿਸਟਰੀ ਕਾਂਗਰਸ ਦਾ ਉਦਘਾਟਨ ਹੋਏ ਕਹੀਆਂ ਸਨ। ਇਸ ਹਿਸਟਰੀ ਕਾਂਗਰਸ ਦਾ ਆਯੋਜਨ ਦਲਿਤ-ਬਹੁਜਨ ਇੰਟਲੈਕਚੁਅਲ ਫੋਰਮ ਦੇ ਤਹਿਤ ਕੀਤਾ ਗਿਆ ਸੀ। ਇਸ ਪ੍ਰੋਗਰਾਮ ਵਿਚ ਸ੍ਰੀ ਕਾਂਸ਼ੀ ਰਾਮ ਜੀ ਨੂੰ ਮੁੱਖ ਮਹਿਮਾਨ ਵਜੋਂ ਸੱਦਿਆ ਗਿਆ ਸੀ। 27 ਅਤੇ 28 ਮਾਰਚ ਨੂੰ ਹੋਏ ਇਸ ਦੋ ਦਿਨਾਂ ਪ੍ਰੋਗਰਾਮ ਵਿਚ ਪੂਰੇ ਭਾਰਤ ਤੋਂ ਆਏ ਲੱਗਭੱਗ 350 ਬਹੁਜਨ ਸਮਾਜ ਦੇ ਬੁੱਧੀਜੀਵੀਆਂ, ਇਤਿਹਾਸਕਾਰਾਂ ਅਤੇ ਸਿੱਖਿਆ ਸ਼ਾਸਤਰੀਆਂ ਨੇ ਭਾਗ ਲਿਆ ਸੀ। ਇਸ ਹਿਸਟਰੀ ਕਾਂਗਰਸ ਵਿਚ ਵੱਖ ਵੱਖ ਬਹੁਜਨ ਇਤਿਹਾਸਕਾਰਾਂ ਦੁਆਰਾ ਭਾਰਤ ਦੇ ਇਤਿਹਾਸ ਵਿਸ਼ੇਸ਼ ਕਰਕੇ ਸਮਾਜਿਕ ਵਿਵਸਥਾ ਦੇ ਸੰਦਰਭ ਵਿਚ ਕਈ ਖੋਜ ਪੱਤਰ ਪੇਸ਼ ਕੀਤੇ ਗਏ ਅਤੇ ਉਹਨਾਂ ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਸੀ।

ਇਸ ਇਤਿਹਾਸਕ ਕਾਂਗਰਸ ਦੇ ਉਦਘਾਟਨ ਦੇ ਵਕਤ ਮੁੱਖ ਮਹਿਮਾਨ ਦੇ ਰੂਪ ਵਿਚ ਸ੍ਰੀ ਕਾਂਸ਼ੀ ਰਾਮ ਨੇ ਸੰਬੋਧਿਤ ਕਰਦਿਆਂ ਕਿਹਾ ਸੀ ਕਿ ਅੱਜ ਇੱਥੇ ਸਮਾਜ ਦੇ ਦੱਬੇ-ਕੁਚਲੇ ਅਤੇ ਸ਼ੋਸ਼ਿਤ ਵਰਗ ਦੀਆਂ ਤਕਲੀਫਾਂ ਅਤੇ ਹੋਰ ਸਮੱਸਿਆਵਾਂ ਤੇ ਗੌਰ ਕਰਨ ਦੇ ਲਈ ਇਕੱਠੇ ਹੋਏ ਹਾਂ, ਜਿਸ ਵਰਗ ਦੇ ਲੋਕਾਂ ਨੂੰ ਸੈਂਕੜੇ ਸਾਲਾਂ ਤੋਂ ਇਸ ਦੇਸ਼ ਦੀ ਗੈਰ-ਬਰਾਬਰੀ ਦੇ ਸਿਧਾਂਤ ਨੂੰ ਮੰਨਣ ਵਾਲੀ ਅਤੇ ਉਸ ਤੇ ਅਮਲ ਕਰਨ ਵਾਲੀ ਮਨੂੰਵਾਦੀ ਸਮਾਜਿਕ ਵਿਵਸਥਾ ਦੇ ਤਹਿਤ ਦਬਾਇਆ ਗਿਆ, ਪਛਾੜਿਆ ਗਿਆ, ਅਪਮਾਨਿਤ ਕੀਤਾ ਗਿਆ ਹੈ। ਇਹਨਾਂ ਲੋਕਾਂ ਨੂੰ ਸਿੱਖਿਆ ਤੋਂ ਦੂਰ ਰੱਖਿਆ ਗਿਆ, ਜਿਸ ਕਰਕੇ ਇਹ ਲੋਕ ਆਪਣੇ ਇਤਿਹਾਸ ਨੂੰ ਜਾਨਣ ਅਤੇ ਸਮਝਣ ਵਿਚ ਅਸਮਰੱਥ ਰਹੇ ਅਤੇ ਇਸ ਦੇ ਨਾਲ ਹੀ ਇਤਿਹਾਸ ਦੇ ਨਿਰਮਾਣ ਦੇ ਕੰਮ ਵਿਚ ਵੀ ਆਪਣਾ ਯੋਗਦਾਨ ਨਹੀਂ ਪਾ ਸਕੇ। ਅਜਿਹਾ ਸੈਂਕੜੇ ਸਾਲਾਂ ਤੱਕ ਜਾਰੀ ਰਿਹਾ। ਪਰ ਮਹਾਤਮਾ ਫੂਲੇ ਨੇ ਇਸ ਮਨੂੰਵਾਦੀ ਸਮਾਜ ਵਿਵਸਥਾ ਦੇ ਵਿਰੁੱਧ ਵਿਦਰੋਹ ਕਰਦੇ ਹੋਏ ਖੁਦ ਨੂੰ ਸਿੱਖਿਅਤ ਕੀਤਾ ਅਤੇ ਸੂਦਰ ਅਤੇ ਅਤੀ-ਸੂਦਰ ਸਮਾਜ ਦੇ ਲੋਕਾਂ ਦੀ ਸਿੱਖਿਆ ਦੇ ਬਾਰੇ ਸੋਚਣਾ ਆਰੰਭ ਕੀਤਾ। ਇਹਨਾਂ ਲੋਕਾਂ ਨੂੰ ਅੱਜ ਅਸੀਂ ਦਲਿਤ-ਬਹੁਜਨ ਸਮਾਜ ਦੇ ਨਾਂ ਨਾਲ ਜਾਣਦੇ ਹਾਂ। ਮਹਾਤਮਾ ਫੂਲੇ ਦੀਆਂ ਕੋਸ਼ਿਸ਼ਾਂ ਦੇ ਕਾਰਨ ਹੀ ਬ੍ਰਿਟਿਸ਼ ਸ਼ਾਸਨ ਦੇ ਦੌਰਾਨ ਸਮਾਜ ਦੇ ਸ਼ੋਸ਼ਿਤ ਅਤੇ ਦੱਬੇ ਕੁਚਲੇ ਲੋਕਾਂ ਨੂੰ ਸਿੱਖਿਅਤ ਕਰਨ ਦੀ ਮੁਹਿੰਮ ਆਰੰਭ ਕੀਤੀ ਗਈ। ਜਦੋਂ ਮੈਂ ਦੱਬੇ-ਕੁਚਲੇ ਸਮਾਜ ਦੀ ਸਿੱਖਿਆ ਦੇ ਬਾਰੇ ਸੋਚਦਾ ਹਾਂ ਤਾਂ ਮੈਨੂੰ ਇਹੀ ਲੱਗਦਾ ਹੈ ਕਿ ਬ੍ਰਿਟਿਸ਼ ਸ਼ਾਸਨ ਦੇ ਕਾਰਨ ਹੀ ਇਹਨਾਂ ਵਰਗਾਂ ਦੀ ਸਿੱਖਿਆ ਦੀ ਦਿਸ਼ਾ ਵਿਚ ਕੋਸ਼ਿਸ਼ਾਂ ਆਰੰਭ ਹੋ ਸਕੀਆਂ। ਉਹਨਾਂ ਦੇ ਕਾਰਨ ਇਹ ਸੰਭਵ ਹੋ ਸਕਿਆ ਕਿ ਜਯੋਤਿਬਾ ਫੂਲੇ ਵਰਗੇ ਸੂਦਰ ਸਮਾਜ ਦੇ ਲੋਕ ਸਕੂਲ ਜਾਣ ਅਤੇ ਸਿੱਖਿਆ ਪ੍ਰਾਪਤ ਕਰਨ ਵਿਚ ਸਫਲ ਹੋ ਗਏ। ਮਹਾਤਮਾ ਫੂਲੇ ਤੋਂ ਬਾਅਦ ਪੂਰੇ ਭਾਰਤ ਵਿਚ ਹੀ ਸੂਦਰ ਅਤੇ ਅਤੀ-ਸੂਦਰ ਸਮਾਜ ਦੇ ਲੋਕਾਂ ਦੇ ਲਈ ਸਿੱਖਿਆ ਦੇ ਦਰਵਾਜ਼ੇ ਖੁੱਲ੍ਹਣੇ ਆਰੰਭ ਹੋ ਗਏ। ਇਹ ਇਸ ਕਰਕੇ ਸੰਭਵ ਹੋ ਸਕਿਆ ਕਿਉਂਕਿ ਉਸ ਸਮੇਂ ਭਾਰਤ ਵਿਚ ਅੰਗਰੇਜ਼ਾਂ ਦਾ ਰਾਜ ਸੀ।

ਹਾਲਾਂਕਿ ਉਸ ਸਮੇਂ ਵੀ ਮਨੂੰਵਾਦੀ ਸਮਾਜ ਦੇ ਲੋਕ ਸ਼ੂਦਰ ਅਤੇ ਅਤੀ ਸ਼ੂਦਰ ਵਰਗਾਂ ਦੇ ਲੋਕਾਂ ਨੂੰ ਸਿੱਖਿਆ ਦਿੱਤੇ ਜਾਣ ਦਾ ਘੋਰ ਵਿਰੋਧ ਕਰ ਰਹੇ ਸਨ। ਮਹਾਤਮਾ ਫੂਲੇ ਨੇ ਸ਼ੂਦਰਾਂ ਅਤੇ ਅਤੀ ਸ਼ੂਦਰਾਂ ਦੀ ਸਿੱਖਿਆ ਦੇ ਲਈ ਜਿਸ ਮੂਵਮੈਂਟ ਦੀ ਬੁਨਿਆਦ ਰੱਖੀ, ਉਸ ਨੂੰ 20ਵੀਂ ਸਦੀ ਦੇ ਸ਼ੁਰੂ ਵਿਚ ਛਤਰ-ਪਤੀ ਸ਼ਾਹੂ ਜੀ ਮਹਾਰਾਜ ਨੇ ਅੱਗੇ ਵਧਾਇਆ। ਮਨੂੰਵਾਦੀ ਸਮਾਜ ਦੁਆਰਾ ਸ਼ੋਸ਼ਿਤ ਵਰਗਾਂ ਨੂੰ ਸਿੱਖਿਆ ਦਿੱਤੇ ਜਾਣ ਦੀਆਂ ਕੋਸ਼ਿਸ਼ਾਂ ਦੇ ਘੋਰ ਵਿਰੋਧ ਅਤੇ ਸਾਜ਼ਿਸ਼ਾਂ ਦੇ ਬਾਵਜੂਦ ਛਤਰਪਤੀ ਸ਼ਾਹੂ ਜੀ ਮਹਾਰਾਜ ਨੇ ਇਹਨਾਂ ਵਰਗਾਂ ਨੂੰ ਸਿੱਖਿਅਤ ਕਰਨ ਦੇ ਲਈ ਕਈ ਸਕੂਲ ਖੋਲ੍ਹੇ ਅਤੇ ਇਸ ਵਰਗ ਦੇ ਵਿਦਿਆਰਥੀਆਂ ਦੇ ਰਹਿਣ ਦੇ ਲਈ ਹੋਸਟਲਾਂ ਦਾ ਨਿਰਮਾਣ ਕਰਵਾਇਆ। ਛਤਰਪਤੀ ਸ਼ਾਹੂ ਜੀ ਮਹਾਰਾਜ ਦਾ ਰਾਜ ਤਿੰਨ ਜ਼ਿਲ੍ਹਿਆਂ ਤੱਕ ਫੈਲਿਆ ਸੀ। ਆਪਣੇ ਰਾਜ ਵਿਚ ਉਹਨਾਂ ਨੇ ਦਲਿਤ ਸ਼ੋਸ਼ਿਤ ਸਮਾਜ ਦੇ ਸਿੱਖਿਅਤ ਵਿਅਕਤੀਆਂ ਨੂੰ ਨੌਕਰੀਆਂ ਵਿਚ 50 ਪ੍ਰਤੀਸ਼ਤ ਰਿਜ਼ਰਵੇਸ਼ਨ ਦੀ ਵਿਵਸਥਾ 26 ਜੁਲਾਈ 1902 ਵਿਚ ਕੀਤੀ। ਹਾਲਾਂਕਿ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਦਲਿਤ-ਸ਼ੋਸ਼ਿਤ ਵਰਗਾਂ ਦੇ ਉਹ ਲੋਕ ਜੋ ਕਿ ਅੱਜ ਪੜ੍ਹ ਲਿਖ ਕੇ ਕਾਫੀ ਅੱਗੇ ਵੱਧ ਗਏ ਹਨ, ਉਹ ਵੀ ਇਹਨਾਂ ਮਹਾਂਪੁਰਸ਼ਾਂ ਦੁਆਰਾ ਉਹਨਾਂ ਦੇ ਆਪਣੇ ਹਿਤ ਵਿਚ ਕੀਤੇ ਗਏ ਕੰਮਾਂ ਤੋਂ ਅਣਜਾਣ ਹਨ। ਮੇਰੇ ਵਿਚਾਰ ਵਿਚ ਉਹਨਾਂ ਦੇ ਲਈ ਇਹ ਜਾਨਣਾ ਅਤੇ ਸਮਝਣਾ ਬਹੁਤ ਜ਼ਰੂਰੀ ਹੈ ਕਿ ਉਹਨਾਂ ਦੇ ਸਮਾਜ ਦੇ ਕਿਹੜੇ ਮਹਾਂਪੁਰਸ਼ਾਂ ਦੇ ਸੰਘਰਸ਼ਾਂ ਦੇ ਕਾਰਨ ਅੱਜ ਇਹ ਲੋਕ ਸਿੱਖਿਆ ਪ੍ਰਾਪਤ ਕਰਕੇ ਜੀਵਨ ਦੇ ਹਰ ਖੇਤਰ ਵਿਚ ਅੱਗੇ ਵੱਧ ਸਕੇ ਹਨ। ਕੱਲ੍ਹ ਮੈਂ ਕੋਹਲਾਪੁਰ ਜਾ ਰਿਹਾ ਹਾਂ। ਇਸੇ ਦਿਨ ਛਤਰਪਤੀ ਸ਼ਾਹੂ ਜੀ ਮਹਾਰਾਜ ਨੇ ਬਾਬਾ ਸਾਹਿਬ ਅੰਬੇਦਕਰ ਨੂੰ ਦਲਿਤ ਸ਼ੋਸ਼ਿਤ ਸਮਾਜ ਦੇ ਸਾਹਮਣੇ ਉਹਨਾਂ ਦੀ ਗੱਲ ਨੂੰ ਅੱਗੇ ਵਧਾਉਣ ਦੀ ਲੋੜ ਹੈ। ਕੋਹਲਾਪੁਰ ਵਿਚ ਕੁਝ ਲੋਕ ਇਸ ਇਤਿਹਾਸਕ ਘਟਨਾ ਦੀ ਯਾਦ ਵਿਚ ਇਕ ਪ੍ਰੋਗਰਾਮ ਆਯੋਜਿਤ ਕਰ ਰਹੇ ਹਨ ਅਤੇ ਉਹਨਾਂ ਨੇ ਇਹਨਾਂ ਪ੍ਰੋਗਰਾਮ ਵਿਚ ਮੈਨੂੰ ਸੱਦਾ ਦਿੱਤਾ ਹੈ।

ਮੈਂ ਸਮਝਦਾ ਹਾਂ ਕਿ ਅੱਜ ਸਿੱਖਿਆ ਅਤੇ ਪ੍ਰਸ਼ਾਸਨ ਵਿਚ ਹਿੱਸੇਦਾਰੀ ਦੇ ਮਾਮਲੇ ਵਿਚ ਅਸੀਂ ਜਿੱਥੋਂ ਤੱਕ ਪਹੁੰਚੇ ਹਾਂ, ਉਹ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਕੇ ਪਹੁੰਚੇ ਹਨ। ਹਰ ਕਦਮ ਤੇ ਮਨੂੰਵਾਦੀ ਸਮਾਜ ਨੇ ਇਸਦਾ ਵਿਰੋਧ ਕੀਤਾ। ਪਰ ਆਪਣੇ ਮਹਾਂਪੁਰਸ਼ਾਂ ਦੇ ਸੰਘਰਸ਼ਾਂ ਦੇ ਕਾਰਨ ਅਸੀਂ ਅੱਜ ਤੱਕ ਜਿੰਨੀ ਵੀ ਤਰੱਕੀ ਕਰ ਸਕੇ ਹਾਂ, ਦਲਿਤ ਸ਼ੋਸ਼ਿਤ ਸਮਾਜ ਨੂੰ ਆਪਣੇ ਮਹਾਂਪੁਰਸ਼ਾਂ ਅਤੇ ਉਹਨਾਂ ਦੇ ਸੰਘਰਸ਼ਾਂ ਦੀ ਆਮ ਤੌਰ ਤੇ ਜਾਣਕਾਰੀ ਨਹੀਂ ਹੈ। ਸ਼ੁਰੂ ਸ਼ੁਰੂ ਵਿਚ ਮੈਨੂੰ ਵੀ ਇਸ ਮਾਮਲੇ ਵਿਚ ਜ਼ਿਆਦਾ ਜਾਣਕਾਰੀ ਨਹੀਂ ਸੀ। ਪਰ ਜਦੋਂ ਮੈਂ ਪੂਨਾ ਰਿਹਾ ਤਾਂ ਮੇਰੇ ਲਈ ਇਹ ਸੰਭਵ ਹੋਇਆ ਕਿ ਮੈਂ ਆਪਣੇ ਮਹਾਂਪੁਰਸ਼ਾਂ ਅਤੇ ਉਹਨਾਂ ਦੇ ਸੰਘਰਸ਼ਾਂ ਦੇ ਬਾਰੇ ਜਾਣਕਾਰੀ ਹਾਸਲ ਕਰ ਸਕਾਂ। ਅੱਜ ਇਹ ਅਸੀਂ ਸਭ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਇਹ ਸਭ ਜਾਣਕਾਰੀ ਆਪਣੇ ਸਮਾਜ ਦੇ ਅਸਿੱਖਿਅਤ ਵਰਗ ਤੱਕ ਵੀ ਪਹੁੰਚਾਈਏ। ਅੱਜ ਇਹ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਅੱਜ ਦਲਿਤ-ਸ਼ੋਸ਼ਿਤ ਸਮਾਜ ਦੇ ਅਸਿੱਖਿਅਤ ਲੋਕਾਂ ਨੂੰ ਵੀ ਵੋਟ ਦਾ ਅਧਿਕਾਰ ਪ੍ਰਾਪਤ ਹੈ। ਇਸ ਕਰਕੇ ਸਾਨੂੰ ਆਪਣੇ ਮਹਾਂਪੁਰਸ਼ਾਂ ਅਤੇ ਉਹਨਾਂ ਦੁਆਰਾ ਦਲਿਤ-ਸ਼ੋਸ਼ਿਤ ਸਮਾਜ ਦੇ ਹਿੱਤ ਵਿਚ ਕੀਤੇ ਗਏ ਸੰਘਰਸ਼ਾਂ ਦੀ ਜਾਣਕਾਰੀ ਆਪਣੇ ਸਮਾਜ ਤੱਕ ਪਹੁੰਚਾ ਕੇ ਉਹਨਾਂ ਨੂੰ ਭਵਿੱਖ ਦੇ ਲਈ ਤਿਆਰ ਕਰਨਾ ਚਾਹੀਦਾ ਹੈ। ਜੋ ਲੋਕ ਇਤਿਹਾਸ ਨੂੰ ਬਦਲਣ ਦੀ ਚਾਹਤ ਰੱਖਦੇ ਹਨ, ਉਹਨਾਂ ਦੇ ਲਈ ਇਤਿਹਾਸ ਨੂੰ ਪੜ੍ਹਨਾ ਅਤੇ ਜਾਨਣਾ ਵੀ ਜ਼ਰੂਰੀ ਹੈ।

ਆਪਣੇ ਸਮਾਜ ਦੀ ਤਰੱਕੀ ਅਤੇ ਸਫਲਤਾ ਦੇ ਲਈ ਸਾਨੂੰ ਇਤਿਹਾਸ ਨੂੰ ਜਾਨਣਾ ਬਹੁਤ ਜ਼ਰੂਰੀ ਹੈ। ਮੈਨੂੰ ਖੁਦ ਆਪਣੇ ਸਮਾਜ ਦੇ ਇਤਿਹਾਸ ਦੀ ਜਾਣਕਾਰੀ ਬਾਬਾ ਸਾਹਿਬ ਅੰਬੇਦਕਰ ਦੁਆਰਾ ਲਿਖੇ ਗਏ ਸਾਹਿਤ ਤੋਂ ਮਿਲੀ। ਮੈਂ ਸਭ ਤੋਂ ਪਹਿਲਾਂ ਬਾਬਾ ਸਾਹਿਬ ਦੀ ਕਿਤਾਬ 'ਐਨੀਹਿਲੇਸ਼ਨ ਆਫ ਕਾਸਟ' ਅਤੇ ਉਸ ਤੋਂ ਬਾਅਦ 'ਵਾਈਟ ਗਾਂਧੀ ਐਂਡ ਦਾ ਕਾਂਗਰਸ ਹੈਵ ਡਨ ਫਾਰ ਦਾ ਅਨਟਚੇਬਲਜ਼' ਨੂੰ ਪੜ੍ਹਿਆ। ਇਹ ਅਜਿਹੀਆਂ ਕਿਤਾਬਾਂ ਹਨ ਜੋ ਸਾਨੂੰ ਸਾਡੇ ਪੁਰਸ਼ਾਂ ਦੁਆਰਾ ਕੀਤੇ ਗਏ ਸੰਘਰਸ਼ ਅਤੇ ਮਨੂੰਵਾਦੀ ਸਮਾਜ ਦੁਆਰਾ ਸਾਡੇ ਸਮਾਜ ਦੀ ਤਰੱਕੀ ਦੇ ਰਸਤੇ ਵਿਚ ਖੜ੍ਹੇ ਕੀਤੇ ਅੜਿੱਕਿਆਂ ਅਤੇ ਰੁਕਾਵਟਾਂ ਦੇ ਬਾਰੇ ਜਾਣਕਾਰੀ ਦਿੰਦੀ ਹੈ। ਜੇਕਰ ਸਾਡੇ ਕੋਲ ਇਹ ਜਾਣਕਾਰੀ ਨਾ ਹੁੰਦੀ ਤਾਂ ਸਾਨੂੰ ਆਪਣੇ ਵਰਤਮਾਨ ਦੀਆਂ ਤਕਲੀਫਾਂ ਦਾ ਅੰਤ ਕਿਵੇਂ ਕਰ ਸਕਦੇ ਹਨ ਅਤੇ ਭਵਿੱਖ ਵਿਚ ਪੈਦਾ ਹੋਣ ਵਾਲੀਆਂ ਰੁਕਾਵਟਾਂ ਦਾ ਸਾਹਮਣਾ ਕਰਨ ਲਈ ਖੁਦ ਨੂੰ ਤਿਆਰ ਕਰ ਸਕਦੇ ਹਾਂ? ਸਾਡੇ ਰਸਤੇ ਵਿਚ ਰੁਕਾਵਟਾਂ ਖੜ੍ਹੀਆਂ ਕਰਕੇ ਸਾਡੇ ਕੰਮ ਨੂੰ ਮੁਸ਼ਕਿਲ ਕਰਨਾ ਸਾਡੇ ਦੁਸ਼ਮਣ (ਮਨੂੰਵਾਦੀ ਸਮਾਜ) ਦਾ ਟੀਚਾ ਹੁੰਦਾ ਹੈ ਅਤੇ ਅਸੀਂ ਇਹ ਜਾਣਦੇ ਹਾਂ ਕਿ ਸਾਡਾ ਦੁਸ਼ਮਣ ਆਪਣੇ ਕਰਤੱਵ ਦਾ ਪਾਲਣ ਕਰਨ ਵਿਚ ਵੀ ਕਦੀ ਨਹੀਂ ਖੁੰਝਦਾ। ਮਨੂੰਵਾਦੀ ਸਮਾਜ ਦਾ ਇਹ ਟੀਚਾ ਹੁੰਦਾ ਹੈ ਕਿ ਉਹ ਸਾਡੇ ਮਹਾਂਪੁਰਸ਼ਾਂ ਦੇ ਸੰਘਰਸ਼ਾਂ ਦੀ ਜਾਣਕਾਰੀ ਸਾਡੇ ਸਮਾਜ ਤੱਕ ਪਹੁੰਚਣ ਤੋਂ ਰੋਕਣ ਦੀ ਕੋਸ਼ਿਸ਼ ਕਰੇ। ਇਸ ਕਰਕੇ ਉਹ ਇਤਿਹਾਸ ਨੂੰ ਹਮੇਸ਼ਾ ਤੋੜ ਮਰੋੜ ਕੇ ਅਤੇ ਮਨੂੰਵਾਦੀ ਦ੍ਰਿਸ਼ਟੀਕੋਣ ਨਾਲ ਹੀ ਲਿਖਣ ਦੀ ਕੋਸ਼ਿਸ਼ ਕਰਦੇ ਹਨ। ਇਸਦੇ ਨਾਲ ਉਹ ਇਸ ਗੱਲ ਨੂੰ ਵੀ ਸਾਡੇ ਤੋਂ ਲੁਕੋਣ ਦੀ ਕੋਸ਼ਿਸ਼ ਕਰਦੇ ਹਨ ਕਿ ਮਨੂੰਵਾਦੀ ਸਮਾਜ ਦੁਆਰਾ ਦਲਿਤ-ਸ਼ੋਸ਼ਿਤ ਸਮਾਜ ਦੇ ਮਹਾਂਪੁਰਸ਼ਾਂ ਦੇ ਰਸਤਿਆਂ ਵਿਚ ਜੋ ਰੁਕਾਵਟਾਂ ਖੜ੍ਹੀਆਂ ਕੀਤੀਆਂ ਗਈਆਂ, ਉਹਨਾਂ ਦੀ ਜਾਣਕਾਰੀ ਵੀ ਦਲਿਤ ਸ਼ੋਸ਼ਿਤ ਸਮਾਜ ਤੱਕ ਨਾ ਪਹੁੰਚ ਸਕੇ।


ਇਕ ਪ੍ਰਸਿੱਧ ਅਮਰੀਕੀ ਵਿਦਵਾਨ ਗੇਲ ਓਮਵੈਂਟ ਨੇ ਕਈ ਸਾਲ ਭਾਰਤ ਵਿਚ ਗੁਜ਼ਾਰ ਕੇ ਬ੍ਰਿਟਿਸ਼ ਰਾਜ ਦੌਰਾਨ ਦਲਿਤ ਸ਼ੋਸ਼ਿਤ ਸਮਾਜ ਦੇ ਮਹਾਂਪੁਰਸ਼ਾਂ ਦੁਆਰਾ ਬ੍ਰਾਹਮਣਵਾਦੀ ਸਮਾਜ ਵਿਵਸਥਾ ਦੇ ਵਿਰੁੱਧ ਜੋ ਸੰਘਰਸ਼ ਕੀਤਾ ਸੀ, ਉਸਦਾ ਵਰਣਨ ਆਪਣੀ ਪੁਸਤਕ 'ਕਲਚਰਲ ਰਿਵੋਲਟ ਇਨ ਕੋਲੋਨੀਅਲ ਇੰਡੀਆ' ਵਿਚ ਕੀਤਾ ਹੈ। ਇਸ ਪੁਸਤਕ ਨੂੰ ਪੜ੍ਹ ਕੇ ਮੈਨੂੰ ਵੀ ਇਹਨਾਂ ਮਹਾਂਪੁਰਸ਼ਾਂ ਦੇ ਬਾਰੇ ਜਾਣਕਾਰੀ ਮਿਲੀ। ਸੰਨ 1818 ਵਿਚ ਪੇਸ਼ਵਾ ਦੇ ਰਾਜ ਸਮਾਪਤ ਹੋਣ ਤੋਂ ਬਾਅਦ ਜਿੰਨੇ ਵੀ ਸੰਘਰਸ਼ ਸਾਡੇ ਮਹਾਂਪੁਰਸ਼ਾਂ ਨੇ ਕੀਤੇ, ਸ੍ਰੀਮਤੀ ਗੇਲ ਓਮਵੇਟ ਨੇ ਇਸਦਾ ਵਿਸਥਾਰ ਨਾਲ ਵਰਣਨ ਕੀਤਾ। ਇਹਨਾਂ ਤੱਥਾਂ ਨੂੰ ਜਾਨਣ ਤੋਂ ਬਾਅਦ ਇਸ ਵਿਸ਼ੇ ਵਿਚ ਹੋਰ ਜ਼ਿਆਦਾ ਜਾਣਕਾਰੀ ਪ੍ਰਾਪਤ ਕਰਨ ਦੀ ਮੈਨੂੰ ਇੱਛਾ ਪੈਦਾ ਹੋਈ। ਕਿਉਂਕਿ ਬ੍ਰਿਟਿਸ਼ ਰਾਜ ਤੋਂ ਪਹਿਲਾਂ ਵੀ ਸਾਡੇ ਸਮਾਜ ਦੇ ਕਈ ਸੰਤ-ਮਹਾਂਪੁਰਸ਼ਾਂ ਨੇ ਬ੍ਰਾਹਮਣਵਾਦੀ ਵਿਵਸਥਾ ਦੇ ਖਿਲਾਫ ਆਪਣੀ ਆਵਾਜ਼ ਉਠਾਈ ਸੀ। ਅਜਿਹੇ ਮਹਾਂਪੁਰਸ਼ਾਂ ਦੇ ਬਾਰੇ ਸਾਨੂੰ ਗੁਰੂ ਗ੍ਰੰਥ ਸਾਹਿਬ ਪੜ੍ਹਨ ਤੋਂ ਪਤਾ ਲੱਗਦਾ ਹੈ, ਜਿਸ ਵਿਚ ਗੁਰੂ ਰਵਿਦਾਸ, ਸੰਤ ਕਬੀਰ ਆਦਿ ਕਈ ਅਜਿਹੇ ਮਹਾਂਪੁਰਸ਼ਾਂ ਦੀ ਬਾਣੀ ਦਰਜ ਹੈ, ਜਿਹਨਾਂ ਨੇ ਸਮਾਜ ਦੇ ਦਲਿਤ ਸ਼ੋਸ਼ਿਤ ਵਰਗ ਵਿਚ ਜਨਮ ਲਿਆ ਸੀ ਅਤੇ ਜਿਹਨਾਂ ਨੇ ਅੱਜ ਤੋਂ 500-600 ਸਾਲ ਪਹਿਲਾਂ ਬ੍ਰਾਹਮਣਵਾਦੀ ਸਮਾਜ ਵਿਵਸਥਾ ਦੁਆਰਾ ਕੀਤੇ ਜਾਣ ਵਾਲੇ ਅੱਤਿਆਚਾਰਾਂ ਦੇ ਖਿਲਾਫ ਸੰਘਰਸ਼ ਕੀਤਾ ਸੀ। ਜੇਕਰ ਇਹਨਾਂ ਮਹਾਂਪੁਰਸ਼ਾਂ ਦੀ ਬਾਣੀ ਅਤੇ ਉਹਨਾਂ ਦੇ ਸੰਘਰਸ਼ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਨਾ ਲਿਖਿਆ ਜਾਂਦਾ ਤਾਂ ਸਾਡੇ ਲਈ ਇਹਨਾਂ ਮਹਾਂਪੁਰਸ਼ਾਂ ਦੇ ਬਾਰੇ ਜਾਣਨਾ ਬਹੁਤ ਮੁਸ਼ਕਿਲ ਹੋ ਜਾਂਦਾ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪਿਛਲੇ 200 ਸਾਲਾਂ ਵਿਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੁਆਰਾ ਲਿਖੀ ਗਈਆਂ ਪੁਸਤਕਾਂ ਕੁਝ ਵਿਦੇਸ਼ੀ ਵਿਦਵਾਨਾਂ ਅਤੇ ਕੁਝ ਹੋਰ ਵਿਅਕਤੀਆਂ ਦੁਆਰਾ ਸਾਡੇ ਮਹਾਂਪੁਰਸ਼ਾਂ ਦੁਆਰਾ ਬ੍ਰਾਹਮਣਵਾਦੀ ਸਮਾਜ ਵਿਵਸਥਾ ਦੇ ਖਿਲਾਫ ਕੀਤੇ ਗਏ ਸੰਘਰਸ਼ ਬਾਰੇ ਪਤਾ ਲੱਗਦਾ ਹੈ। ਜੇਕਰ ਅਸੀਂ ਆਪਣੇ ਇਸ ਇਤਿਹਾਸ ਨੂੰ ਜਾਣ ਲੈਂਦੇ ਹਾਂ ਅਤੇ ਆਪਣੇ ਮਹਾਂਪੁਰਸ਼ਾਂ ਦੀਆਂ ਸਫਲਤਾਵਾਂ ਤੋਂ ਸਿੱਖਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸਾਡੇ ਲਈ ਆਪਣੇ ਮਹਾਂਪੁਰਸ਼ਾਂ ਦੇ ਸੰਘਰਸ਼ ਨੂੰ ਅੱਗੇ ਵਧਾਉਣ ਅਤੇ ਆਪਣੇ ਸਮਾਜ ਦੇ ਪ੍ਰਤੀ ਆਪਣੇ ਕਰਤੱਵ ਨੂੰ ਪੂਰਾ ਕਰਨਾ ਜ਼ਿਆਦਾ ਆਸਾਨ ਹੋ ਜਾਂਦਾ ਹੈ। ਇਹ ਸਾਡੇ ਲਈ ਬਹੁਤ ਜ਼ਰੂਰੀ ਹੈ ਕਿ ਅਸੀਂ ਆਪਣੇ ਮਹਾਂਪੁਰਸ਼ਾਂ ਦੇ ਸੰਘਰਸ਼ਾਂ ਦੇ ਇਤਿਹਾਸ ਨੂੰ ਜਾਣੀਏ, ਉਸ ਤੋਂ ਸਿੱਖਿਆ ਲਈਏ, ਉਹਨਾਂ ਦੇ ਤਜਰਬੇ ਤੋਂ ਫਾਇਦਾ ਲੈਂਦੇ ਹੋਏ, ਆਪਣੇ ਸੰਘਰਸ਼ ਨੂੰ ਅੱਗੇ ਵਧਾਈਏ।

ਬਾਬਾ ਸਾਹਿਬ ਅੰਬੇਦਕਰ ਨੇ ਆਪਣੀਆਂ ਪੁਸਤਕਾਂ ਵਿਚ ਆਪਣੇ ਸੰਘਰਸ਼ਾਂ ਦਾ ਜੋ ਇਤਿਹਾਸ ਲਿਖਿਆ ਹੈ, ਮੈਂ ਉਹਨਾਂ ਨੂੰ ਪੜ੍ਹ ਕੇ ਨਾ ਕੇਵਲ ਉਹਨਾਂ ਦੀਆਂ ਸਫਲਤਾਵਾਂ ਬਲਕਿ ਅਸਫਲਤਾਵਾਂ ਤੋਂ ਵੀ ਸਿੱਖਿਆ ਲੈਣ ਦੀ ਕੋਸ਼ਿਸ਼ ਕੀਤੀ ਹੈ। ਬਾਬਾ ਸਾਹਿਬ ਅੰਬੇਦਕਰ ਦੇ ਸਮੇਂ ਵਿਚ ਸਾਡੇ ਸਮਾਜ ਨੂੰ ਰਾਊਂਡ ਟੇਬਲ ਕਾਨਫਰੰਸ ਦੇ ਜ਼ਰੀਏ ਜੋ ਕੁਝ ਵੀ ਸਹੂਲਤਾਂ ਪ੍ਰਦਾਨ ਹੋਈਆਂ ਸਨ, ਉਹ ਸਾਰੀਆਂ ਪੂਨਾ ਪੈਕਟ ਦੁਆਰਾ ਖੋਹ ਲਈਆਂ ਗਈਆਂ। ਬਾਬਾ ਸਾਹਿਬ ਨੇ ਵੱਖਰੇ ਚੋਣ ਦਾ ਅਧਿਕਾਰ ਦਲਿਤ ਸਮਾਜ ਨੂੰ ਬ੍ਰਿਟਿਸ਼ ਸਰਕਾਰ ਦੇ ਸਮੇਂ ਦਿਵਾਇਆ ਪਰ ਉਸ ਨੂੰ ਗੁਆ ਵੀ ਦਿੱਤਾ। ਉਸ ਨੂੰ ਗੁਆਉਣ ਤੋਂ ਬਾਅਦ ਬਾਬਾ ਸਾਹਿਬ ਬਹੁਤ ਦੁਖੀ ਹੋਏ। ਮੈਂ ਉਹਨਾਂ ਦੇ ਤਜਰਬਿਆਂ ਨੂੰ ਉਹਨਾਂ ਦੀਆਂ ਕਿਤਾਬਾਂ ਵਿਚ ਪੜ੍ਹਿਆ ਅਤੇ ਉਹਨਾਂ ਨੂੰ ਆਪਣੀ ਡਾਇਰੀ ਵਿਚ ਨੋਟ ਕਰ ਲਿਆ ਅਤੇ ਉਹਨਾਂ ਦੇ ਇਸ ਕੌੜੇ ਤਜਰਬੇ ਤੋਂ ਹਮੇਸ਼ਾ ਸਿੱਖਿਆ ਲੈਣ ਦੀ ਕੋਸ਼ਿਸ਼ ਕੀਤੀ। ਉਸ ਸਮੇਂ ਜਦੋਂ ਕੁਝ ਲੋਕਾਂ ਨੇ ਬਾਬਾ ਸਾਹਿਬ ਤੋਂ ਪੁੱਛਿਆ ਕਿ ਪੂਨਾ ਪੈਕਟ ਤੇ ਹਸਤਾਖਰ ਕਰਕੇ ਤੁਹਾਨੂੰ ਕਿਹੋ ਜਿਹਾ ਲੱਗ ਰਿਹਾ ਹੈ ਤਾਂ ਬਾਬਾ ਸਾਹਿਬ ਨੇ ਜਵਾਬ ਦਿੱਤਾ ਕਿ ਮੈਂ ਆਪਣੇ ਸਮਾਜ ਦੇ ਲਈ ਬ੍ਰਿਟਿਸ਼ ਸਰਕਾਰ ਤੋਂ ਤਿੰਨ ਹੱਕ ਪ੍ਰਾਪਤ ਕੀਤੇ ਸਨ ਪਰ ਗਾਂਧੀ ਜੀ ਨੇ ਉਹ ਸਾਡੇ ਤੋਂ ਖੋਹ ਲਏ ਹਨ। ਬ੍ਰਿਟਿਸ਼ ਸਰਕਾਰ ਨੇ ਸਾਡੇ ਲਈ ਜੋ 'ਫਲ' ਦਿੱਤਾ ਸੀ, ਉਸਦਾ ਰਸ ਤਾਂ ਗਾਂਧੀ ਜੀ ਨੇ ਆਪਣੇ ਕੋਲ ਰੱਖ ਲਿਆ ਹੈ ਅਤੇ ਛਿਲਕਾ ਸਾਡੇ ਮੂੰਹ ਤੇ ਸੁੱਟ ਦਿੱਤਾ ਹੈ। ਪਹਿਲਾ ਚੋਣ ਦਾ ਅਧਿਕਾਰ ਖੋਹੇ ਜਾਣ ਤੋਂ ਬਾਅਦ ਬਾਬਾ ਸਾਹਿਬ ਬਹੁਤ ਦੁਖੀ ਸਨ ਕਿਉਂਕਿ ਉਹ ਜਾਣਦੇ ਸਨ ਕਿ ਹੁਣ ਤੋਂ ਦਲਿਤ ਸ਼ੋਸ਼ਿਤ ਵਰਗ ਦੇ ਸੱਚੇ ਨੇਤਾ ਚੁਣ ਕੇ ਨਹੀਂ ਆ ਸਕਣਗੇ। ਅਸੀਂ ਦੇਖਿਆ ਕਿ ਬਾਬਾ ਸਾਹਿਬ 1952 ਵਿਚ ਬੰਬਈ ਤੋਂ ਖੁਦ ਚੋਣ ਨਹੀਂ ਜਿੱਤ ਸਕੇ ਸਨ। 1954 ਵਿਚ ਉਹ ਫਿਰ ਭੰਡਾਰਾ ਸੀਟ ਤੋਂ ਚੋਣ ਲੜੇ ਪਰ ਉਹ ਦੁਬਾਰਾ ਹਾਰ ਗਏ। ਉਹ ਆਪਣੀ ਹਾਰ ਤੋਂ ਦੁਖੀ ਹੋਏ ਪਰ ਉਹ ਇਸ ਬਾਰੇ ਵੀ ਕੁਝ ਕਰਨ ਵਿਚ ਅਸਮਰੱਥ ਸਨ। ਅਜਿਹਾ ਇਸ ਕਰਕੇ ਵੀ ਸੀ ਕਿਉਂਕਿ ਉਦੋਂ ਭਾਰਤ ਤੇ ਮਨੂੰਵਾਦੀ ਵਿਵਸਥਾ ਦੇ ਪੱਖ ਵਾਲੇ ਲੋਕਾਂ ਦਾ ਦਬਦਬਾ ਪੂਰੀ ਤਰ੍ਹਾਂ ਹੋ ਚੁੱਕਾ ਸੀ ਅਤੇ ਬ੍ਰਿਟਿਸ਼ ਲੋਕ ਭਾਰਤ ਛੱਡ ਕੇ ਜਾ ਚੁੱਕੇ ਸਨ।

1942 ਵਿਚ ਨਾਗਪੁਰ 'ਚ ਆਯੋਜਿਤ ਸ਼ਡਿਊਲ ਕਾਸਟ ਫੈਡਰੇਸ਼ਨ ਦੇ ਅਧਿਵੇਸ਼ਨ ਵਿਚ ਆਪਣੇ ਸਮਾਜ ਨੂੰ ਸੰਬੋਧਿਤ ਕਰਦੇ ਹੋਏ ਬਾਬਾ ਸਾਹਿਬ ਅੰਬੇਦਕਰ ਨੇ ਕਿਹਾ, 'ਮੈਂ ਬ੍ਰਿਟਿਸ਼ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਉਹ ਦਲਿਤ ਸਮਾਜ ਦੇ ਲੋਕਾਂ ਨੂੰ ਖੇਤੀ ਦੀ ਜ਼ਮੀਨ ਦੇਣ। ਕਿਉਂਕਿ ਇਹ ਲੋਕ ਦੂਜਿਆਂ ਦੇ ਖੇਤਾਂ ਵਿਚ ਮਜ਼ਦੂਰਾਂ ਵਾਂਗ ਕੰਮ ਕਰਦੇ ਹਨ ਅਤੇ ਉਹਨਾਂ ਦੇ ਕੋਲ ਖੇਤੀ ਕਰਨ ਦੇ ਲਈ ਆਪਣੀ ਜ਼ਮੀਨ ਨਹੀਂ ਹੈ। ਬ੍ਰਿਟਿਸ਼ ਸਰਕਾਰ ਦਲਿਤ ਸਮਾਜ ਦੇ ਲੋਕਾਂ ਨੂੰ ਖੇਤੀ ਦੀ ਜ਼ਮੀਨ ਦੇਣ ਅਤੇ ਉਹਨਾਂ ਦੇ ਲਈ ਅਲੱਗ ਰਿਹਾਇਸ਼ੀ ਬਸਤੀਆਂ ਦੀ ਵਿਵਸਥਾ ਕਰਨ ਦੇ ਲਈ ਰਾਜ਼ੀ ਹੋ ਗਈ। ਸਾਲ 1932 ਵਿਚ ਬਾਬਾ ਸਾਹਿਬ ਨੇ ਵੱਖਰੇ ਚੋਣ ਖੇਤਰ ਅਤੇ 1942 ਵਿਚ ਪਹਿਲੀਆਂ ਬਸਤੀਆਂ ਅਤੇ ਦਲਿਤਾਂ ਨੂੰ ਖੇਤੀ ਦੀ ਜ਼ਮੀਨ ਵੰਡਣ ਦੀ ਬੇਹੱਦ ਕੋਸ਼ਿਸ਼ ਕੀਤੀ ਪਰ ਸਫਲ ਨਹੀਂ ਹੋ ਸਕੇ। ਕਿਉਂਕਿ ਅੰਗਰੇਜ਼ਾਂ ਨੇ ਬਾਬਾ ਸਾਹਿਬ ਨੂੰ ਬੋਲਿਆ ਕਿ ਹਾਲੇ ਤਾਂ ਦੂਜਾ ਮਹਾਂਯੁੱਧ ਚੱਲ ਰਿਹਾ ਹੈ, ਇਸ ਕਰਕੇ ਮਹਾਂਯੁੱਧ ਖਤਮ ਹੋਣ ਤੋਂ ਬਾਅਦ ਅਸੀਂ ਅਗਲੇ 20 ਸਾਲਾਂ ਵਿਚ ਤੁਹਾਡੇ ਦੁਆਰਾ ਦਲਿਤ ਵਰਗ ਦੇ ਹਿੱਤ ਵਿਚ ਚੁੱਕੀਆਂ ਗਈਆਂ ਮੰਗਾਂ ਨੂੰ ਪੂਰਾ ਕਰ ਦਿਆਂਗੇ। ਪਰ ਦੂਜਾ ਮਹਾਂਯੁੱਧ ਖਤਮ ਹੋਣ ਦੇ 2 ਸਾਲ ਦੇ ਅੰਦਰ ਹੀ ਅੰਗਰੇਜ਼ਾਂ ਨੂੰ ਭਾਰਤ ਛੱਡਣਾ ਪਿਆ ਅਤੇ ਭਾਰਤ ਦੀ ਸਮੁੱਚੀ ਸ਼ਾਸਨ ਵਿਵਸਥਾ ਦਲਿਤ ਸ਼ੋਸ਼ਿਤ ਸਮਾਜ ਦੇ ਦੁਸ਼ਮਣ ਮਨੂੰਵਾਦੀ ਸਮਾਜ ਦੇ ਹੱਥਾਂ ਵਿਚ ਆ ਗਈ। ਅਤੇ ਬਾਬਾ ਸਾਹਿਬ ਆਪਣੇ ਕਾਰਜ ਵਿਚ ਸਫਲ ਨਹੀਂ ਹੋ ਸਕੇ।

ਮਨੂੰਵਾਦੀਆਂ ਦੇ ਸੱਤਾ ਵਿਚ ਆਉਣ ਤੋਂ ਬਾਅਦ ਬਾਬਾ ਸਾਹਿਬ ਨੇ ਉਹਨਾਂ ਦੇ ਸਾਹਮਣੇ ਕਦੀ ਆਪਣੀਆਂ ਮੰਗਾਂ ਨਹੀਂ ਦੁਹਰਾਈਆਂ ਕਿਉਂਕਿ ਉਹ ਜਾਣਦੇ ਸਨ ਕਿ ਮਨੂੰਵਾਦੀ ਲੋਕ ਦਲਿਤ-ਸ਼ੋਸ਼ਿਤ ਸਮਾਜ ਦੇ ਹਿੱਤ ਵਿਚ ਕਦੀ ਵੀ ਕੰਮ ਨਹੀਂ ਕਰਨਗੇ।ਬਲਕਿ ਮੈਂ ਜਿਵੇਂ ਚਾਹਾਂਗਾ,ਇਹ ਲੋਕ ਠੀਕ ਉਸ ਤੋਂ ਉਲਟਾ ਕੰਮ ਕਰਨਗੇ।

ਇਹ ਸਭ ਜਾਣ ਕੇ ਅਤੇ ਸਮਝ ਕੇ ਮੈਂ ਸੋਚਿਆ ਕਿ ਸਾਨੂੰ ਆਪਣੇ ਇਹਨਾਂ ਮਹਾਂਪੁਰਸ਼ਾਂ ਨੇ ਜੋ ਚੰਗੇ ਕੰਮ ਕੀਤੇ ਹਨ, ਉਹਨਾਂ ਕੰਮਾਂ ਨੂੰ ਅੱਗੇ ਵਧਾਉਣ ਦਾ ਕੰਮ ਕਰਨਾ ਚਾਹੀਦਾ ਹੈ। ਜੇਕਰ ਅਸੀਂ ਉਹਨਾਂ ਦੁਆਰਾ ਕੀਤੇ ਗਏ ਯਤਨਾਂ ਅਤੇ ਸੰਘਰਸ਼ਾਂ ਨੂੰ ਜਾਣਦੇ ਅਤੇ ਸਮਝਦੇ ਹਾਂ ਤਾਂ ਸਾਡੇ ਲਈ ਉਹਨਾਂ ਦੇ ਕੀਤੇ ਕੰਮ ਨੂੰ ਅੱਗੇ ਵਧਾਉਣਾ ਜ਼ਿਆਦਾ ਆਸਾਨ ਹੋਵੇਗਾ।



**ਬਹੁਜਨ ਸੰਗਠਕ**
**ਤੋਂ ਧੰਨਵਾਦ ਸਹਿਤ**
**ਅਨੁਵਾਦ-ਤਰਸੇਮ ਜਲੰਧਰੀ**

# ਹਥਿਆਰਾਂ ਦੀ ਦੌੜ 'ਚ ਤਬਾਹੀ ਵੱਲ ਵਧ ਰਹੀ ਦੁਨੀਆਂ

ਦੇ ਪੰਜ ਸਥਾਈ ਮੈਂਬਰਾਂ ਕੋਲ ਕੁਲ 23,125 ਨਿਊਕਲੀਅਰ ਹਥਿਆਰ ਹਨ। ਇਹ ਵਰਲਡ ਦੇ ਕੁਲ ਨਿਊਕਲੀਅਰ ਹਥਿਆਰਾਂ ਦਾ 98.5 ਫ਼ੀਸਦੀ ਹੈ।

ਅੱਜ ਜੇਕਰ ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ, ਤਾਂ ਬ੍ਰਿਟੇਨ ਦੀ ਤਰ੍ਹਾਂ ਅਮਰੀਕਾ ਵਿਸ਼ਵ ਵਿੱਚ ਕੁਝ ਕਮਜ਼ੋਰ ਪੈ ਰਿਹਾ ਹੈ, ਜਦਕਿ ਚੀਨ ਏਸ਼ੀਆ ਦੀ ਸਭ ਤੋਂ ਵੱਡੀ ਤਾਕਤ ਵਜੋਂ ਉੱਭਰ ਕੇ ਅਮਰੀਕਾ ਤੇ ਯੂਰਪੀਨ ਦੇਸਾਂ ਨੂੰ ਹਥਿਆਰਾਂ ਤੇ ਆਰਥਿਕ ਪੈਂਤੜੇ ਤੋਂ ਚੁਣੌਤੀ ਦੇ ਰਿਹਾ ਹੈ। ਅਫ਼ਰੀਕੀ ਦੇਸਾਂ 'ਚ ਉਹ ਘੁਸਪੈਠ ਕਰ ਚੁੱਕਾ ਹੈ, ਕੁਝ ਲਾਤਿਨ ਅਮਰੀਕੀ ਦੇਸਾਂ 'ਚ ਉਸ ਦੀ ਪਹੁੰਚ ਪਕੇਰੀ ਹੋ ਚੁੱਕੀ ਹੈ ਅਤੇ ਏਸ਼ੀਆ ਦੇ ਸਾਰੇ ਦੇਸ ਉਸ ਤੋਂ ਖੌਫ ਖਾ ਰਹੇ ਹਨ। ਫਿਲਹਾਲ ਨਵ-ਸਾਮਰਾਜਵਾਦੀ ਤਾਕਤਾਂ ਵਿਸ਼ਵ ਨੂੰ ਫਿਰ ਤੋਂ ਉੱਥੇ ਲਿਆ ਕੇ ਖੜ੍ਹਾ ਕਰ ਰਹੀਆਂ ਹਨ, ਜਿੱਥੇ ਅਸੀਂ ਵਿਸ਼ਵ ਯੁੱਧਾਂ ਨੂੰ ਦੇਖਿਆ, ਝੱਲਿਆ ਤੇ ਗੰਭੀਰ ਸੰਤਾਪ ਹੰਡਾਇਆ ਸੀ। ਜਾਪਾਨ ਉਸ ਦਾ ਸੰਤਾਪ ਹਾਲੇ ਤੱਕ ਝੱਲ ਰਿਹਾ ਹੈ। ਸੱਚ ਇਹ ਹੈ ਕਿ ਸੰਯੁਕਤ ਰਾਸ਼ਟਰ ਸੰਘ ਤਾਕਤਵਰ ਦੇਸਾਂ ਅੱਗੇ ਕਮਜ਼ੋਰ ਸਾਬਤ ਹੋ ਰਿਹਾ ਹੈ। ਇਜਰਾਈਲ ਦੇ ਫਿਲਸਤੀਨ 'ਤੇ ਹਮਲੇ ਇਸ ਗੱਲ ਦੇ ਗਵਾਹ ਹਨ ਕਿ ਯੂ ਐਨ ਓ ਦੇ ਹੁਕਮਾਂ ਦੇ ਬਾਵਜੂਦ ਗਾਜ਼ਾ ਪੱਟੀ 'ਤੇ ਰਿਹਾਇਸ਼ੀ ਇਲਾਕਿਆਂ ਉੱਪਰ ਇਜਰਾਈਲ ਹਮਲੇ ਕਰ ਰਿਹਾ ਹੈ। ਇੱਕ ਹਜ਼ਾਰ ਤੋਂ ਵੱਧ ਫਿਲਸਤੀਨ ਲੋਕ ਮਾਰੇ ਜਾ ਚੁੱਕੇ ਹਨ। ਲੋੜ ਇਸ ਗੱਲ ਦੀ ਹੈ ਕਿ ਦੁਨੀਆਂ ਦੇ ਲੋਕ ਆਪਣੀਆਂ ਸਰਕਾਰਾਂ 'ਤੇ ਜ਼ੋਰ ਪਾਉਣ ਕਿ ਉਹ ਹਥਿਆਰਾਂ ਦੀ ਦੌੜ ਵਿੱਚ ਸਰਗਰਮ ਹੋਣ ਦੀ ਥਾਂ ਮਨੁੱਖਤਾ ਦੇ ਕਲਿਆਣ ਤੇ ਵਿਸ਼ਵ ਸ਼ਾਂਤੀ ਵਿੱਚ ਹਿੱਸਾ ਪਾਵੇ। ਇਹ ਵਕਤ ਜਾਗ੍ਰਿਤ ਹੋਣ ਦਾ ਹੈ ਤਾਂ ਜੋ ਦੁਨੀਆਂ ਨੂੰ ਇੱਕ ਹੋਰ ਵਿਸ਼ਵ ਯੁੱਧ ਵੱਲ ਜਾਣ ਤੋਂ ਰੋਕਿਆ ਜਾ ਸਕੇ।

# ਬਾਬਾ ਸਾਹਿਬ ਦੇ ਮਿਸ਼ਨ, ਧੰਮ ਦੀ ਦਿਸ਼ਾ

ਸਾਰਾ ਮੌਰੀਆ, ਖੁਸ਼ਵਾਹਾ ਅਤੇ ਹੋਰ ਓ,ਬੀ ਸੀ ਸਮਾਜ ਨੂੰ ਸਾਥ ਲੈਕੇ ਕਿਉਂਕਿ ਅਸੀਂ ਸਾਰੇ ਮੋਰੀਆ ਸਮਰਾਟ ਅਸ਼ੋਕ ਦੇ ਖਾਨਦਾਨ ਵਿੱਚੋਂ ਹਾਂ ਇਸ ਲਈ ਅਸੀਂ ਆਪਣੇ ਅਸ਼ੋਕ ਮਹਾਨ ਦੇ ਧੰਮ ਵਿੱਚ ਜਾਵਾਂਗੇ।

ਬੰਬਈ ਆਉਣ ਤੋਂ ਦੋ ਦਿਨ ਪਹਿਲਾਂ ਮੇਰੇ ਨਾਲ ਇੱਕ ਕੋਲੀ ਸਮਾਜ ਦੇ ਨੇਤਾ ਨਾਲ ਮੁਲਾਕਾਤ ਹੋਈ ਜੋ ਕਿ ਮਛੇਰੇ ਹਨ, ਅੱਜ ਵੀ ਸਮੁੰਦਰ ਦੇ ਕਿਨਾਰੇ ਮਹਾਰਾਸਟ੍ਰਰ ਵਿੱਚ ਸਭ ਤੋਂ ਜ਼ਿਆਦਾ ਜ਼ਮੀਨ ਕੋਲੀ ਸਮਾਜ ਦੀ ਹੈ, ਉਸ ਨੇ ਕਿਹਾ ਕਿ ਹੁਣ ਸਾਡੇ ਬੱਚੇ ਪੜ੍ਹ ਰਹੇ ਹਨ ਅਤੇ ਇਤਹਾਸ ਪੜ੍ਹਕੇ ਸਮਝ ਰਹੇ ਹਨ ਕਿ ਭਗਵਾਨ ਬੁੱਧ ਦੀ ਪਤਨੀ ਕੋਲੀਆ ਵੰਸ਼ ਵਿੱਚੋਂ ਸੀ । ਅਸੀਂ ਵਕਤ ਦੇ ਲਿਹਾਜ਼ ਨਾਲ ਕੋਲੀਆ ਤੋਂ ਕੋਲੀ ਬਣਾ ਦਿੱਤੇ ਗਏ । ਸਮਰਾਟ ਅਸ਼ੋਕ ਦੇ ਬੇਟੇ ਮਹਿੰਦਰ ਅਤੇ ਬੇਟੀ ਸੰਘਮਿੱਤਾ ਨੂੰ ਸ਼੍ਰੀ ਲੰਕਾ ਸਮੁੰਦਰ ਰਾਂਹੀ ਨਾਲਾ ਸਪਾਰਾ, ਬੰਬਈ ਤੋਂ ਲੈ ਜਾਣ ਵਾਲੇ ਸਾਡੇ ਬਜ਼ੁਰਗ ਹੀ ਸਨ । ਅਸੀਂ ਸਾਰਾ ਕੋਲੀ ਸਮਾਜ ਦੋ ਤਿੰਨ ਸਾਲਾਂ ਬਾਦ ਆਪਣੇ ਬਜ਼ੁਰਗਾਂ ਦੇ ਆਦਿ ਬੁੱਧ ਧੰਮ ਵਿੱਚ ਸ਼ਾਮਲ ਹੋਵੇਗੇ । ਮੈ ਚਾਹੁੰਦਾ ਹਾਂ ਕਿ ਆਪ ਮੇਰੇ ਨਾਲ ਆਕੇ ਸਾਡੇ ਲੋਕਾਂ ਨੂੰ ਬੋਧੀਆਂ ਦਾ ਇਤਹਸ ਦੱਸੋ । ਮੈਂ ਕਿਹਾ ਕਿ ਮੈਂ ਤਾਂ ਪਰਸੋਂ ਤਾਮਿਲ ਨਾਡੂ ਨੂੰ ਜਾ ਰਿਹਾ ਹਾਂ, ਉਸਨੇ ਫੋਰਨ ਕਿਹਾ ਕਿ ਜਦੋਂ ਆਪ ਅਗਲੀ ਵਾਰ ਬੰਬਈ ਆਉਗੇ ਤਾਂ ਮਿਹਰਬਾਨੀ ਕਰਕੇ ਘੱਟੋ ਘੱਟ ਦੋ ਹਫਤੇ ਸਾਡੇ ਲੋਕਾਂ ਵਿੱਚ ਵਿਚਰੋ ਮੈਂ ਉਸ ਨਾਲ ਵਾਅਦਾ ਕੀਤਾ ਕਿ ਅਗਲੀ ਵਾਰ ਮੈ ਜਰੂਰ ਆਪ ਨਾਲ ਕੋਲੀ ਲੋਕਾਂ ਨਾਲ ਮੀਟਿੰਗਾਂ ਕਰਾਂਗਾ।

ਮੈਨੂੰ ਫ਼ਖਰ ਹੈ ਕਿ ਮੈਂ ਬਾਬਾ ਸਾਹਿਬ ਦੇ ਧੰਮ ਵਾਲੇ ਮਿਸ਼ਨ ਲਈ 2010 ਤੋਂ ਫੁਲ ਟਾਇਮ ਕੰਮ ਕਰ ਰਿਹਾ ਹਾਂ । ਉਪਰ ਦੀਆਂ ਸਾਰੀਆਂ ਗਤੀਵਿਧੀਆਂ ਦੇਖਕੇ-ਸੁਣਕੇ ਅੰਦਾਜ਼ਾ ਲਗਾਉਣਾ ਮੁਸ਼ਿਕਲ ਨਹੀਂ ਕਿ ਬਾਬਾ ਸਾਹਿਬ ਦੀ ਭਾਰਤ ਬੁੱਧਮਈ ਦੇਸ਼ ਦੀ ਖਾਹਸ਼ ਪੂਰੀ ਹੁੰਦੀ ਨਜ਼ਰ ਆ ਰਹੀ ਹੈ । ਸਾਰੇ ਬੋਧੀਆਂ ਦਾ ਫ਼ਰਜ ਬਣਦਾ ਹੈ ਕਿ ਬਾਬਾ ਸਾਹਿਬ ਦੇ 14 ਅਕਤੂਬਰ 1956 ਦੇ ਪਵਿੱਤਰ ਸ਼ਬਦਾਂ ਨੂੰ ਯਾਦ ਕਰਨ "ਤੁਸੀਂ ਲੋਕ ਕੇਵਲ ਪੇਟ ਦੇ ਪੁਜਾਰੀ ਨਾ ਬਣੋ । ਤੁਸੀਂ ਘੱਟੋ-ਘੱਟ ਆਪਣੀ ਕਮਾਈ ਦਾ ਵੀਹਵਾਂ ਹਿੱਸਾ (5%) ਇਸ ਪਵਿੱਤਰ ਧੰਮ ਪ੍ਰਚਾਰ ਲਈ ਦੇਣ ਦਾ ਨਿਸ਼ਚਾ ਕਰੋ"। ਹਰ ਅੰਬੇਡਕਰੀ ਆਪਣੇ ਅੰਦਰ ਝਾਤੀ ਮਾਰਕੇ ਦੇਖੇ ਕਿ ਕੀ ਉਹ ਆਪਣੀ ਕਮਾਈ ਦਾ 5% ਦੇ ਰਿਹਾ ਹੈ?

# ਅੰਦੋਲਨ ਵਿਚ 50 ਫੀਸਦੀ ਔਰਤਾਂ ਨੂੰ ਹਿੱਸੇਦਾਰ ਬਣਾ ਕੇ ਬ੍ਰਾਹਮਣੀ ਮਾਨਸਿਕਤਾ ਤੋਂ ਮੁਕਤ ਕਰਨਾ ਹੋਵੇਗਾ

**-ਆਯੂਸ਼ਮਣੀ ਆਸ਼ਾ ਰਾਣੀ (ਪੰਜਾਬ)**



ਔਰਤਾਂ ਨੂੰ ਇਸ ਅੰਦੋਲਨ ਨਾਲ ਜੋੜਨ ਦੇ ਲਈ ਸਭ ਤੋਂ ਪਹਿਲਾਂ ਸਾਨੂੰ ਆਪਣੀਆਂ ਔਰਤਾਂ ਨੂੰ, ਜੋ ਬ੍ਰਾਹਮਣਵਾਦੀ ਵਿਚਾਰ ਧਾਰਾ ਤੋਂ ਗ੍ਰਸਤ ਹਨ ਅਤੇ ਉਹ ਆਪਣੇ ਘਰਾਂ ਵਿਚ ਬ੍ਰਾਹਮਣਵਾਦੀ ਕਰਮ ਕਾਂਡਾਂ ਦੇ ਮਹਾਂਜਾਲ ਵਿਚ ਫਸੀਆਂ ਹੋਈਆਂ ਹਨ, ਉਹਨਾਂ ਨੂੰ ਇਸ ਕਰਮਕਾਂਡ ਦੇ ਮਹਾਂਜਾਲ ਤੋਂ ਬਾਹਰ ਕੱਢਣਾ ਹੋਵੇਗਾ। ਉਹਨਾਂ ਨੂੰ ਆਪਣੇ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨਾਲ ਜੋੜਨਾ ਹੋਵੇਗਾ। ਉਹਨਾਂ ਦੇ ਦਿਮਾਗ ਵਿਚ ਸਾਡੀ ਮੂਲ ਨਿਵਾਸੀ ਵਿਚਾਰਧਾਰਾ ਸਥਾਪਤ ਕਰਨੀ ਹੋਵੇਗੀ। ਮੈਂ ਪਿਛਲੇ ਵੀਹ ਸਾਲਾਂ ਤੋਂ ਬਾਮਸੇਫ ਦੇ ਅਧਿਵੇਸ਼ਨਾਂ ਵਿਚ ਆ ਰਹੀ ਹਾਂ, ਮੈਨੂੰ ਮੇਰੇ ਮਾਤਾ-ਪਿਤਾ ਲੈ ਕੇ ਆਉਂਦੇ ਸਨ, ਉਦੋਂ ਸਾਡੇ ਅੰਦਰ ਬਾਬਾ ਸਾਹਿਬ ਦੀ ਵਿਚਾਰਧਾਰਾ ਸਮਝ ਵਿਚ ਆਈ ਅਤੇ ਮੈਂ ਇਸ ਅੰਦੋਲਨ ਦੇ ਲਈ ਤਿਆਰ ਹੋਈ। ਹੁਣ ਮੈਂ ਆਪਣੇ ਬਾਲ ਬੱਚਿਆਂ ਨੂੰ ਲੈ ਕੇ ਆਉਂਦੀ ਹਾਂ ਅਤੇ ਸਾਡੇ ਬੱਚੇ ਵੀ ਇਸ ਅੰਦੋਲਨ ਦੇ ਲਈ ਤਿਆਰ ਹੋ ਰਹੇ ਹਨ। ਇਸ ਅਧਿਵੇਸ਼ਨ ਵਿਚ ਬਹੁਤ ਸਾਰੇ ਪੁਰਸ਼ ਆਉਂਦੇ ਹਨ ਪਰ ਉਹ ਆਪਣੇ ਪਰਿਵਾਰ ਨੂੰ ਲੈ ਕੇ ਨਹੀਂ ਆਉਂਦੇ ਹਨ। ਉਹ ਜਦੋਂ ਵੀ ਬਾਮਸੇਫ ਦੇ ਅਧਿਵੇਸ਼ਨ ਵਿਚ ਆਉਣ ਆਪਣੇ ਮਾਤਾ-ਪਿਤਾ, ਭਰਾ ਭੈਣ ਅਤੇ ਬੱਚਿਆਂ ਨੂੰ ਨਾਲ ਲੈ ਕੇ ਆਉਣ, ਫਿਰ ਜਾ ਕੇ ਇਸ ਅੰਦੋਲਨ ਵਿਚ ਔਰਤਾਂ ਦੀ 50 ਫੀਸਦੀ ਹਿੱਸੇਦਾਰੀ ਯਕੀਨੀ ਕਰ ਸਕਦੇ ਹਾਂ। ਤਾਂ ਹੀ ਅਸੀਂ ਇਸ ਕਾਰਵਾਂ ਨੂੰ ਅੱਗੇ ਵਧਾ ਸਕਦੇ ਹਾਂ।

ਗਾਂਧੀ ਜੀ ਆਜ਼ਾਦੀ ਨੂੰ ਠੁਕਰਾਉਣ ਲਈ ਤਿਆਰ ਸਨ ਪਰ ਅਛੂਤਾਂ ਨੂੰ ਅਧਿਕਾਰ ਦੇਣ ਦੇ ਪੱਖ ਵਿਚ ਨਹੀਂ ਸਨ ਮਾਸਟਰ ਹਰਿਭਾਊ ਨਰਕੇ (ਮਹਾਰਾਸ਼ਟਰ) ਸੰਮੇਲਨ ਨੂੰ ਸੰਬੋਧਿਤ ਕਰਦੇ ਹੋਏ ਮਾਸਟਰ ਹਰਿਭਾਊ ਨਰਕੇ ਨੇ ਕਿਹਾ ਕਿ 24 ਸਤੰਬਰ 1932 ਨੂੰ ਪੂਨਾ ਦੀ ਯਰਵਦਾ ਜੇਲ੍ਹ ਵਿਚ ਗਾਂਧੀ ਜੀ ਅਤੇ ਡਾ. ਬਾਬਾ ਸਾਹਿਬ ਅੰਬੇਦਕਰ ਵਿਚਕਾਰ ਪੂਨਾ ਪੈਕਟ ਹੋਇਆ। ਇਸ ਸਾਲ ਪੂਨਾ ਪੈਕਟ ਦੇ 75 ਸਾਲ ਪੂਰੇ ਹੋ ਗਏ। ਇਸ ਮੌਕੇ ਤੇ ਬਾਮਸੇਫ ਦੁਆਰਾ 24 ਸਤੰਬਰ 2007 ਨੂੰ ਪੂਨਾ ਪੈਕਟ ਦਾ ਧਿਕਾਰ ਕਰਦੇ ਹੋਏ ਇਕ ਵਿਸ਼ਾਲ ਸੰਮੇਲਨ ਲਿਆ ਗਿਆ ਸੀ। ਹੁਣ ਉਸ ਸੰਮੇਲਨ ਨੂੰ ਤਿੰਨ ਮਹੀਨੇ ਹੋ ਗਏ ਹਨ। ਇਸ ਤੋਂ ਇਲਾਵਾ ਦੇਸ਼ ਭਰ ਦੇ ਕੋਨੇ-ਕੋਨੇ ਵਿਚ ਪ੍ਰੋਗਰਾਮ ਹੋ ਰਹੇ ਹਨ। ਫੂਲੇ-ਅੰਬੇਦਕਰੀ ਅੰਦੋਲਨ ਵਿਚ ਇਕ ਵਾਰ ਅਤਿਵਾਦ ਦਾ ਵਾਤਾਵਰਣ ਦੇਖ ਰਿਹਾ ਹਾਂ।

ਅੱਜ ਤੱਕ ਬਾਬਾ ਸਾਹਿਬ ਨੂੰ ਮੰਨਣ ਵਾਲੇ ਲੋਕ ਵਿਚਾਰਾਂ ਦੀ ਚਰਚਾ ਕਰਦੇ ਹੋਏ ਕਦੀ ਆਂਤਕ ਨਹੀਂ ਫੈਲਾਇਆ ਕਰਦੇ ਸਨ। ਹੁਣ ਔਰੰਗਾਬਾਦ ਅਤੇ ਕੋਹਲਾਪੁਰ ਵਿਚ ਪੂਨਾ ਪੈਕਟ ਦੇ ਵਿਰੋਧ ਵਿਚ ਬਾਮਸੇਫ ਪ੍ਰੋਗਰਾਮ ਹੋਇਆ, ਉਸ ਵਿਚ ਅੜਿੱਕਾ ਪਹੁੰਚਾਉਣ ਦਾ ਅਸਫਲ ਯਤਨ ਹੋਇਆ। ਹੁਣ ਪੂਨਾ ਦੇ ਇਕ ਪ੍ਰੋਗਰਾਮ ਵਿਚ ਅਸੀਂ ਜੋ ਗੱਲ ਨਹੀਂ ਕਹੀ ਸੀ, ਉਹ ਗੱਲ ਸਮਰਾਟ ਪੱਤਰਿਕਾ ਵਿਚ ਗਲਤ ਛਾਪ ਕੇ ਲੋਕਾਂ ਵਿਚ ਗਲਤਫਹਿਮੀ ਫੈਲਾਈ ਗਈ। ਉਸ ਤੋਂ ਬਾਅਦ ਜੋ ਪੱਤਰ ਵਿਹਾਰ ਹੋਇਆ, ਉਸ ਵਿਚ ਖਾਸ ਕਰਕੇ ਕੋਹਲਾਪੁਰ ਤੋਂ ਪ੍ਰੋ. ਕ੍ਰਿਸ਼ਨਾ ਕਿਰਵਲੀ ਵਰਗੇ ਲੋਕਾਂ ਨੇ ਕਿਹਾ ਕਿ ਬਾਮਸੇਫ ਡਾ. ਅੰਬੇਦਕਰ ਦੇ ਖਿਲਾਫ ਅਤੇ ਅੰਬੇਦਕਰਵਾਦ ਨੂੰ ਮਿਟਾਉਣ ਵਾਲਾ ਸੰਗਠਨ ਹੈ। ਬਾਮਸੇਫ ਦੇ ਖਿਲਾਫ ਅਤੇ ਅੰਬੇਦਕਰਵਾਦ ਨੂੰ ਮਿਟਾਉਣ ਵਾਲਾ ਸੰਗਠਨ ਹੈ। ਬਾਮਸੇਫ ਪੂਨਾ ਪੈਕਟ ਦੇ ਖਿਲਾਫ ਪ੍ਰੋਗਰਾਮ ਕਰ ਰਿਹਾ ਹੈ ਅਤੇ ਹਰੀ ਭਾਊ ਨਰਕੇ ਵੀ ਪ੍ਰੋਗਰਾਮ ਵਿਚ ਜਾ ਰਿਹਾ ਹੈ। ਹਰਿ ਨਰਕੇ ਵੀ ਡਾ. ਅੰਬੇਦਕਰ ਦੇ ਖਿਲਾਫ ਹੈ।

# ਦੁਨੀਆਂ ਵਿਚ ਜਿੱਥੇ-ਜਿੱਥੇ ਕ੍ਰਾਂਤੀ ਹੋਈ ਹੈ, ਉਥੇ ਉਥੇ ਔਰਤਾਂ ਦਾ ਮਹਾਨ ਯੋਗਦਾਨ ਰਿਹਾ ਹੈ

**ਹੰਸਾ ਬੇਨ ਪਟੇਲ (ਵਲਸਾਡ ਗੁਜਰਾਤ)**



ਸਾਥੀਓ ਔਰਤਾਂ ਦੀ ਅੰਦੋਲਨ ਵਿਚ ਹਿੱਸੇਦਾਰੀ ਜ਼ਰੂਰੀ ਹੈ। ਸਾਥੀਓ ਅੱਜ ਸਾਡੀ ਸਿੱਖਿਆ ਖੋਹੀ ਜਾ ਰਹੀ ਹੈ, ਅੱਜ ਸਾਡੀ ਰਿਜ਼ਰਵੇਸ਼ਨ ਖੋਹੀ ਜਾ ਰਹੀ ਹੈ। ਅੱਜ ਸਾਡੇ ਕਿਸਾਂਨਾਂ ਦੀ ਜ਼ਮੀਨ ਸੇਜ਼ ਦੇ ਜ਼ਰੀਏ ਖੋਹੀ ਜਾ ਰਹੀ ਹੈ। ਰਿਟੇਲ ਮਾਰਕੀਟ ਵਿਚ ਪੰਜ ਕਰੋੜ ਲੋਕ ਲੱਗੇ ਹੋਏ ਹਨ, ਉਹਨਾਂ ਦਾ ਵੀ ਧੰਦਾ ਅੱਜ ਖੋਹਿਆ ਜਾ ਰਿਹਾ ਹੈ। ਕਰੋੜਾਂ ਲੋਕ ਭੁੱਖਮਰੀ ਦਾ ਸ਼ਿਕਾਰ ਹਨ, ਹਜ਼ਾਰਾਂ ਲੋਕ ਸਮੂਹਿਕ ਆਤਮ ਹੱਤਿਆਵਾਂ ਕਰ ਰਹੇ ਹਨ।

ਇਹ ਸਾਰੀਆਂ ਸਮੱਸਿਆਵਾਂ ਦਾ ਮੂਲ ਕਾਰਨ ਬ੍ਰਾਹਮਣਵਾਦ ਹੈ ਅਤੇ ਸਾਰੀਆਂ ਸਮੱਸਿਆਵਾਂ ਦਾ ਮੂਲ ਹੱਲ ਸਾਡੀ ਆਜ਼ਾਦੀ ਹੈ। ਮੇਰੀ ਮੂਲ ਨਿਵਾਸੀ ਭੈਣਾਂ ਨੂੰ ਮੇਰੀ ਬੇਨੀਤ ਹੈ ਕਿ ਜਨਤਕ ਅੰਦੋਲਨ ਖੜ੍ਹਾ ਕਰਨ ਦੇ ਲਈ ਉਹਨਾਂ ਨੂੰ ਕੁਰਬਾਨੀ ਦੇਣੀ ਪਵੇਗੀ।

ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਵਿਚ ਜਾ ਕੇ ਔਰਤਾਂ ਅਤੇ ਬੱਚਿਆਂ ਨੂੰ ਦੁਨੀਆਂ ਵਿਚ ਜਿੱਥੇ ਜਿੱਥੇ ਕ੍ਰਾਂਤੀ ਹੋਈ ਹੈ, ਉਥੇ ਔਰਤਾਂ ਦਾ ਮਹਾਨ ਯੋਗਦਾਨ ਰਿਹਾ ਹੈ। ਭਾਰਤ ਵਿਚ ਮਾਤਾ ਸਾਵਿਤਰੀ ਬਾਈ ਫੂਲੇ ਅਤੇ ਰਾਮਾਬਾਈ ਦਾ ਯੋਗਦਾਨ ਵੀ ਅੱਜ ਬਹੁਤ ਪ੍ਰੇਰਨਾ ਸਰੋਤ ਹੈ।

# ਔਰਤਾਂ ਬ੍ਰਾਹਮਣੀ ਮਾਨਸਿਕਤਾ ਦੀਆਂ ਗੁਲਾਮ ਹਨ

**ਅਸ਼ੀਵਰਦ ਬੀ. ਲਟਾ (ਗੁਜਰਾਤ)**



ਸਾਥੀਓ ਸਾਡੇ ਸਮਾਜ ਦੇ ਅੰਦੋਲਨ ਵਿਚ 50 ਫੀਸਦੀ ਹਿੱਸੇਦਾਰੀ ਔਰਤਾਂ ਦੀ ਹੋਣੀ ਜ਼ਰੂਰੀ ਹੈ। ਕਿਉਂਕਿ ਇਕ ਔਰਤ ਜਦੋਂ ਅੰਦੋਲਨ ਦੇ ਲਈ ਤਿਆਰ ਹੁੰਦੀ ਹੈ ਤਾਂ ਉਹ ਆਪਣੇ ਬੇਟੇ, ਬੇਟੀ ਅਤੇ ਨੂੰਹ ਨੂੰ ਵੀ ਤਿਆਰ ਕਰਦੀ ਹੈ। ਅੱਜ ਅਸੀਂ ਸੰਘਰਸ਼ ਵਿਚ ਉਤਰ ਗਏ ਹਾਂ। ਔਰਤਾਂ ਅੱਜ ਤਾਕਤਵਰ ਹਨ। ਉਹ ਸਟੇਜ ਤੇ ਆ ਕੇ ਆਪਣੀ ਮਜ਼ਬੂਤ ਮਨੋ ਸ਼ਕਤੀ ਦਾ ਸਬੂਤ ਦੇ ਰਹੀਆਂ ਹਨ। ਔਰਤਾਂ ਵਿਚ ਲੁਕੀ ਹੋਈ ਅੰਦਰੂਨੀ ਤਾਕਤ ਨੂੰ ਪ੍ਰਗਟ ਕਰਨਾ ਹੋਵੇਗਾ, ਕਿਉਂਕਿ ਬ੍ਰਾਹਮਣਾਂ ਨੇ ਸਦੀਆਂ ਤੋਂ ਇਸ ਸ਼ਕਤੀ ਨੂੰ ਸਵਾ ਦਿੱਤਾ ਹੈ। ਅੱਜ ਵੀ ਅਸੀਂ ਸਾਰੀਆਂ ਔਰਤਾਂ ਬ੍ਰਾਹਮਣਾਂ ਦੀ ਵਿਚਾਰਧਾਰਾ ਦੀਆਂ ਗੁਲਾਮ ਹਾਂ। ਔਰਤਾਂ ਨੂੰ ਇਸ ਗੁਲਾਮੀ ਤੋਂ ਨਿਕਲ ਕੇ ਆਜ਼ਾਦ ਹੋਣਾ ਹੋਵੇਗਾ।

ਸਾਥੀਓ, ਅਸੀਂ ਔਰਤਾਂ ਵਿਚ ਇੰਨੀ ਤਾਕਤ ਹੈ ਕਿ ਜੇਕਰ ਬਾਬਾ ਸਾਹਿਬ ਜਯੋਤੀਰਾਓ ਫੂਲੇ, ਪੇਰੀਆਰ ਰਾਮਾਸਵਾਮੀ ਵਰਗੇ ਮਹਾਨ ਪੁਰਸ਼ਾਂ ਦੀ ਵਿਚਾਰਧਾਰਾ ਔਰਤਾਂ ਦੇ ਦਿਮਾਗ ਵਿਚ ਜਿਸ ਦਿਨ ਤੋਂ ਕੰਮ ਕਰਨਾ ਸ਼ੁਰੂ ਕਰ ਦੇਵੇਗਾ, ਉਸ ਦਿਨ ਇਕ ਔਰਤ ਅੰਦੋਲਨ ਨੂੰ ਜਨਤਕ ਅੰਦੋਲਨ ਵਿਚ ਬਦਲ ਦੇਣਗੀਆਂ।

ਔਰਤਾਂ ਜੇਕਰ ਟੀਚੇ ਨੂੰ ਠਾਣ ਲੈਣ ਕਿ ਅਸੀਂ ਆਜ਼ਾਦੀ ਲੈਣੀ ਹੈ ਤਾਂ ਉਹ ਇਸ ਟੀਚੇ ਨੂੰ ਪ੍ਰਾਪਤ ਕਰਨ ਦੇ ਲਈ ਆਪਣੀ ਜੀ ਜਾਨ ਲਗਾ ਦਿੰਦੀਆਂ ਹਨ। ਪਰ ਉਹ ਪਿੱਛੇ ਨਹੀਂ ਹਟਦੀਆਂ ਹਨ। ਔਰਤਾਂ ਦੇ ਉਪਰ ਥੋਪੀ ਹੋਈ ਗੁਲਾਮੀ ਔਰਤਾਂ ਨੂੰ ਅੱਗੇ ਆ ਕੇ ਖਤਮ ਕਰਨੀ ਹੋਵੇਗੀ। ਅਸੀਂ ਔਰਤਾਂ ਪਿੰਡਾਂ ਵਿਚ, ਤਹਿਸੀਲਾਂ ਵਿਚ, ਜ਼ਿਲ੍ਹਿਆਂ ਵਿਚ, ਹਰ ਕੋਨੇ ਕੋਨੇ ਵਿਚ ਜਾ ਕੇ ਔਰਤਾਂ ਨੂੰ ਜਗਾਵਾਂਗੀਆਂ।

# ਔਰਤ ਬਹੁਤ ਸ਼ਕਤੀਸ਼ਾਲੀ ਹੈ, ਇਸ ਤਾਕਤ ਦੀ ਵਰਤੋਂ ਅੰਦੋਲਨ ਲਈ ਕਰਨੀ ਹੋਵੇਗੀ

**ਕੁਮਾਰੀ ਅਰਵਿੰਦਾ ਬੇਨ ਡਾਮੋਰ (ਸਾਂਵਰਕਾਠਾ)**



ਸਾਥੀਓ, ਸਾਡੀਆਂ ਔਰਤਾਂ ਸਿੰਧੂ ਘਾਟੀ ਦੀ ਸਭਿਅਤਾ ਵਿਚ ਸ਼ਾਸਕ ਅਤੇ ਸਮਰਾਟ ਸਨ। ਇਸ ਅੰਦੋਲਨ ਵਿਚ ਇਹੀ ਔਰਤਾਂ ਨੂੰ ਮਦਦ ਕਰਨੀ ਹੈ ਤਾਂ ਉਹਨਾਂ ਨੂੰ ਇੱਥੇ ਆ ਕੇ ਪ੍ਰਬੰਧਨ ਅਤੇ ਟਰੇਨਿੰਗ ਲੈਣੀ ਹੋਵੇਗੀ। ਫਿਰ ਇਹ ਸਿੱਖਿਅਤ ਔਰਤਾਂ ਪਿੰਡਾਂ ਵਿਚ ਜਾ ਕੇ ਔਰਤਾਂ ਨੂੰ ਬਾਮਸੇਫ ਦੀ ਵਿਚਾਰਧਾਰਾ ਦੇ ਕੇ ਤਿਆਰ ਕਰ ਸਕਦੀਆਂ ਹਨ। ਇੱਥੇ ਜਿੰਨੀਆਂ ਵੀ ਔਰਤਾਂ ਆਈਆਂ ਹਨ, ਉਹਨਾਂ ਨੂੰ ਪ੍ਰਤੀਗਿਆ ਲੈਣੀ ਹੋਵੇਗੀ। ਤਾਂ ਹੀ ਅਸੀਂ ਇਸ ਅੰਦੋਲਨ ਵਿਚ 50 ਫੀਸਦੀ ਹਿੱਸੇਦਾਰੀ ਨਿਭਾਅ ਸਕਦੀਆਂ ਹਾਂ।

ਜਦੋਂ ਔਰਤਾਂ ਇਸ ਅੰਦੋਲਨ ਨਾਲ ਜੁੜ ਜਾਣਗੀਆਂ ਤਾਂ ਇਹ ਕਾਰਵਾਂ ਅੱਗੇ ਜਾਵੇਗਾ। ਸਾਡੀਆਂ ਔਰਤਾਂ ਬਹੁਤ ਸ਼ਕਤੀਸ਼ਾਲੀ ਹਨ। ਇਹ ਸ਼ਕਤੀ ਇਸ ਅੰਦੋਲਨ ਵਿਚ ਸ਼ਾਮਲ ਕਰਾਂਗੇ ਤਾਂ ਇਹ ਅੰਦੋਲਨ ਸ਼ਕਤੀਸ਼ਾਲੀ ਹੋਵੇਗਾ। ਫਿਰ ਜਾ ਕੇ ਇਹ ਅੰਦੋਲਨ ਸਫਲ ਹੋਵੇਗਾ।

# ਬਾਮਸੇਫ ਦੀ ਵਿਚਾਰਧਾਰਾ ਕਾਰਨ ਔਰਤਾਂ ਵਿਚ ਜਾਗਰਤੀ ਫੈਲ ਰਹੀ ਹੈ

**ਕੁਮਾਰੀ ਜੀਜਾਬੇਨ ਅਰਸੋੜਾ (ਗੁਜਰਾਤ)**



ਸਾਥੀਓ ਇਸ ਅੰਦੋਲਨ ਨੂੰ ਸਫਲ ਕਰਨ ਦੇ ਲਈ ਅਜਿਹੀਆਂ ਔਰਤਾਂ ਨੂੰ ਤਿਆਰ ਕਰਨਾ ਹੋਵੇਗਾ ਜੋ ਇਸ ਵਿਵਸਥਾ ਨਲ ਲੜਨ ਦੇ ਲਈ ਆਪਣੀ ਜਾਨ ਦੀ ਪਰਵਾਹ ਤੱਕ ਨਾ ਕਰਨ। ਇਸ ਅੰਦੋਲਨ ਵਿਚ 50 ਫੀਸਦੀ ਔਰਤਾਂ ਜੁੜਨਗੀਆਂ ਤਾਂ ਇਹ ਅੰਦੋਲਨ ਸਫਲ ਹੋ ਸਕਦਾ ਹੈ। ਸਾਡੀਆਂ ਔਰਤਾਂ ਸਾਲਾਂ ਤੋਂ ਬ੍ਰਾਹਮਣਵਾਦੀ ਮਾਨਸਿਕਤਾ ਦੀ ਗੁਲਾਮੀ ਦੀਆਂ ਸ਼ਿਕਾਰ ਹਨ। ਇਸ ਕਰਕੇ ਇਸ ਮਾਨਸਿਕ ਗੁਲਾਮੀ ਤੋਂ ਉਹਨਾਂ ਨੂੰ ਦੂਰ ਕਰਨਾ ਹੈ।

ਔਰਤਾਂ ਨੂੰ ਬਾਮਸੇਫ ਦੀ ਵਿਚਾਰਧਾਰਾ ਸਮਝਾਉਣੀ ਹੋਵੇਗੀ। ਜਦੋਂ ਉਹ ਬਾਮਸੇਫਦੀ ਵਿਚਾਰਧਾਰਾ ਸਮਝਣਗੀਆਂ ਤਾਂ ਉਹ ਬ੍ਰਾਹਮਣਾਂ ਦੀ ਮਾਨਸਿਕ ਗੁਲਾਮੀ ਤੋਂ ਦੂਰ ਹੋਣਗੀਆਂ। ਫਿਰ ਜਾ ਕੇ ਉਹ ਇਸ ਅੰਦੋਲਨ ਨਾਲ ਜੁੜਨਗੀਆਂ। ਸਾਥੀਓ, ਮੈਂ ਸਾਵਿਤ੍ਰੀ ਬਾਈ ਫੂਲੇ ਅਤੇ ਜੋਤਿਵਾ ਫੂਲੇ ਨੂੰ ਪ੍ਰਣਾਮ ਕਰਦੀ ਹਾਂ। ਸਵਿਤ੍ਰੀ ਬਾਈ ਫੂਲੇ ਨੇ ਰਾਸ਼ਟਰ ਪਿਤਾ ਜਯੋਤਿਬਾ ਫੂਲੇ ਤੋਂ ਪ੍ਰੇਰਨਾ ਲੈ ਕੇ ਪੜ੍ਹਨ ਲਿਖਣਾ ਸਿੱਖਿਆ। ਉਹ ਆਧੁਨਿਕ ਭਾਰਤ ਦੀ ਪਹਿਲੀ ਵਿਦਿਆਰਥਣ ਬਣੀ।

ਉਸ ਤੋਂ ਬਾਅਦ ਮਾਤਾ ਸਵਿੱਤਰੀ ਬਾਈ ਫੂਲੇ ਨੇ ਔਰਤਾਂ ਨੂੰ ਗੁਲਾਮੀ ਤੋਂ ਮੁਕਤ ਕਰਵਾਉਣ ਦੇ ਲਈ ਪੜ੍ਹਾਉਣਾ ਸ਼ੁਰੂ ਕੀਤਾ ਅਤੇ ਮਾਤਾ ਸਵਿਤਰੀ ਬਾਈ ਭਾਰਤ ਦੀ ਪਹਿਲੀ ਅਧਿਆਪਕਾ ਬਣੀ। ਸਾਨੂੰ ਅੱਜ ਦੇ ਸਮੇਂ ਵਿਚ ਬਹੁਤ ਕੁਝ ਬਣਿਆ ਬਣਾਇਆ ਮਿਲਿਆ ਹੈ। ਉਸਨੂੰ ਸਿੱਖ ਕੇ ਅਸੀਂ ਆਪਣੇ ਟੀਚੇ ਨੂੰ ਪੂਰਾ ਕਰਨਾ ਹੈ।

ਝਲਕਾਰੀ ਬਾਈ ਜੋ ਮੂਲ ਨਿਵਾਸੀ ਔਰਤ ਸੀ, ਉਹਨਾਂ ਨੇ ਝਾਂਸੀ ਦੀ ਰਾਣੀ ਦੇ ਨਾਲ ਲੜਾਈ ਲੜੀ ਪਰ ਬ੍ਰਾਹਮਣਾਂ ਨੇ ਉਸਦੇ ਇਤਿਹਾਸ ਨੂੰ ਲੁਕੋ ਲਿਆ। ਅੱਜ ਬਾਮਸੇਫ ਦੇ ਜ਼ਰੀਏ ਇਤਿਹਾਸ ਨੂੰ ਫਿਰ ਤੋਂ ਰਚਿਆ ਜਾ ਰਿਹਾ ਹੈ। ਇਹ ਦੇਸ਼ ਮਾਵਾਂ ਦਾ ਦੇਸ਼ ਸੀ, ਜਿੱਕੇ ਔਰਤਾਂ ਪ੍ਰਧਾਨ ਸਨ। ਅੱਜ ਉਹ ਔਰਤ ਗੁਲਾਮ ਹੈ। ਅੱਜ ਬਾਮਸੇਫ ਦੀ ਵਿਚਾਰਧਾਰਾ ਦੇ ਕਾਰਨ ਔਰਤਾਂ ਵਿਚ ਜਾਗਰਤੀ ਆ ਗਈ ਹੈ। ਅੱਜ ਅੱਖਾਂ ਵਿਚ ਅੰਗਾਰੇ ਅਤੇ ਬਗਲ ਵਿਚ ਤਲਵਾਰ ਲਈ ਔਰਤਾਂ ਤਿਆਰ ਕਰਨੀਆਂ ਹੋਣਗੀਆਂ। ਤਾਂ ਜਾ ਕੇ ਇਹ ਅੰਦੋਲਨ ਸਫਲ ਹੋਵੇਗਾ।

# ਔਰਤਾਂ ਬ੍ਰਾਹਮਣਵਾਦੀ ਮਾਨਸਿਕਤਾ ਤੇ ਬਣੇ ਸੀਰੀਅਲ ਦੇਖਕੇ ਅੰਧ ਵਿਸ਼ਵਾਸ ਵਿਚ ਫਸ ਜਾਂਦੀਆਂ ਹਨ

**ਕੁਮਾਰੀ ਰੰਜਨਾ ਮੇਛ੍ਰਾਮ (ਮਹਾਰਾਸ਼ਟਰ)**



ਸਾਥੀਓ ਅੱਜ ਸਾਡੀਆਂ ਔਰਤਾਂ ਬ੍ਰਾਹਮਣਵਾਦੀ ਪ੍ਰਚਾਰ ਵਿਚ ਫਸੀਆਂ ਹਨ। ਉਹ ਸਾਰਾ ਦਿਨ ਸੀਰੀਅਲ ਦੇਖਦੀਆਂ ਰਹਿੰਦੀਆਂ ਹਨ ਅਤੇ ਸੀਰੀਅਲ ਵਿਚ ਸਿਰਫ ਅੰਧ ਵਿਸ਼ਵਾਸ ਵਧਾਉਣ ਦਾ ਪ੍ਰੋਗਰਾਮ ਚਲਦਾ ਹੈ। ਅੰਧ ਵਿਸ਼ਵਾਸ ਦੇ ਨਾਲ-ਨਾਲ ਘਰ ਦਾ ਝਗੜਾ ਦਿਖਾਇਆ ਜਾਂਦਾ ਹੈ। ਇਹੀ ਦੇਖਕੇ ਸਾਡੀਆਂ ਔਰਤਾਂ ਗੁੰਮਰਾਹ ਹੋ ਜਾਂਦੀਆਂ ਹਨ। ਦੇਸ਼ ਵਿਚ ਕੀ ਹੋ ਰਿਹਾ ਹੈ, ਇਸਦੀ ਜਾਣਕਾਰੀ ਨਹੀਂ ਮਿਲਦੀ। ਜੇਕਰ ਉਹਨਾਂ ਨੂੰ ਇਸ ਜਨ ਅੰਦੋਲਨ ਵਿਚ ਸ਼ਾਮਲ ਕਰਨਾ ਹੈ ਤਾਂ ਉਹਨਾਂ ਨੂੰ ਕੀ ਕਰਨਾ ਪਵੇਗਾ। ਉਹਨਾਂ ਨੂੰ ਸਾਡੇ ਸਮਾਜ ਦੀ ਸਮੱਸਿਆ ਦੱਸਣੀ ਹੋਵੇਗੀ। ਅੱਜ ਐਲ ਪੀ ਜੀ ਦੇ ਕਾਰਨ ਸਾਡੇ ਪੜ੍ਹੇ ਲਿਖੇ ਬੱਚਿਆਂ ਨੂੰ ਨੌਕਰੀ ਨਹੀਂ ਮਿਲ ਰਹੀ ਅਤੇ ਉਹ ਬੇਰੁਜ਼ਗਾਰ ਘੁੰਮ ਰਹੇ ਹਨ। ਉਹਨਾਂ ਨੂੰ ਉਚ ਸਿੱਖਿਆ ਨਹੀਂ ਮਿਲਦੀ ਅਤੇ ਬੁੱਧੀਜੀਵੀ ਵਰਗ ਦਾ ਨਿਰਮਾਣ ਨਹੀਂ ਹੋਵੇਗਾ। ਅਤੇ ਉਹ ਡਾਕਟਰ, ਇੰਜੀਨੀਅਰ, ਵਿਗਿਆਨਕ ਅਤੇ ਅਧਿਕਾਰੀ ਨਹੀਂ ਬਣ ਸਕਣਗੇ। ਸੇਜ਼ ਦੇ ਕਾਰਨ ਸਾਡੇ ਕਿਸਾਨਾਂ ਦੀਆਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ। ਦੇਸ਼ ਵਿਚ ਵੱਡੇ-ਵੱਡੇ ਮਾਲ ਕੰਪਲੈਕਸ ਬਣਾਏ ਜਾ ਰਹੇ ਹਨ। ਜਿਸ ਕਾਰਨ ਖੁਦਰਾ ਕਾਰੋਬਾਰ ਵਿਚ ਸਾਡੇ ਜੋ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੈ, ਉਹ ਬੇਰੁਜ਼ਗਾਰ ਹੋ ਰਹੇ ਹਨ।

ਅਜਿਹੀਆਂ ਭਿਆਨਕ ਪ੍ਰਸਥਿਤੀਆਂ ਵਿਚ ਸਾਨੂੰ ਹੱਥ ਨਾਂਲ ਹੱਥ ਮਿਲਾ ਕੇ ਬੈਠੇ ਰਹਿਣ ਨਾਲ ਕੁਝ ਨਹੀਂ ਹੋਣ ਵਾਲਾ। ਬਾਬਾ ਸਾਹਿਬ ਨੇ ਭਾਗ 18 ਦੇ ਪੇਜ ਨੰਬਰ 143 ਤੇ ਲਿਖਿਆ ਹੈ ਕਿ ਕੋਈ ਵੀ ਅੰਦੋਲਨ ਨੂੰ ਸਫਲ ਕਰਨ ਦੇ ਲਈ ਔਰਤਾਂ ਦੀ ਮਦਦ ਹੋਣੀ ਬਹੁਤ ਜ਼ਰੂਰੀ ਹੈ।

ਸਾਥੀਓ ਪਰਿਵਾਰ ਦੀ ਸਮੱਸਿਆ ਨੂੰ ਸੁਲਝਾਉਣ ਦੇ ਲਈ ਪੁਰਸ਼ ਅਤੇ ਔਰਤ ਮਿਲ ਕੇ ਕੰਮ ਕਰਦੇ ਹਨ। ਉਸੇ ਤਰ੍ਹਾਂ ਦੇਸ਼ ਦੀ ਸਮੱਸਿਆ ਨੂੰ ਸੁਲਝਾਉਣਾ ਹੈ ਤਾਂ ਪੁਰਸ਼ ਅਤੇ ਔਰਤਾਂ ਦੋਵਾਂ ਨੂੰ ਬਰਾਬਰ ਦਾ ਸਹਿਯੋਗ ਜ਼ਰੂਰੀ ਹੈ। ਜਯੋਤਿਬਾ ਫੂਲੇ ਅਤੇ ਸਵਿਤਰੀ ਬਾਈ ਫੂਲੇ ਨੇ ਔਰਤਾਂ ਜੋ ਸਿੱਖਿਆ ਤੋਂ ਵਾਂਝੀਆਂ ਸਨ, ਨੂੰ ਸਿੱਖਿਆ ਦਿਵਾਈ ਅਤੇ ਔਰਤਾਂ ਦੇ ਅੰਦਰ ਸਨਮਾਨ ਅਤੇ ਸਵੈਮਾਣ ਜਗਾਇਆ।

# ਐਲ ਪੀ ਜੀ ਨੇ ਸੰਵਿਧਾਨਕ ਅਧਿਕਾਰ ਖਤਮ ਕਰ ਦਿੱਤਾ

**ਮੰਗਲਾ ਥੋਰਾਤ, ਅਕੋਲਾ (ਮਹਾਰਾਸ਼ਟਰ)**



ਸਾਥੀਓ ਬੁੱਧ ਨੇ ਇਸ ਦੇਸ਼ ਵਿਚ ਪਹਿਲੀ ਵਾਰ ਕ੍ਰਾਂਤੀ ਲਿਆਂਦੀ ਸੀ ਜੋ 500 ਸਾਲਾਂ ਤੱਕ ਸਥਾਪਤ ਰਹੀ। ਗੌਤਮ ਬੁੱਧ ਨੇ ਜੋ ਵਿਚਾਰਕ ਕ੍ਰਾਂਤੀ ਲਿਆਂਦੀ ਸੀ, ਇਸ ਨਾਲ ਚਾਰ ਤਬਦੀਲੀਆਂ ਆਈਆਂ ਸਨ। ਪਹਿਲਾ ਰਾਜਕੀ, ਦੂਜਾ ਸਮਾਜਿਕ, ਤੀਜੀ ਆਰਥਿਕ ਅਤੇ ਚੌਥੀ ਧਾਰਮਿਕ ਤਬਦੀਲੀ ਆਈ। ਉਹਨਾਂ ਨੇ ਵਿਚਾਰਕ ਤਬਦੀਲੀ ਦੇ ਦੁਆਰਾ ਸਭ ਤੋਂ ਪਹਿਲਾਂ ਔਰਤਾਂ ਨੂੰ ਗੁਲਾਮੀ ਤੋਂ ਮੁਕਤ ਕੀਤਾ। ਔਰਤਾਂ ਦਾ ਇਕ ਸੰਘ ਬਣਾ ਕੇ ਉਹਨਾਂ ਨੂੰ ਵੀ ਵਿਚਾਰਕ ਕ੍ਰਾਂਤੀ ਵਿਚ ਸ਼ਾਮਲ ਕੀਤਾ। ਫਿਰ ਜਾ ਕੇ ਉਹਨਾਂ ਦੀ ਕ੍ਰਾਂਤੀ ਸਫਲ ਹੋਈ। ਅੱਜ ਜੋ ਮਹਾਂਪੁਰਸ਼ਾਂ ਦੇ ਅੰਦੋਲਨ ਚੱਲ ਰਹੇ ਹਨ, ਇਸ ਅੰਦੋਲਨ ਨੂੰ ਪੂਰਾ ਕਰਨ ਦੇ ਲਈ 50 ਫੀਸਦੀ ਔਰਤਾਂ ਨੂੰ ਇਸ ਅੰਦੋਲਨ ਨਾਲ ਜੋੜਨਾ ਜ਼ਰੂਰੀ ਹੈ। ਔਰਤਾਂ ਨੂੰ ਸ਼ਾਮ ਕੀਤੇ ਬਿਨਾਂ ਇਹ ਕ੍ਰਾਂਤੀ ਸਫਲ ਨਹੀਂ ਹੋ ਸਕਦੀ। ਸਾਥੀਓ 108 ਸਾਲਾਂ ਦੇ ਅੰਦੋਲਨ ਤੋਂ ਬਾਅਦ ਸਾਡੇ ਮਹਾਂਪੁਰਸ਼ਾਂ ਨੇ ਸੰਵਿਧਾਨ ਦੇ ਜ਼ਰੀਏ ਜੋ ਅਧਿਕਾਰ ਦਿਵਾਇਆ ਸੀ, ਉਹ ਅਧਿਕਾਰ ਐਲ ਪੀ ਜੀ ਦੇ ਜ਼ਰੀਏ ਖਤਮ ਹੋ ਗਿਆ ਹੈ ਅਤੇ ਸਾਡੀ 100 ਫੀਸਦੀ ਰਿਜ਼ਰਵੇਸ਼ਨ ਖਤਮ ਹੋ ਗਈ ਹੈ। ਸਾਡੇ ਮੂਲ ਅਧਿਕਾਰ ਖਤਮ ਕੀਤੇ ਜਾ ਚੁੱਕੇ ਹਨ। ਅੱਜ ਸਾਡੀਆਂ ਔਰਤਾਂ ਨੂੰ ਇਹ ਗੱਲ ਪਤਾ ਨਹੀਂ ਹੈ। ਸੇਜ਼ ਦੇ ਜ਼ਰੀਏ ਜ਼ਮੀਨ ਖੋਹੀ ਜਾ ਰਹੀ ਹੈ, ਸਾਡੇ ਲੱਖਾਂ ਨੌਜਵਾਨ ਬੇਰੁਜ਼ਗਾਰ ਘੁੰਮ ਰਹੇ ਹਨ। ਇਸ ਹਿਸ ਕਰਕੇ ਹੋ ਰਿਹਾ ਹੈ ਕਿਉਂਕਿ ਇਸ ਵਿਵਸਥਾ ਤੇ ਬ੍ਰਾਹਮਣਾਂ ਦਾ ਕਬਜਾ ਹੈ। ਸਾਥੀਓ ਸੇਜ਼ ਦੇ ਜ਼ਰੀਏ ਜੋ ਜ਼ਮੀਨ ਖੋਹੀ ਜਾ ਰਹੀ ਹੈ, ਉਹ ਸਾਡੀ ਜ਼ਮੀਨ ਹੈ। ਉਸ ਜ਼ਮੀਨ ਤੇ ਸਾਨੂੰ ਖੜ੍ਹਾ ਹੋਣ ਦਾ ਅਧਿਕਾਰ ਨਹੀਂ ਹੋਵੇਗਾ। ਜਯੋਤਿਰਾਓ ਫੂਲੇ ਦੇ ਸਮੇਂ ਸਾਡੇ ਲੋਕਾਂ ਨੂੰ ਦਿਨ ਵਿਚ ਨਿਕਲਣ ਦਾ ਅਧਿਕਾਰ ਨਹੀਂ ਸੀ। ਅੱਜ ਅਧਿਕਾਰ ਖਤਮ ਹੋ ਰਿਹਾ ਹੈ ਅਤੇ ਸਾਡੀ ਜ਼ਮੀਨ ਤੇ ਅਸੀਂ ਖੁਸ਼ ਨਹੀਂ ਰਹਿ ਸਕਾਂਗੇ। ਜਯੋਤੀਰਾਓ ਫੂਲੇ ਦੇ ਵਕਤ ਜੋ ਵਿਵਸਥਾ ਸੀ, ਉਹ ਵਿਵਸਥਾ ਖਤਮ ਕਰਨ ਦੇ ਲਈ ਸਭ ਤੋਂ ਪਹਿਲਾਂ ਉਹਨਾਂ ਨੇ ਆਪਣੀ ਪਤਨੀ ਸਵਿਤਰੀ ਬਾਈ ਫੂਲੇ ਨੂੰ ਤਿਆਰ ਕੀਤਾ, ਉਸਨੂੰ ਸਿੱਖਿਅਤ ਕੀਤਾ ਅਤੇ ਵਿਵਸਥਾ ਨਾਲ ਲੜਨ ਲਈ ਤਿਆਰ ਕੀਤਾ। ਅੱਜ ਵੀ ਅਸੀਂਵਿਵਸਥਾ ਤਬਦੀਲੀ ਦੇ ਲਈ ਅੰਦੋਲਨ ਕਰ ਰਹੇ ਹਾਂ, ਤਾਂ ਅਸੀਂ ਵੀ ਆਪਣੀ ਪਤਨੀ, ਭੈਣ ਅਤੇ ਬੇਟੀ ਨੂੰ ਸਿੱਖਿਅਤ ਕਰਨਾ ਹੈ ਅਤੇ ਉਸਨੂੰ ਵੀ ਇਸ ਅੰਦੋਲਨ ਦੇ ਲਈ ਤਿਆਰ ਕਰਨਾ ਹੈ।

# ਗਾਂਧੀ ਜੀ ਆਜ਼ਾਦੀ ਨੂੰ ਠੁਕਰਾਉਣ ਲਈ ਤਿਆਰ ਸਨ ਪਰ ਅਛੂਤਾਂ ਨੂੰ ਅਧਿਕਾਰ ਦੇਣ ਦੇ ਪੱਖ ਵਿਚ ਨਹੀਂ ਸਨ


**ਮਾਸਟਰ ਹਰਿਭਾਊ ਨਰਕੇ (ਮਹਾਰਾਸ਼ਟਰ)**



ਸੰਮੇਲਨ ਨੂੰ ਸੰਬੋਧਿਤ ਕਰਦੇ ਹੋਏ ਮਾਸਟਰ ਹਰਿਭਾਊ ਨਰਕੇ ਨੇ ਕਿਹਾ ਕਿ 24 ਸਤੰਬਰ 1932 ਨੂੰ ਪੂਨਾ ਦੀ ਯਰਵਦਾ ਜੇਲ੍ਹ ਵਿਚ ਗਾਂਧੀ ਜੀ ਅਤੇ ਡਾ. ਬਾਬਾ ਸਾਹਿਬ ਅੰਬੇਦਕਰ ਵਿਚਕਾਰ ਪੂਨਾ ਪੈਕਟ ਹੋਇਆ। ਇਸ ਸਾਲ ਪੂਨਾ ਪੈਕਟ ਦੇ 75 ਸਾਲ ਪੂਰੇ ਹੋ ਗਏ। ਇਸ ਮੌਕੇ ਤੇ ਬਾਮਸੇਫ ਦੁਆਰਾ 24 ਸਤੰਬਰ 2007 ਨੂੰ ਪੂਨਾ ਪੈਕਟ ਦਾ ਧਿਕਾਰ ਕਰਦੇ ਹੋਏ ਇਕ ਵਿਸ਼ਾਲ ਸੰਮੇਲਨ ਲਿਆ ਗਿਆ ਸੀ। ਹੁਣ ਉਸ ਸੰਮੇਲਨ ਨੂੰ ਤਿੰਨ ਮਹੀਨੇ ਹੋ ਗਏ ਹਨ। ਇਸ ਤੋਂ ਇਲਾਵਾ ਦੇਸ਼ ਭਰ ਦੇ ਕੋਨੇ-ਕੋਨੇ ਵਿਚ ਪ੍ਰੋਗਰਾਮ ਹੋ ਰਹੇ ਹਨ। ਫੂਲੇ-ਅੰਬੇਦਕਰੀ ਅੰਦੋਲਨ ਵਿਚ ਇਕ ਵਾਰ ਅਤਿਵਾਦ ਦਾ ਵਾਤਾਵਰਣ ਦੇਖ ਰਿਹਾ ਹਾਂ। ਅੱਜ ਤੱਕ ਬਾਬਾ ਸਾਹਿਬ ਨੂੰ ਮੰਨਣ ਵਾਲੇ ਲੋਕ ਵਿਚਾਰਾਂ ਦੀ ਚਰਚਾ ਕਰਦੇ ਹੋਏ ਕਦੀ ਆਂਤਕ ਨਹੀਂ ਫੈਲਾਇਆ ਕਰਦੇ ਸਨ। ਹੁਣ ਔਰੰਗਾਬਾਦ ਅਤੇ ਕੋਹਲਾਪੁਰ ਵਿਚ ਪੂਨਾ ਪੈਕਟ ਦੇ ਵਿਰੋਧ ਵਿਚ ਬਾਮਸੇਫ ਪ੍ਰੋਗਰਾਮ ਹੋਇਆ, ਉਸ ਵਿਚ ਅੜਿੱਕਾ ਪਹੁੰਚਾਉਣ ਦਾ ਅਸਫਲ ਯਤਨ ਹੋਇਆ। ਹੁਣ ਪੂਨਾ ਦੇ ਇਕ ਪ੍ਰੋਗਰਾਮ ਵਿਚ ਅਸੀਂ ਜੋ ਗੱਲ ਨਹੀਂ ਕਹੀ ਸੀ, ਉਹ ਗੱਲ ਸਮਰਾਟ ਪੱਤਰਿਕਾ ਵਿਚ ਗਲਤ ਛਾਪ ਕੇ ਲੋਕਾਂ ਵਿਚ ਗਲਤਫਹਿਮੀ ਫੈਲਾਈ ਗਈ।

ਉਸ ਤੋਂ ਬਾਅਦ ਜੋ ਪੱਤਰ ਵਿਹਾਰ ਹੋਇਆ, ਉਸ ਵਿਚ ਖਾਸ ਕਰਕੇ ਕੋਹਲਾਪੁਰ ਤੋਂ ਪ੍ਰੋ. ਕ੍ਰਿਸ਼ਨਾ ਕਿਰਵਲੀ ਵਰਗੇ ਲੋਕਾਂ ਨੇ ਕਿਹਾ ਕਿ ਬਾਮਸੇਫ ਡਾ. ਅੰਬੇਦਕਰ ਦੇ ਖਿਲਾਫ ਅਤੇ ਅੰਬੇਦਕਰਵਾਦ ਨੂੰ ਮਿਟਾਉਣ ਵਾਲਾ ਸੰਗਠਨ ਹੈ। ਬਾਮਸੇਫ ਦੇ ਖਿਲਾਫ ਅਤੇ ਅੰਬੇਦਕਰਵਾਦ ਨੂੰ ਮਿਟਾਉਣ ਵਾਲਾ ਸੰਗਠਨ ਹੈ। ਬਾਮਸੇਫ ਪੂਨਾ ਪੈਕਟ ਦੇ ਖਿਲਾਫ ਪ੍ਰੋਗਰਾਮ ਕਰ ਰਿਹਾ ਹੈ ਅਤੇ ਹਰੀ ਭਾਊ ਨਰਕੇ ਵੀ ਪ੍ਰੋਗਰਾਮ ਵਿਚ ਜਾ ਰਿਹਾ ਹੈ। ਹਰਿ ਨਰਕੇ ਵੀ ਡਾ. ਅੰਬੇਦਕਰ ਦੇ ਖਿਲਾਫ ਹੈ।

# ਇੰਡਸ ਵੈਲੀ ਅਮੈਰੀਕਨ ਚੈਂਬਰ ਆਫ ਕਾਮਰਸ (IVACC) ਨੇ ਛੇਵੀਂ ਸਾਲਾਨਾ ਪਿਕਨਿਕ ਕੈਲੀਫੋਰਨੀਆ ਦੇ ਇਕਨਾਮਿਕ ਡਿਵੈਲਪਮੈਂਟ ਕਮਿਸ਼ਨਰ ਸਵਰਗੀ ਸ੍ਰੀ ਲਾਹੌਰੀ ਰਾਮ ਜੀ ਦੀ ਯਾਦ ਵਿਚ ਮਨਾਈ















ਅਸੈਂਬਲੀ ਮੈਂਬਰ ਡਾ. ਰਿਚਰਡ ਪੈਨ ਅਤੇ ਹੰਸ ਰਾਜ ਕਾਜਲਾ 'ਦੇਸ਼ ਦੁਆਬਾ' ਅਖ਼ਬਾਰ ਨਾਲ






ਸੈਕਰਾਮੈਂਟੋ (ਡੀ. ਡੀ. ਬੀ.)- ਇੰਡਸ ਵੈਲੀ ਅਮੈਰਿਕਨ ਚੈਂਬਰ ਆਫ ਕਾਮਰਸ (IVACC) ਨੇ ਆਪਣੀ ਛੇਵੀਂ ਸਾਲਾਨਾ ਪਿਕਨਿਕ ਕੈਲੇਫੋਰਨੀਆ ਦੇ ਇਕਨਾਮਿਕ ਡਿਵੈਲਪਮੈਂਟ ਕਮਿਸ਼ਨਰ ਸਵਰਗੀ ਸ੍ਰੀ ਲਾਹੌਰੀ ਰਾਮ ਜੀ ਦੀ ਨਿੱਘੀ ਯਾਦ ਵਿਚ ਬੜੇ ਮਾਣ ਸਨਮਾਨ ਤਹਿਤ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਨਾਲ ਲੱਗਦੇ ਸ਼ਹਿਰ ਐਲਕ ਗਰੋਵ ਦੇ ਐਲਕ ਗਰੋਵ ਪਾਰਕ ਵਿਖੇ 17 ਅਗਸਤ 2014 ਨੂੰ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਮਨਾਈ।

ਇਸ ਵਿਸ਼ੇਸ਼ ਪਿਕਨਿਕ ਪ੍ਰੋਗਰਾਮ ਸਮੇਂ ਜਿੱਥੇ ਬਹੁਗਿਣਤੀ ਪੰਜਾਬੀ ਭਾਈਚਾਰਾ ਇਕੱਤਰ ਹੋਇਆ, ਉਥੇ ਉਘੇ ਰਾਜਨੀਤਿਕ ਆਗੂਆਂ ਨੇ ਪਹੁੰਚ ਕੇ ਮਾਣਯੋਗ ਸ੍ਰੀ ਲਾਹੌਰੀ ਰਾਮ ਜੀ ਪ੍ਰਤੀ ਆਪਣੇ ਸ਼ਬਦ ਰੱਖਦਿਆਂ ਸਰੋਤਿਆਂ ਨਾਲ ਸਾਂਝ ਪਾਈ। ਉਹਨਾਂ ਵਿਚ ਵਿਸ਼ੇਸ਼ ਤੌਰ ਤੇ ਕਾਂਗਰਸਮੈਨ ਡਾ: ਐਮੀ ਬੈਰਾ, ਅਸੈਂਬਲੀ ਮੈਂਬਰ ਰਿਚਰਡ ਪੈਨ, ਅਸੈਂਬਲੀ ਮੈਂਬਰ ਰੌਜ਼ਰ ਡਿਕਨਸਨ, ਐਲਕ ਗਰੋਵ ਸਕੂਲ ਦੀ ਬੋਰਡ ਮੈਂਬਰ ਬੌਬੀ ਸਿੰਘ ਐਲਨ, ਯੂਬਾ ਸਿਟੀ ਦੇ ਕੌਂਸਲ ਮੈਂਬਰ ਤੇਜ ਮਾਨ, ਉਘੇ ਸਿੱਖ ਵਿਦਵਾਨ ਡਾ. ਓਕਾਰ ਸਿੰਘ ਬਿੰਦਰਾ, ਉਘੇ ਬਿਜਨਸਮੈਨ ਦਲਜੀਤ ਸਿੰਘ ਸੰਧੂ ਭਾਈਕਾ, ਉਘੇ ਸਮਾਜ ਸੇਵਕ ਹੰਸ ਰਾਜ ਕਾਜਲਾ, ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਚੇਅਰਮੈਨ ਜੱਸੀ ਬੰਗਾ, ਗਦਰ ਲਹਿਰ ਨੂੰ ਸਮਰਪਿਤ ਚਰਨ ਸਿੰਘ ਗ੍ਰਾਹਮ, ਨਰਿੰਦਰ ਪਾਲ ਸਿੰਘ ਹੁੰਦਲ (ਇੰਡੋ-ਅਮੈਰਿਕਨ ਟਾਈਮਜ਼ ਦੇ ਸੰਪਾਦਕ) ਅਤੇ ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ ਅੰਬੇਦਕਰ ਟਾਈਮਜ ਤੇ ਦੇਸ਼ ਦੁਆਬਾ) ਤੋਂ ਇਲਾਵਾ ਪੰਜਾਬ ਤੋਂ ਆਏ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਆਦਿ ਨੇ ਆਪੋ-ਆਪਣੇ ਵਿਚਾਰ ਪ੍ਰਗਟ ਕਰਦਿਆਂ ਸਵਰਗੀ ਸ੍ਰੀ ਲਾਹੌਰੀ ਰਾਮ ਜੀ ਦੇ ਜੀਵਨ ਅਤੇ ਕੰਮਾਂ 'ਤੇ ਚਾਨਣਾ ਪਾਇਆ। ਅੱਜ ਦੇ ਇਸ ਵਿਸ਼ੇਸ਼ ਸਮਾਗਮ ਮੌਕੇ ਸਵਰਗੀ ਸ੍ਰੀ ਲਾਹੌਰੀ ਰਾਮ ਜੀ ਦੀ ਸੁਪਤਨੀ ਤੇ ਲੜਕੀ ਤੇ ਦੋਵੇਂ ਸਪੁੱਤਰ ਸਰਵ ਸ਼੍ਰੀ ਜੈਕ ਰਾਮ ਅਤੇ ਅਜੇਪਾਲ ਰਾਮ ਪਰਿਵਾਰ ਸਮੇਤ ਉਚੇਚੇ ਤੌਰ ਤੇ ਹਾਜ਼ਰ ਸਨ। ਇੰਡਸ ਵੈਲੀ ਅਮੈਰਿਕਨ ਚੈਂਬਰ ਆਫ ਕਾਮਰਸ ਦੇ ਪ੍ਰਧਾਨ ਸ੍ਰੀ ਗੈਰੀ ਸਿੱਧੂ ਨੇ ਸਵਰਗੀ ਸ੍ਰੀ ਲਾਹੌਰੀ ਰਾਮ ਜੀ ਦੀ ਪੰਜਾਬੀ ਭਾਈਚਾਰੇ ਵਿਚ ਖਾਸ ਸ਼ਖਸੀਅਤ ਵਜੋਂ ਜਾਣਕਾਰੀ ਮੁਹੱਈਆ ਕਰਾਉਂਦਿਆਂ ਉਹਨਾਂ ਦੇ ਸਮੂਹ ਪਰਿਵਾਰ ਦਾ ਵਿਸ਼ੇਸ਼ ਪਲੈਕ ਨਾਲ ਸਨਮਾਨ ਕੀਤਾ। ਸਟੇਜ ਦਾ ਸੰਚਾਲਨ ਸੁਖਚੈਨ ਸਿੰਘ ਨੇ ਕੀਤਾ।

# Raja SWEETS & CATERING
AUTHORIZED CATERER FOR MAJOR 5-STAR HOTELS







**Raja Items Serving**
- ALL KINDS OF SWEETS
- SNACKS
- CHAAT STALL
- NORTH INDIAN CUISINE
- FLUDA KULFI STALL
- ON SITE TANDOOR

**Raja Catering Service**
- WEDDING CEREMONIES
- RECEPTIONS
- BIRTHADAY PARTIES
- RELIGIOUS GATHERINGS
- CORPORATE EVENTS
- PICNICS / BAR-B-QUE

**Raja Additional Service**
- WARMERS
- CHAFFING DISHES
- CHINA & SILVERWARE
- LINEN RENTAL
- WAITERS
- BARTENDERS

Contact us
Raja Sweets & Catering
Work (510)489-9100 • Cell (510)715-1619
msbains@rajasweets.com • www.rajasweets.com
www.facebook.com/rajasweetsandcatering
www.twitter.com/RAJASWEETS



# INDIA BAZAAR




## Indian, Pakistani & Fijjian Groceries
We are open 7 DAYS A WEEK TIME : 9:00 A.M. TO 8:30 P.M.
WE ACCEPT FOOD STAMPS
RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (209) 594-8473 Ph: (209) 478-0285 Fax : (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।
Email: indiabazaar08@yahoo.com
1304-E HAMMER LANE, Suite 12, STOCKTON CA, 95210



# INDIA MARKET
SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ
ਗਰੋਸਰੀ ਲਈ ਸੇਵਾ ਦਾ ਮੌਕਾ ਦਿਓ


ਭਾਰਤ ਦੇ ਆਜ਼ਾਦੀ ਦਿਵਸ ਤੇ ਇੰਡੀਆ ਮਾਰਕੀਟ ਵੱਲੋਂ ਫਰੀ ਚਾਟ ਦੀ ਸਟਾਲ ਲਗਾਈ ਗਈ

Chaat Plate Only for $2.99

Chaat Papdi. Samosa Chaat. Pani Puri. Dahi Vada. Bhel Puri Chaat

Music, Fabric, Artificial Jewelry, Sweets, Fresh Vegetables & more

We have the largest collection for Indian, Fijian & Pakistani Grocery



The Threading queen
threading & HEENA TATTOOS
We accept EBT cards
Call for appointment
(916) 297-0150, (916) 316-8199

Eyebrow Threading & Henna Tattoo (each hand)
Only for $ 5.00
(Regular $ 8.00)
Walk In Welcome
Mon-Sat 10am to 7 pm

1265 Pleasant Grove Blvd. # 100 Roseville, CA 95747 916-786-7666
5203 Elkhorn Blvd.Sacramento, CA 95842 916-338-5511



# Kash FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ

## ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ
ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ
ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ,
ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ
ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ
ਸਮਾਨ ਅਸੀਂ ਯੂ.ਪੀ.ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

# KASH FABRICS
ONE STOP SHOPPING CENTER
29576 Mission Blvd, Hayward, CA 94544
Visit us on the Web at www.kashfabrics.com
Phone: 510-538-1138